ਵਤਨ -10
ਅਕਤੂਬਰ / ਨਵੰਬਰ/ ਦਸੰਬਰ 1991
October/November/December 1991

# ਵਤਨ

ਸਾਰੇ ਧਰਮ ਕੁੱਝ ਖਾਸ ਕਿਸਮ ਦੇ ਸਮਾਜਿਕ ਰਿਵਾਜ ਅਤੇ ਸਿਆਸੀ ਵਿਚਾਰ ਤੁਹਾਡੇ ਮਨ ਵਿਚ ਭਰਦੇ ਹਨ। ਵਿਆਹ ਸ਼ਾਦੀਆਂ ਦੇ ਕੁੱਝ ਕਾਨੂੰਨਾਂ ਨਾਲ ਆਪਣੀ ਸਹਿਮਤੀ ਪ੍ਰਗਟਾਉਂਦੇ ਹਨ ਅਤੇ ਕਈ ਕਿਸਮ ਦੇ ਭੋਜਨ ਖਾਣ ਤੋਂ ਵਰਜਦੇ ਹਨ। ਉਹ ਕਈ ਕਿਸਮ ਦੇ ਧਾਰਮਿਕ ਰੀਤੀ ਰਿਵਾਜਾਂ ਅਤੇ ਜਸ਼ਨਾਂ ਦੇ ਮਨਾਉਣ ਦੀ ਜ਼ੋਰ ਸ਼ੋਰ ਨਾਲ ਪ੍ਰੇਰਣਾ ਕਰਦੇ ਹਨ। ਪੁਰਾਣੇ ਧਰਮਾਂ ਦੇ ਨਾਲ ਜੁੜੀਆਂ ਹੋਈਆਂ ਇਨ੍ਹਾਂ ਚੀਜਾਂ ਨੂੰ ਲਾਜ਼ਮੀ ਤੌਰ ਤੇ ਅਜੋਕੇ ਵਿਗਿਆਨ ਅਤੇ ਤਰਕਸ਼ੀਲਤਾ ਦੇ ਪੱਖ ਤੋਂ ਘੋਖਿਆ ਜਾਣਾ ਚਾਹੀਦਾ ਹੈ। ਪੁਰਾਣੇ ਗੁਰੂਆਂ ਪੀਰਾਂ ਦੀਆਂ ਸਾਰੀਆਂ ਗੱਲਾਂ ਅੱਜ ਦੇ ਯੁੱਗ ਵਿਚ ਨਹੀ ਅਪਣਾਈਆਂ ਜਾ ਸਕਦੀਆਂ। ਅੱਜ ਦੇ ਸਮੇਂ ਵਿਚ ਕਿਸੇ ਨੂੰ ਤਲਾਕ ਲੈਣ ਤੋਂ ਰੋਕਣਾ ਜਾਂ ਸੂਰ ਜਾਂ ਮੱਛੀ ਦਾ ਮਾਸ ਖਾਣ ਤੋਂ ਰੋਕਣਾ ਜਾਂ ਬਹੁਤੇ ਵਿਆਹ ਕਰਨ ਦੀ ਇਜਾਜ਼ਤ ਦੇਣੀ ਆਦਿ ਗੱਲਾਂ ਸਿਰਫ ਇਸੇ ਕਰਕੇ ਨਹੀਂ ਕਰ ਸਕਦੇ ਕਿ ਬਹੁਤ ਸਮਾਂ ਪਹਿਲਾਂ ਇਨ੍ਹਾਂ ਗੱਲਾਂ ਬਾਰੇ ਕਿਸੇ ਧਾਰਮਿਕ ਮਹੱਤਤਾ ਰੱਖਣ ਵਾਲੇ ਗੁਰੂ ਪੀਰ ਨੇ ਆਪਣੇ ਵਿਚਾਰ ਪ੍ਰਗਟਾਏ ਸਨ। ਅਜਿਹੇ ਸਮਾਜਿਕ ਰਿਵਾਜ ਸਮੇਂ ਦੇ ਨਾਲ ਨਾਲ ਬਦਲਦੇ ਰਹਿਣੇ ਚਾਹੀਦੇ ਹਨ। ਇਸ ਲਈ ਇਨ੍ਹਾਂ ਸਵਾਲਾਂ ਬਾਰੇ ਆਪਣੇ ਤਰੀਕੇ ਨਾਲ ਸੋਚੋ ...

- ਪੰਜਾਬੀ ਬੁੱਧੀਜੀਵੀ ਲਾਲਾ ਹਰਦਿਆਲ (1930)

ਪੰਜਾਬੀ ਬੋਲੀ, ਸਾਹਿਤ ਅਤੇ
ਸਭਿਆਚਾਰ ਦਾ ਤ੍ਰੈਮਾਸਕ

ਕੀਮਤ ਤਿੰਨ ਡਾਲਰ
Price $3.00

# ਸੰਪਾਦਕੀ

## ਇਕ ਇਤਿਹਾਸਿਕ ਸਿਆਸੀ ਜਿੱਤ

ਅੱਜ ਕੈਨੇਡਾ, ਅਮਰੀਕਾ ਦੇ ਹਰ ਹਿੱਸੇ ਵਿਚ ਅਤੇ ਇਥੋਂ ਦੇ ਜੀਵਨ ਦੀ ਹਰ ਸਰਗਰਮੀ ਵਿਚ ਭਾਰਤੀ ਪਿਛੋਕੜ ਵਾਲੇ ਲੋਕ ਮਿਲਦੇ ਹਨ। ਸਾਡੇ ਇਥੋਂ ਦੇ ਸ਼ਾਨਦਾਰ ਇਤਿਹਾਸ ਦੀ ਸ਼ੁਰੂਆਤ ਬਰਿਟਿਸ਼ ਕੋਲੰਬੀਆ ਵਿਚ ਹੋਈ। ਉਤਰੀ ਅਮਰੀਕਾ ਵਿਚ ਉਸਾਰਿਆ ਗਿਆ ਪਹਿਲਾ ਗੁਰਦੁਆਰਾ ਵੈਨਕੂਵਰ ਵਿਚ ਸੀ ਜੋ ਅੱਧੀ ਸਦੀ ਤੋਂ ਵੀ ਉਪਰ ਸਮੇਂ ਤੱਕ ਇਕ ਧਾਰਮਿਕ ਕੇਂਦਰ ਨਾਲੋਂ ਵੱਧ ਸਮੁੱਚੀ ਕਮਿਊਨਿਟੀ ਦੇ ਮਹੱਤਵਪੂਰਨ ਸਿਆਸੀ ਤੇ ਸਭਿਆਚਾਰਕ ਘੋਲਾਂ ਦਾ ਕੇਂਦਰ ਬਣਿਆ ਰਿਹਾ। ਇਥੇ ਆਪਣੀ ਥਾਂ ਬਣਾਉਣ ਲਈ ਅਤੇ ਸਾਡੇ ਰੰਗ, ਧਰਮ ਤੇ ਦੇਸ ਵਿਰੁੱਧ ਵਿਤਕਰੇ ਨੂੰ ਹਟਾਉਣ ਲਈ ਚਲਦੀ ਜਦੋਜਹਿਦ ਭਾਵੇਂ ਅਜੇ ਖਤਮ ਨਹੀਂ ਹੋਈ ਪਰ ਇਹ ਸਮੇਂ ਸਮੇਂ ਨਵੀਂ ਸੇਧ ਤੇ ਸ਼ਕਤੀ ਗ੍ਰਹਿਣ ਕਰਦੀ ਰਹਿੰਦੀ ਹੈ। ਹੁਣੇ ਹੁਣੇ ਸਾਡੀ ਕਮਿਊਨਿਟੀ ਦੀ ਇਸ ਜਦੋਜਹਿਦ ਨੇ ਇਕ ਨਵਾਂ ਮੋੜ ਕੱਟਿਆ ਹੈ। ਸਾਡੇ ਲਈ ਇਹ ਇਕ ਬਹੁਤ ਖ਼ੁਸ਼ੀ ਤੇ ਮਾਣ ਵਾਲੀ ਗੱਲ ਹੈ ਕਿ ਬਰਿਟਿਸ਼ ਕੋਲੰਬੀਆ ਸੂਬੇ ਦੀ 17 ਅਕਤੂਬਰ 1991 ਨੂੰ ਹੋਈ ਚੋਣ ਵਿਚ ਭਾਰਤੀ ਪਿਛੋਕੜ ਦੇ ਚਾਰ ਐਮ ਐਲ ਏ ਚੁਣੇ ਗਏ ਹਨ। ਵੈਨਕੂਵਰ ਦੇ ਇਲਾਕੇ ਵਿਚੋਂ ਸ੍ਰੀ ਉਜਲ ਦੋਸਾਂਝ, ਵਿਕਟੋਰੀਆ ਦੇ ਇਲਾਕੇ ਵਿਚੋਂ ਸ੍ਰੀ ਮੋਅ ਸਹੋਤਾ, ਲਿਲੂਅਟ ਤੋਂ ਸ੍ਰੀ ਹਰਭਜਨ ਲਾਲੀ ਅਤੇ ਕਲੋਨਾ ਤੋਂ ਸ੍ਰੀਮਤੀ ਜੂਡੀ ਤਿਆਬਜੀ ਜਿੱਤੇ ਹਨ। ਇਹਨਾਂ ਚੌਹਾਂ ਵਿਚੋਂ ਤਿੰਨਾਂ ਦਾ ਪੰਜਾਬੀ ਹੋਣਾ ਵੀ ਸਾਡੇ ਲਈ ਘੱਟ ਮਾਣ ਵਾਲੀ ਗੱਲ ਨਹੀਂ ਹੈ। ਪਹਿਲੇ ਤਿੰਨ ਇਥੋਂ ਦੀ ਸਿਆਸਤ ਦੀ ਖੱਬੇ ਧਿਰ ਦੀ ਪਾਰਟੀ ਐਨ ਡੀ ਪੀ ਵਲੋਂ ਜਿੱਤੇ ਹਨ ਤੇ ਕਲੋਨਾ ਦੀ ਉਮੀਦਵਾਰ ਲਿਬਰਲ ਪਾਰਟੀ ਵਲੋਂ ਜਿੱਤੀ ਹੈ। ਸ੍ਰੀ ਮੋਅ ਸਹੋਤਾ ਦੂਜੀ ਵਾਰ ਚੋਣ ਜਿੱਤੇ ਹਨ ਅਤੇ ਅੱਜ ਕੱਲ ਲੇਬਰ ਮਨਿਸਟਰ ਦੇ ਅਹੁਦੇ ਤੇ ਹਨ। ਕੈਨੇਡਾ ਵਿਚ ਐਮ ਐਲ ਏ ਚੁਣੇ ਜਾਣ ਵਾਲੇ ਭਾਰਤੀ ਪਿਛੋਕੜ ਦੇ ਉਹ ਪਹਿਲੇ ਵਿਅਕਤੀ ਸਨ।

ਇਸ ਵਿਚ ਕੋਈ ਸ਼ੱਕ ਨਹੀਂ ਕਿ ਇਹ ਜਿੱਤ ਇਹਨਾਂ ਵਿਅਕਤੀਆਂ ਦੇ ਨਿੱਜੀ ਜੀਵਨ ਦੀ ਇਕ ਅਹਿਮ ਘਟਨਾ ਹੈ ਅਤੇ ਅਸੀਂ ਇਹਨਾਂ ਸਭਨਾਂ ਨੂੰ ਵਧਾਈ ਪੇਸ਼ ਕਰਦੇ ਹਾਂ। ਨਾਲ ਹੀ ਇਹ ਜਿੱਤ ਸਾਡੀ ਸਮੁੱਚੀ ਕਮਿਊਨਿਟੀ ਦੇ ਜੀਵਨ ਵਿਚ ਵੀ ਇਕ ਬਹੁਤ ਮਹੱਤਵਪੂਰਨ ਇਤਿਹਾਸਕ ਘਟਨਾ ਹੈ। ਅਸੀਂ ਸੱਭ ਉਹਨਾਂ ਸਿਆਸੀ ਕਾਮਿਆਂ ਨੂੰ ਵਧਾਈ ਪੇਸ਼ ਕਰਦੇ ਹਾਂ ਜਿਹਨਾਂ ਨੇ ਇਸ ਕੰਮ ਲਈ ਆਪਣਾ ਸਮਾਂ ਤੇ ਸ਼ਕਤੀ ਲਾਈ। ਇਹ ਜਿੱਤ ਸਾਡੀ ਕਮਿਊਨਿਟੀ ਵਿਚਲੀਆਂ ਸੈਕੂਲਰ ਸ਼ਕਤੀਆਂ ਦੀ ਜਿੱਤ ਹੈ। ਇਸ ਨਾਲ ਕਮਿਊਨਿਟੀ ਦੀ ਸਿਆਸੀ ਸੇਧ ਵਿਚ ਨਵਾਂ ਦੌਰ ਸ਼ੁਰੂ ਹੁੰਦਾ ਹੈ ਜੋ ਯਕੀਨਨ ਸਾਡੇ ਲਈ ਖ਼ੁਸ਼ਗਵਾਰ ਸਿੱਟੇ ਕੱਢੇਗਾ।

ਇਕ ਕਮਿਊਨਿਟੀ ਦੇ ਤੌਰ ਤੇ ਸਾਨੂੰ ਇਸ ਜਿੱਤ ਦੀ ਖ਼ੁਸ਼ੀ ਮਨਾਉਣ ਦੇ ਨਾਲ ਨਾਲ ਇਸ ਦਾ ਸਮੁੱਚੀ ਕਮਿਊਨਿਟੀ ਲਈ ਸਹੀ ਪ੍ਰਯੋਗ ਕਰਨ ਬਾਰੇ ਵੀ ਸੋਚਣਾ ਚਾਹੀਦਾ ਹੈ। ਸਾਨੂੰ ਸਾਂਝੇ ਤੌਰ ਤੇ ਦੇਖਣਾ ਚਾਹੀਦਾ ਹੈ ਕਿ ਅਸੀਂ ਆਪਣੇ ਆਪ ਨੂੰ ਇਸ ਸਮਾਜ ਵਿਚ ਇਕ ਸ਼ਕਤੀਸ਼ਾਲੀ ਸਿਆਸੀ ਤੇ ਸਭਿਆਚਾਰਕ ਤਾਕਤ ਵਜੋਂ ਕਿਵੇਂ ਸਥਾਪਤ ਕਰ ਸਕਦੇ ਹਾਂ। ਸੂਝ ਰੱਖਣ ਵਾਲੇ ਲੋਕ ਕਾਫੀ ਦੇਰ ਤੋਂ ਇਹ ਮਹਿਸੂਸ ਕਰਦੇ ਆ ਰਹੇ ਹਨ ਕਿ ਸਾਡਾ ਕੋਈ ਆਪਣਾ ਸੈਕੂਲਰ ਲੀਹਾਂ ਤੇ ਅਧਾਰਤ ਸਭਿਆਚਾਰਕ ਕੇਂਦਰ ਹੋਣਾ ਚਾਹੀਦਾ ਹੈ। ਪਿਛਲੇ ਤਿੰਨ ਚਾਰ ਦਹਾਕਿਆਂ ਤੋਂ ਜਦੋਂ ਤੋਂ ਆਪਣੀ ਕਮਿਊਨਿਟੀ ਆਕਾਰ ਅਤੇ ਵੰਨਗੀ ਵਿਚ ਵੱਧਣੀ ਸ਼ੁਰੂ ਹੋਈ ਹੈ ਤਾਂ ਇਹ ਗੱਲ ਖਾਸਕਰ ਮਹਿਸੂਸ ਹੁੰਦੀ ਆ ਰਹੀ ਹੈ ਕਿਉਂਕਿ ਜੋ ਸੰਸਥਾਵਾਂ ਜਾਂ ਕੇਂਦਰ ਪਹਿਲੀਆਂ ਵਿਚ ਸਮੁੱਚੀ ਕਮਿਊਨਿਟੀ ਦੀ ਪ੍ਰਤੀਨਿੱਧਤਾ ਕਰਦੇ ਸਨ ਹੁਣ ਉਹ ਅਜਿਹਾ ਕਰਨ ਦੀ ਸਥਿਤੀ ਵਿਚ ਨਹੀਂ ਹਨ। ਇਸ ਕਰਕੇ ਹੁਣ ਲਾਜ਼ਮੀ ਹੈ ਕਿ ਬਦਲਦੀਆਂ ਸਥਿਤੀਆਂ ਨਾਲ ਬਦਲਿਆ ਜਾਵੇ। ਦੂਜੀਆਂ ਕਮਿਊਨਿਟੀਆਂ ਨਾਲ ਮੁਕਾਬਲਾ ਕਰਨ ਤੇ ਵੀ ਇਹ ਘਾਟ ਸਾਨੂੰ ਹਮੇਸ਼ਾਂ ਰੜਕਦੀ ਹੈ। ਇਸ ਕੇਂਦਰ ਦੀ ਅਣਹੋਂਦ ਕਰਕੇ ਸਾਡੀ ਕਮਿਊਨਿਟੀ ਦੀ ਕੋਈ ਠੋਸ ਸਿਆਸੀ ਸ਼ਕਤੀ ਨਹੀਂ ਹੈ। ਇਸੇ ਅਣਹੋਂਦ ਕਾਰਨ ਸਾਡੇ ਸਭਿਆਚਾਰ ਦੇ ਮਹੱਤਵਪੂਰਨ ਪਹਿਲੂਆਂ - ਬੋਲੀ, ਸਾਹਿਤ, ਨਾਟਕ, ਸੰਗੀਤ, ਲੋਕਨਾਚ ਆਦਿ ਲਈ ਹੁੰਦੀਆਂ ਅਨੇਕਾਂ ਸੁਹਿਰਦ ਕੋਸ਼ਿਸ਼ਾਂ ਦੇ ਨਤੀਜੇ ਆਸ਼ਾ ਅਨੁਸਾਰ ਨਹੀਂ ਨਿਕਲਦੇ ਤੇ ਨਾ ਹੀ ਅਸੀਂ ਇਥੋਂ ਦੇ ਬਹੁ-ਸਭਿਆਚਾਰਕ ਸਮਾਜ ਵਿਚ ਪ੍ਰਾਪਤ ਸੁਵਿਧਾਵਾਂ ਦਾ ਸਹੀ ਪ੍ਰਯੋਗ ਕਰ ਸਕਦੇ ਹਾਂ। ਸਾਡਾ ਵਿਚਾਰ ਹੈ ਕਿ ਇਹ ਇਕ ਸੁਨਿਹਰੀ ਮੌਕਾ ਹੈ ਕਿ ਕਮਿਊਨਿਟੀ ਵਿਚੋਂ ਚੁਣੇ ਗਏ ਸਿਆਸੀ ਨੁਮਾਇੰਦਿਆਂ ਤੋਂ ਸਹਾਇਤਾ ਲੈ ਕੇ ਕੇਂਦਰ ਉਸਾਰਨ ਦਾ ਕੰਮ ਕੀਤਾ ਜਾਵੇ। ਚੁਣੇ ਗਏ ਆਗੂਆਂ ਦਾ ਵੀ ਫਰਜ ਬਣਦਾ ਹੈ ਕਿ ਕਮਿਊਨਿਟੀ ਨੂੰ ਯੋਗ ਅਗਵਾਹੀ ਦੇ ਕੇ ਸਾਂਝਾ ਕੇਂਦਰ ਉਸਾਰਨ ਦੇ ਕੰਮ ਵਿਚ ਆਪਣਾ ਬਣਦਾ ਇਤਿਹਾਸਕ ਯੋਗਦਾਨ ਪਾਉਣ। ਸਾਡੀਆਂ ਅਗਲੀਆਂ ਪੀੜ੍ਹੀਆਂ ਨੇ ਉਹਨਾਂ ਨੂੰ ਸਿਰਫ ਇਸ ਲਈ ਯਾਦ ਨਹੀਂ ਰੱਖਣਾ ਕਿ ਉਹ ਚੁਣੇ ਗਏ ਸਨ ਸਗੋਂ ਚੁਣੇ ਜਾਣ ਬਾਅਦ ਕਮਿਊਨਿਟੀ ਦੀ ਉਸਾਰੀ ਲਈ ਪਾਏ ਯੋਗਦਾਨ ਕਰਕੇ ਯਾਦ ਰੱਖਣਾ ਹੈ।

## ਵਤਨ ਦੇ 'ਕੈਨੇਡੀਅਨ ਪੰਜਾਬੀ ਰੰਗਮੰਚ ਵਿਸ਼ੇਸ਼ ਅੰਕ' ਦੇ ਪ੍ਰਤੀਕਰਮ ਬਾਰੇ:

ਸਾਨੂੰ ਇਸ ਗੱਲ ਦੀ ਬਹੁਤ ਖ਼ੁਸ਼ੀ ਹੈ ਕਿ ਵਤਨ ਦੇ ਵਿਸ਼ੇਸ਼ ਅੰਕ ਨੂੰ ਪਾਠਕਾਂ ਵਲੋਂ ਭਰਵਾਂ ਹੁੰਗਾਰਾ ਮਿਲਿਆ ਹੈ। ਅਸੀਂ ਸਮਝਦੇ ਹਾਂ ਕਿ ਪਾਠਕਾਂ ਵਲੋਂ ਵਿਖਾਈ ਖ਼ੁਸ਼ੀ ਸਿਰਫ ਵਤਨ ਬਾਰੇ ਨਹੀਂ ਹੈ ਸਗੋਂ ਸਮੁੱਚੇ ਕੈਨੇਡੀਅਨ ਰੰਗਮੰਚ ਬਾਰੇ ਹੈ ਤੇ ਇਸ ਸਰਗਰਮੀ ਨਾਲ ਬੱਝੇ ਹਰ ਵਿਅਕਤੀ ਲਈ ਇਹ ਮਾਣ ਤੇ ਖ਼ੁਸ਼ੀ ਦੀ ਗੱਲ ਹੈ। ਸਾਨੂੰ ਮਿਲੇ ਖੱਤਾਂ ਤੋਂ ਬਿਨ੍ਹਾਂ ਇਸ ਅੰਕ ਸੰਬੰਧੀ ਅਖਬਾਰਾਂ ਤੇ ਮੈਗਜ਼ੀਨਾਂ ਵਿਚ ਵੀ ਜ਼ਿਕਰ ਹੋਇਆ ਹੈ। ਵਤਨ ਲਈ ਤੇ ਕੈਨੇਡਾ ਦੇ ਸਮੁੱਚੇ ਰੰਗ ਕਰਮੀਆਂ ਲਈ ਸ਼ਾਇਦ ਸੱਭ ਤੋਂ ਵੱਧ ਮਾਣ ਵਾਲੀ ਗੱਲ ਹੈ ਕਿ 'ਪੰਜਾਬੀ ਨਾਟਕ ਅਤੇ ਥੀਏਟਰ ਦੀ ਪੁਸਤਕ-ਲੜੀ' <u>ਮੰਚਣ</u> ਦੇ ਨੰਬਰ 19 ਵਿਚ ਵਤਨ ਦੇ ਵਿਸ਼ੇਸ਼ ਅੰਕ ਬਾਰੇ ਸੰਪਾਦਕੀ ਲਿਖਿਆ ਗਿਆ।

- ਦੋਸਤ ਅਜਮੇਰ ਰੋਡੇ ਨੇ ਆਪਣੇ ਖੱਤ ਵਿਚ ਕੁਝ ਨੁਕਤੇ ਸਾਡੇ ਸੱਭ ਦੇ ਵਿਚਾਰਨ ਲਈ ਉਠਾਏ ਹਨ। ਅਸੀਂ ਉਹਨਾਂ ਦੀ ਗੰਭੀਰਤਾ ਨੂੰ ਮੰਨਦਿਆਂ ਉਹਨਾਂ ਬਾਰੇ ਆਪਣਾ ਪ੍ਰਤੀਕਰਮ ਦੇ ਰਹੇ ਹਾਂ। ਇਕ, ਉਹਨਾਂ ਸੱਥ ਵਲੋਂ ਸੇਧ ਤੇ ਜ਼ਿਆਦਾ ਜੋਰ ਦੇਣ ਦੀ ਅਲੋਚਨਾ ਕੀਤੀ ਹੈ; ਦੂਜਾ ਉਹਨੀ ਕਿਹਾ ਹੈ ਕਿ 'ਕਲਾ ਕਲਾ ਲਈ' ਜਾਂ 'ਕਲਾ ਜੀਵਨ ਲਈ' 'ਨਿਰਮੂਲ ਕਲੀਸ਼ੇ ਹਨ'; ਤੀਜਾ ਨੁਕਤਾ ਉਹਨਾਂ ਦਾ ਹੈ ਕਿ ਇਹ ਬਹਿਸ 'ਰੰਗਮੰਚ ਵਿਚ ਕਲਾ ਦੀ ਮਹੱਤਤਾ' ਬਾਰੇ ਹੈ। ਅਸੀਂ ਉਹਨਾਂ ਦੇ ਵਿਚਾਰਾਂ ਦੀ ਕਦਰ ਕਰਦੇ ਹੋਏ ਇਹਨਾਂ ਤਿੰਨਾਂ ਹੀ ਗੱਲਾਂ ਬਾਰੇ ਉਹਨਾਂ ਨਾਲ ਅਸਿਹਮਤੀ ਪ੍ਰਗਟ ਕਰਦੇ ਹਾਂ। ਸਾਡੇ ਖਿਆਲ ਵਿਚ ਇਹ ਸੰਭਵ ਹੈ ਕਿ ਸੇਧ ਦਾ ਐਲਾਨ ਨਾ ਕਰਨਾ ਵੀ ਇਕ ਵੱਡਾ ਕਾਰਨ ਹੈ ਕਿ ਦੂਜੀਆਂ ਕਈ ਸੰਸਥਾਵਾਂ ਸੁਹਿਰਦ ਵਿਅਕਤੀਆਂ ਦੀਆਂ ਕੋਸ਼ਿਸ਼ਾਂ ਦੇ ਬਾਵਜੂਦ ਵੀ ਇਕ ਦੋ ਨਾਟਕਾਂ ਤੋਂ ਵਾਧੂ ਸਰਗਰਮੀਆਂ ਨਹੀਂ ਕਰ ਸਕੀਆਂ। ਦੂਜੇ ਉਹਨਾਂ ਦੇ ਕਲਾ ਸੰਬੰਧੀ ਨੁਕਤੇ ਬਾਰੇ ਵੀ ਸਾਡਾ ਵਿਚਾਰ ਹੈ ਕਿ ਨਾ ਤਾਂ ਇਹ ਗੱਲਾਂ ਸਿਰਫ 'ਕਲੀਸ਼ੇ' ਹਨ ਤੇ ਨਾ ਹੀ ਇਹ 'ਨਿਰਮੂਲ' ਹਨ। ਅੰਤਰ-ਰਾਸ਼ਟਰੀ ਪੱਧਰ ਤੇ ਤੇਜ਼ੀ ਨਾਲ ਬਦਲ ਰਹੀ ਸਥਿਤੀ ਨੇ, ਜਦ ਕਿ ਸਾਰੀ ਦੀ ਸਾਰੀ ਤਾਕਤ ਪੂੰਜੀਵਾਦੀ ਹੱਥਾਂ ਵਿਚ ਕੱਠੀ ਹੋ ਰਹੀ ਹੈ, ਸਾਨੂੰ ਮੁੜ ਇਹਨਾਂ ਮਸਲਿਆਂ ਬਾਰੇ ਬੜੀ ਛੇਤੀ ਗੰਭੀਰਤਾ ਨਾਲ ਸੋਚਣ ਲਈ ਮਜਬੂਰ ਕਰ ਦੇਣਾ ਹੈ। ਉਹਨਾਂ ਦੇ ਤੀਜੇ ਨੁਕਤੇ ਬਾਰੇ ਅਸੀਂ ਫੇਰ ਉਹਨਾਂ ਨੂੰ ਸੁਝਾਅ ਦਿਆਂਗੇ ਕਿ ਬਹਿਸ ਰੰਗਮੰਚ ਵਿਚ ਕਲਾ ਦੀ ਮਹੱਤਤਾ ਬਾਰੇ ਨਹੀਂ ਹੈ। ਕਲਾ ਦੀ ਮਹੱਤਤਾ ਤੋਂ ਕਿਸੇ ਨੂੰ ਵੀ ਇਨਕਾਰ ਨਹੀਂ ਹੈ। ਬਹਿਸ ਤਾਂ ਇਸ ਗੱਲ ਬਾਰੇ ਹੈ ਕਿ ਅਜੋਕੇ ਸਮੇਂ ਤੁਹਾਡੇ ਸਭਿਆਚਾਰ ਦੀਆਂ ਕੀ ਲੋੜਾਂ ਹਨ ਅਤੇ ਤੁਸੀਂ ਆਪਣੀ ਸ਼ਕਤੀ ਤੇ ਯੋਗਤਾ ਦੇ ਆਧਾਰ 'ਤੇ ਕੀ ਕਰਨ ਦੀ ਸਮਰੱਥਾ ਰੱਖਦੇ ਹੋ। ਚੰਗਾ ਹੁੰਦਾ ਜੇ ਅਜਮੇਰ ਹੁਰੀਂ ਬਹਿਸ ਨੂੰ ਅੱਗੇ ਤੋਰਦੇ, ਕਲਾ ਦੀ ਮਹੱਤਤਾ ਬਾਰੇ ਨੁਕਤੇ ਨੂੰ ਉਹ ਬਹੁਤ ਵਾਰ ਇਸੇ ਨਜ਼ਰੀਏ ਤੋਂ ਪੇਸ਼ ਕਰ ਚੁੱਕੇ ਹਨ।

ਰੰਗਮੰਚ ਸੰਬੰਧੀ ਇਹ ਮਸਲੇ ਸਿਰਫ ਵੈਨਕੂਵਰ ਸੱਥ ਜਾਂ ਅਜਮੇਰ ਰੋਡੇ ਨਾਲ ਹੀ ਸੰਬੰਧਤ ਨਹੀਂ ਹਨ। ਇਹ ਸਾਡੇ ਸੱਭ ਦੇ ਮਸਲੇ ਹਨ ਅਤੇ ਸਾਨੂੰ ਆਸ ਤਾਂ ਸੀ ਕਿ ਰੰਗਮੰਚ ਵਿਚ ਸਰਗਰਮ ਦੂਜੇ ਲੋਕ ਵੀ ਇਸ ਬਹਿਸ ਵਿਚ ਸ਼ਾਮਲ ਹੋਣਗੇ। ਪਰ ਸੰਭਵ ਹੈ ਕਿ ਦੂਜੇ ਲੋਕ ਇਹਨਾਂ ਗੱਲਾਂ ਨੂੰ ਫ਼ਜ਼ੂਲ ਸਮਝਦੇ ਹੋਣ। ਜੇ ਅਜਿਹਾ ਹੋਇਆ ਤਾਂ ਇਹ ਸਾਡੇ ਸੱਭ ਲਈ ਬਹੁਤ ਘਾਟੇ ਵਾਲੀ ਗੱਲ ਹੋਵੇਗੀ। ਅਸੀਂ ਇਕ ਵਾਰ ਫੇਰ ਸੱਭ ਰੰਗਕਰਮੀਆਂ, ਪਾਠਕਾਂ ਤੇ ਦੋਸਤਾਂ ਨੂੰ ਇਹਨਾਂ ਮਸਲਿਆਂ ਬਾਰੇ ਆਪਣੇ ਵਿਚਾਰ ਪੇਸ਼ ਕਰਨ ਦਾ ਸੱਦਾ ਦਿੰਦੇ ਹਾਂ।

- ਮੰਚਣ ਦੇ ਸੰਪਾਦਕੀ ਤੇ ਅਜਮੇਰ ਰੋਡੇ ਦੇ ਖੱਤ ਵਿਚ ਕੈਨੇਡਾ ਦੇ ਲੇਖਕ ਰਵਿੰਦਰ ਰਵੀ ਦੇ ਇਸ ਅੰਕ ਵਿਚੋਂ ਗੈਰ-ਹਾਜ਼ਰ ਹੋਣ ਤੇ ਸਵਾਲ ਉਠਾਇਆ ਗਿਆ ਹੈ। ਇਸ ਸੰਬੰਧੀ ਅਸੀਂ ਇਹ ਕਹਿਣਾ ਚਾਹੁੰਦੇ ਹਾਂ ਕਿ ਇਹ ਅਚੇਤ ਹੋਈ ਭੁੱਲ ਨਹੀਂ ਹੈ। ਸਾਡੇ ਲਈ ਸ਼ਾਇਦ ਸੱਭ ਤੋਂ ਸੁਖਾਲੀ ਗੱਲ ਇਹ ਹੋਣੀ ਸੀ ਕਿ ਅਸੀਂ ਇਕ ਦੋ ਲਾਈਨਾਂ ਵਿਚ ਰਵੀ ਹੋਰਾਂ ਦੇ ਨਾਟਕਾਂ ਦਾ ਜ਼ਿਕਰ ਕਰਕੇ ਆਪਣੇ ਆਪ ਨੂੰ ਵੱਡੇ ਤੇ ਦਰਿਆ ਦਿਲ ਮਹਿਸੂਸ ਕਰਦੇ। ਇਹ ਅੰਕ ਕੈਨੇਡਾ ਦੇ ਰੰਗਮੰਚ ਬਾਰੇ ਸੀ। ਸਾਡੀ ਜਾਣਕਾਰੀ ਮੁਤਾਬਕ ਰਵਿੰਦਰ ਰਵੀ ਦਾ ਇਥੇ ਹੋਈ ਕਿਸੇ ਵੀ ਰੰਗਮੰਚ ਸਰਗਰਮੀ ਵਿਚ ਹਿੱਸਾ ਲੈਣਾ ਤਾਂ ਇਕ ਪਾਸੇ ਰਿਹਾ ਉਹ ਕਦੀ ਕਿਸੇ ਨਾਟਕ ਦੀ ਪੇਸ਼ਕਾਰੀ ਸਮੇਂ ਵੀ ਹਾਜ਼ਰ ਨਹੀਂ ਦੇਖੇ ਸੁਣੇ ਗਏ। ਇਹ ਵੀ ਜ਼ਾਹਿਰ ਹੈ ਕਿ ਉਹ ਖ਼ੁੱਦ ਨੂੰ ਕੈਨੇਡਾ ਦੇ ਰੰਗਮੰਚ ਦਾ ਕਿਸੇ ਤਰ੍ਹਾਂ ਵੀ ਹਿੱਸਾ ਨਹੀਂ ਮੰਨਦੇ, ਨਾ ਹੀ ਉਹ ਕੈਨੇਡਾ ਦੀਆਂ ਇਹਨਾਂ ਗਤੀਵਿਧੀਆਂ ਨੂੰ ਕੋਈ ਮਾਨਤਾ ਦਿੰਦੇ ਹਨ ਜਾਂ ਦੇਣੀ ਚਾਹੁੰਦੇ ਹਨ। ਰਵੀ ਹੋਰੀਂ ਕੈਨੇਡੀਅਨ ਰੰਗਮੰਚ ਦਾ ਹਿੱਸਾ ਹੋਣ ਇਸ ਨਾਲ ਸੱਭ ਤੋਂ ਵੱਧ ਖ਼ੁਸ਼ੀ ਰੰਗ ਕਰਮੀਆਂ ਨੂੰ ਹੀ ਹੋਵੇਗੀ, ਪਰ ਜੇ ਉਹ ਖ਼ੁਦ ਇਸ ਅਦਾਰੇ ਵਿਚ ਆਉਣਾ ਨਹੀਂ ਚਾਹੁੰਦੇ ਤਾਂ ਉਹਨਾਂ ਨੂੰ ਮਜਬੂਰ ਕਰਨ ਦਾ ਕਿਸੇ ਨੂੰ ਕੀ ਹੱਕ ਹੈ? ਇਸਦੇ ਨਾਲ ਹੀ ਸਾਨੂੰ ਕੋਈ ਵਾਧੂ ਵਹਿਮ ਵੀ ਨਹੀਂ ਹੈ, ਸਾਨੂੰ ਇਸ ਗੱਲ ਦਾ ਪੂਰਾ ਅਹਿਸਾਸ ਹੈ ਕਿ ਰਵਿੰਦਰ ਰਵੀ ਦਾ ਜਾਂ ਕਿਸੇ ਵੀ ਹੋਰ ਲੇਖਕ ਦਾ ਸਮੁੱਚੇ ਪੰਜਾਬੀ ਸਾਹਿਤ ਵਿਚ ਜੋ ਸਥਾਨ ਹੈ ਉਹ ਸਾਡੀ ਮਾਨਤਾ ਦਾ ਮੁਥਾਜ ਨਹੀਂ ਹੈ।

ਸਾਲ ਤੀਜਾ/ ਅੰਕ ਦੂਜਾ
ਪਤਝੜ, 1991
ਅਕਤੂਬਰ/ਨਵੰਬਰ/ਦਸੰਬਰ

# ਵਤਨ

**S. 10 Vol. 3, No. 2**
**Fall, 1991**
**Oct./Nov./Dec.**

**WATAN**
**P.O. Box 67681Stn. 'O'**
**Vancouver, B.C. V5W 3V2**

**2nd Class Reg. No. 8753**

ਸੰਪਾਦਕ:
ਸਾਧੂ ਬਿਨਿੰਗ 437-9014
ਸੁਖਵੰਤ ਹੁੰਦਲ 581-3211

ਮੈਨੇਜਿੰਗ ਸੰਪਾਦਕ:
ਅਮਨਪਾਲ ਸਾਰਾ 435-1236

ਸਰਕੂਲੇਸ਼ਨ ਸੰਪਾਦਕ:
ਹਰਜਿੰਦਰ ਸਾਂਗਰਾ
ਅੰਜੂ ਹੁੰਦਲ 581-3211

ਸਹਿਯੋਗੀ
ਰਿਚਮੰਡ
ਪਾਲ ਬਿਨਿੰਗ 279-9081
ਸਰੀ:
ਗੁਰਮੇਲ ਰਾਏ 583-7512
ਐਡਮੰਟਨ:
ਸਤਵੰਤ ਦੀਪਕ 461-1917
ਲਾਟ ਭਿੰਡਰ 435-7469

**Editors:**
Sadhu Binning 437-9014
Sukhwant Hundal 581-3211

**Managing Editor:**
Amanpal Sara 435-1236

**Circulation Editors**
Harjinder Sangra
Anju Hundal 581-3211

**Associates**
**Richmond**
Paul Binning 279-9081
**Surrey:**
Gurmail Rai 583-7512
**Edmonton:**
Satwant Deepak 440-3256
Laat Bhinder 435-7469

| ਇਸ ਅੰਕ ਵਿਚ | ਲੇਖਕ | ਸਫ਼ਾ |
|---|---|---|
| ਸੰਪਾਦਕੀ | | 2 |
| ਕਵਿਤਾ | | |
| | ਰਵਿੰਦਰ ਸਹਿਰਾਅ | 5 |
| | ਭੁਪਿੰਦਰ ਪੁਰੇਵਾਲ | 5 |
| | ਜਸਪਾਲ ਸਿੰਘ ਸੂਸ | 6 |
| | ਮੇਜਰ ਸਿੰਘ ਰਾਏ | 6 |
| | ਮਿੱਤਰ ਰਾਸ਼ਾ | 7 |
| | ਡਾ: ਹਰਜਿੰਦਰ ਲਾਲਟੂ | 7 |
| | ਅਮਰ ਸਿੰਘ ਬੈਨੀਪਾਲ | 8 |
| | ਗੁਰਮੇਲ ਰਾਏ | 8 |
| | ਬਲਵਿੰਦਰ ਸੈਣੀ | 8 |
| ਕਹਾਣੀ | | |
| | ਸ਼ਸ਼ੀ ਸਮੁੰਦਰਾ | 15 |
| | ਮੇਜਰ ਮਾਂਗਟ | 27 |
| ਲੇਖ | | |
| | ਲਾਲਾ ਹਰਦਿਆਲ | 11 |
| | ਸੁਖਵੰਤ ਹੁੰਦਲ | 21 |
| | ਕੇਹਰ ਸ਼ਰੀਫ | 29 |
| | ਅਮਰਜੀਤ ਚੰਦਨ | 31 |
| ਸਥਾਈ ਕਾਲਮ | | |
| | ਪਰਦਾ ਜੋ ਉਠ ਗਿਆ | 9 |
| | ਆਪਣੇ ਲੋਕ | 17 |
| | ਪੁਸਤਕ ਪਰੀਚੇ | 35 |
| | ਤੇ ਤੁਸੀਂ ਲਿਖਿਆ... | 38 |
| | ਸਰਗਰਮੀਆਂ | 42 |

Price: $3:00

Annual Subscription:
Canada & USA
Indiv: $12:00
Institutions: $18:00
Other Countries:18:00

ਵਤਨ ਵਿਚ ਛਪੀਆਂ ਰਚਨਾਵਾਂ ਨਾਲ ਵਤਨ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ, ਵਿਚਾਰ ਲੇਖਕਾਂ ਦੇ ਨਿੱਜੀ ਹਨ। ਵਤਨ ਪਬਲੀਕੇਸ਼ਨ ਦੇ ਪਹਿਲਾਂ ਰਹਿ ਚੁੱਕੇ ਅਤੇ ਮੌਜੂਦਾ ਅਹੁਦੇਦਾਰ ਆਨਰੇਰੀ ਹਨ।

Opinions expressed are of the individual writers and may not necessarily reflect the official policies of Watan.
All officeholders and members of Watan Publication past and present, have been and are honorary associates of Watan.

# When Canadians work together we can take on the world and win.

To succeed in today's world, Canadians must be able to compete because our jobs directly depend upon it. Our competitive edge will secure the prosperity we want for ourselves and our children. Prosperity that's measured not only by productivity but by better jobs, greater opportunities for young Canadians, support for health, social and senior citizen programs - and more.

We can achieve it by investing in our own abilities and being a country that says... yes we can.

## *Yes we can. We've got the proof.*

A look at some of Canada's success stories proves it can be done... with real benefits for individuals, the communities they live in and for Canadian industry.

Hundreds of Canadian companies are achieving remarkable international success. They're creating jobs, developing new skills and opportunities for thousands of Canadians and creating markets around the world for Canadian products.



**CANADAIR GROUP, BOMBARDIER INC.**

St. Laurent, Quebec

*A world leader in aerial firefighting with its renowned water bomber, a major force in business aviation with 250 Challenger jets already delivered and the acknowledged leader in the development of regional commercial jet aircraft, Canadair is also a leader in job creation. Employment has increased by more than 2,000 since the Company's purchase by Bombardier Inc. in 1986.*

## *Yes we can. We've got the ability to build on our successes.*

We have a history of working in co-operation with others for world class achievements in peacekeeping, medicine and space exploration. Now, with business, labour, governments, academic and social groups working together, we can achieve prosperity through international competitiveness. But there is one more critical factor: Canada's ultimate potential depends on the commitment of individual Canadians.



**STANLEY TOOLS**

Smiths Falls, Ontario

*If investing in the future opens the door to success, Stanley Tools of Smiths Falls, Ontario certainly has the key. Over the last two years, the Company has invested millions on equipment and worker training and retraining which will double production and increase employment by the mid 90's.*

## *Yes we can. We've got the people.*

It's time now to unite around our greatest economic challenge yet... preparing for a prosperous future. As individuals, there's a lot we can do. Put yourself in the picture through further education or skills development programs.

As parents, we can encourage our children to stay in school longer and start career planning activities sooner. As employers, we can think of training as a business investment and encourage a work environment where excellence and a commitment to learning are celebrated. Finally, as Canadians, we can become a positive part of the process through involvement in the consultations on our economic future.



**NEW FLYER INDUSTRIES LIMITED**

Winnipeg, Manitoba

*With exports accounting for 50% of sales and job creation up 82% over three years, it's hardly surprising that New Flyer Industries Limited of Winnipeg received a 1991 Canada Export Award. Already a major success in the U.S., New Flyer is now aggressively pursuing markets in Mexico, Europe and the Middle East.*

**Yes, we can.**

Canada

# ਬੇਘਰੇ ਅਮਰੀਕਨ

## ਰਵਿੰਦਰ ਸਹਿਰਾਅ

ਇਨਕਾਰ ਤਾਂ ਨਹੀਂ ਕਰਦੇ
ਪਰ ਕਦੀ ਕਦੀ ਸ਼ੱਕ ਹੋ ਜਾਂਦਾ ਹੈ
ਕਿ ਅਸੀਂ -
ਸੱਭ ਤੋਂ ਸੱਭਿਆ ਅਤੇ ਅਮੀਰ
ਮੁਲਕ ਦੇ ਬਾਸ਼ਿੰਦੇ ਹਾਂ।
ਮੁਲਕ ਜੋ -
ਜਦੋਂ ਵੀ ਜੀ ਚਾਹਵੇ
ਕਿਸੇ ਵੀ ਚਿੜੀ ਮੁਲਕ ਨੂੰ ਆਪਣੇ ਬਾਜ-ਪੰਜੇ ਵਿਚ
ਜਕੜ ਕੇ ਮਰੋੜ ਸੁੱਟਦਾ ਹੈ।

-0-

ਇਜ਼ਰਾਇਲੀ ਹੋਵਣ ਜਾਂ ਪਲਸਤੀਨੀ
ਅਰਬੀ ਹੋਵਣ ਜਾਂ ਲਾਤੀਨੀ
ਕੀ ਫਰਕ ਪੈਂਦਾ ਹੈ?
ਆਪਸ ਵਿਚ ਵੰਡੀਆਂ ਪਾ ਕੇ
ਤੇ ਫਿਰ ਇਕ ਦੂਜੇ ਦੀਆਂ
ਗਰਦਣਾਂ ਲਾਹ ਕੇ
ਜਦ ਭੋਲੇ ਭਾਲੇ ਲੋਕ
ਸੜਕਾਂ ਤੇ ਆਉਂਦੇ ਹਨ
ਤਾਂ ਯੂ. ਐਨ. ਓ. ਦਾ
ਇਹ ਪਲੇਠਾ ਪੁੱਤਰ
ਬੜਾ ਹੀ ਖੁਸ਼ ਹੋਵੇ।
'ਜਮਹੂਰੀਅਤ', 'ਮਨੁੱਖੀ ਕਦਰਾਂ'
ਤੇ ਅਮਨ ਦੀ ਬਹਾਲੀ
ਇਹਦੇ ਸੁੱਚੇ ਕਰਮ ਜੋ ਹੋਏ!

-0-

ਕਦੀ ਕਦੀ ਤਾਂ ਇੰਜ ਲੱਗਦਾ ਹੈ
ਕਿ ਅਸੀਂ - ਅਬਰਾਹਮ ਲਿੰਕਨ ਦੀਆਂ
ਸੁੱਤੀਆਂ ਹੋਈਆਂ ਅੱਖਾਂ ਵਿਚ
ਆਈ ਹੋਈ ਗਿੱਦ ਹਾਂ
ਤੇ ਥਾਮਸ ਜੈਫਰਸਨ ਦੀਆਂ
ਵਿਧਾਨ ਘੜਨੀਆਂ ਕਿਤਾਬਾਂ ਉਪਰ
ਜੰਮੀ ਹੋਈ ਧੂੜ
ਤੇ ਜਾਂ ਫਿਰ ਏਕੜਾਂ ਵਿਚ ਫੈਲੇ
ਰੋਨਾਲਡ ਰੇਗਨ ਦੇ ਰੈਂਚ ਵਿਚ
ਚੁਗ ਰਹੇ ਘੋੜਿਆਂ ਦੀ ਲਿੱਦ ਹਾਂ
ਜਿਸ ਉਪਰ ਰੀਂਗਦੇ ਕੀੜੇ ਤਾਂ
ਢਿੱਡ ਭਰ ਸਕਦੇ ਹਨ
ਪਰ ਸਾਡੇ ਲਈ ਇਕ ਗੁਰਾਹੀ ਨਹੀਂ।

-0-

ਤੇਜ ਰਫ਼ਤਾਰ ਹਾਈਵੇਜ਼ ਉਪਰ
ਫਲੈਟ ਹੋਏ ਟਾਇਰ ਦੇ ਟੁਕੜਿਆਂ ਵਾਂਗ
ਹਰ ਲੰਘਦਾ ਵੜਦਾ
ਸਾਥੋਂ ਕੰਨੀ ਕਤਰਾਵੇ
ਮਤਾਂ ਉਨ੍ਹਾਂ ਦੀ ਰਫ਼ਤਾਰ ਵਿਚ
ਵਿਘਨ ਪੈ ਜਾਵੇ।

-0-

ਕਦੀ ਕਦੀ ਤਾਂ ਇੰਜ ਲੱਗਦਾ ਹੈ
ਕਿ ਅਸੀਂ -
ਛੁੱਟੀਆਂ ਮਨਾਉਂਦੇ ਜੋਰਜ ਬੁਸ਼ ਦੀ
ਫਿਸ਼ ਸਟਿੱਕ ਵਿਚ
ਟੂੰਗੇ ਹੋਏ ਗੰਡੋਏ ਹਾਂ
ਜਿਨਾਂ ਦੀ ਹੋਂਦ
ਮੱਛੀ ਦੇ ਫਸਣ ਤੱਕ ਹੀ ਨਿਸਚਤ ਹੈ
ਜਾਂ ਫਿਰ -
ਖਰਬਾਂ ਡਾਲਰਾਂ ਨਾਲ ਤਿਆਰ ਕੀਤੇ
ਰਾਕਟਾਂ ਅਤੇ ਸਪੇਸ ਸ਼ਟਲਾਂ ਦੇ
ਪਿੱਛੇ ਰਹਿ ਜਾਂਦੀ ਧੂੰਏਂ ਦੀ ਲਕੀਰ ਹਾਂ
ਤੇ ਜਾਂ ਫਿਰ...
ਰਾਜਧਾਨੀ ਦੀ ਧੁੰਨੀ 'ਚ ਬਣੇ
ਵਾਈਟ ਹਾਊਸ ਨੂੰ ਦੇਖਣ ਆਉਂਦੇ
ਸੈਲਾਨੀਆਂ ਦੀਆਂ ਅੱਖਾਂ ਵਿਚਲੀ
ਖਚਰੀ ਜਿਹੀ ਮੁਸਕਾਣ ਹਾਂ
ਤੇ ਕਦੀ ਕਦੀ ਟੀ.ਵੀ. ਪੱਤਰਕਾਰਾਂ ਲਈ
ਦਿਲ ਕੰਬਾਊ ਕਵਰ ਸਟੋਰੀ ਬਣ ਜਾਈਏ।
ਕੰਮ ਲਈ ਅਰਜ਼ੀ ਭਰਦਿਆਂ
ਜਦ ਸਾਡੀ ਕਲਮ
"ਪੱਕਾ ਪਤਾ ਅਤੇ ਟੈਲੀਫੋਨ ਨੰਬਰ"
ਵਾਲੇ ਕਾਲਮ ਤੇ ਪੁੱਜਦੀ ਹੈ
ਤਾਂ ਸਾਨੂੰ ਇਕੋ ਗੱਲ ਸੁੱਝਦੀ ਹੈ
ਕਿ ਕਾਗਜ਼ ਦੇ ਇਸ ਟੁਕੜੇ ਦਾ
ਜਹਾਜ਼ ਬਣਾ ਕੇ -
ਬੌਸ ਦੇ ਮੂੰਹ ਤੇ ਚਲਾ ਦੇਈਏ
ਤੇ ਫਿਰ ਆਪ ਮੁੜ ਭਟਕਣੇ ਲਈ
ਗਲੀ ਦੀ ਕਿਸੇ ਨੁੱਕਰੇ ਡੇਰਾ ਲਾ ਲਈਏ।
ਇਨਕਾਰ ਤਾਂ ਨਹੀਂ ਕਰਦੇ
ਪਰ ਕਦੀ ਕਦੀ ਸ਼ੱਕ ਹੋ ਜਾਂਦਾ ਹੈ...।

(ਅਮਰੀਕਾ)



# ਤਿੜਕਿਆ ਸ਼ੀਸ਼ਾ

## ਭੂਪਿੰਦਰ ਪੂਰੇਵਾਲ

ਮੈਂ ਥੱਕ ਗਿਆ ਹਾਂ
ਇਸ ਚਾਰ ਦੀਵਾਰੀ 'ਚ
ਮੇਰੇ ਪਾਸ ਸਤਰੰਗੀ ਪੀਂਘ ਦਾ ਸੁਪਨਾ ਸੀ
ਪਰ ਮੇਰੇ ਕੋਲ ਕੀ ਹੈ
ਦਸ ਬਾਈ ਬਾਰਾਂ ਫੁੱਟ ਦਾ ਕਮਰਾ
ਜਿਸ ਨੂੰ ਜੇ ਚਾਹਾਂ ਲੰਬੀ ਪਲਾਂਗ ਨਾਲ ਛੋਟਾ ਕਰ ਲਵਾਂ
ਕੰਧ ਤੋਂ ਕੰਧ ਦਾ ਸਫਰ ਕੁਝ ਵੀ ਨਹੀਂ
ਬਹੁਤ ਛੇਤੀ ਖਤਮ ਹੋ ਜਾਵੇ
ਜਾਂ ਬੱਚੇ ਦੀਆਂ ਪੈੜਾਂ 'ਤੇ ਤੁਰਦਿਆਂ
ਹੋਰ ਲੰਬਾ ਕਰ ਲਵਾਂ
ਉਂਝ ਤਾਂ ਲਾਉਂਜ ਹੈ
ਕਿਚਨ ਹੈ
ਘਰ ਦੇ ਅੱਗੇ ਪਿਛੇ ਛੋਟਾ ਜਿਹਾ ਬਗੀਚਾ ਹੈ
ਹੋਰ ਕਮਰੇ ਹਨ
ਪਰ ਮੇਰੀ ਹੱਦ ਬੰਨ ਦਿੱਤੀ ਗਈ
ਇਸ ਚਾਰ ਦੀਵਾਰੀ ਵਿਚ
ਛੰਦ ਬੰਦ ਕਵਿਤਾ ਦੀ ਤਰ੍ਹਾਂ
ਕਿ ਜਿਸ ਸਤਰ ਤੋਂ ਪਰਾਂ ਲੰਘਣਾ
ਜੁਰਮ ਹੈ
ਜੀਵਨ 'ਚ ਕੋਈ ਖਰਲ ਹੈ
ਕੰਧਾਂ ਹਨ
ਕੰਧਾਂ 'ਚ ਮੈਂ ਹਾਂ
ਕੰਧਾਂ 'ਚ ਕੰਬਦਾ ਮੇਰੇ ਨਾਲ ਟਕਰਾਉਂਦਾ
ਮੇਰਾ ਹੌਕਾ ਹੈ
ਸਿਰ ਚੋਂ ਉਖੜਿਆ
ਮੇਰਾ ਧੌਲਾ ਹੈ
ਮੈਂ ਇਹਨਾਂ ਕੰਧਾਂ 'ਚ ਖੁੱਦਾ ਹੋ ਰਿਹਾਂ
ਮੇਰੀ ਸਤਰੰਗੀ ਪੀਂਘ ਦਾ ਸੁਪਨਾ
ਕਿਹੜੇ ਵਾਵਰੋਲਿਆਂ ਦੇ ਨਾਲ
ਕਿਸ ਦੇਸ਼ ਵਿਚ ਚਲਾ ਗਿਆ

ਤੂੰ ਇੰਝ ਕਰ
ਮੈਨੂੰ ਇਸ ਵਰੇ ਦੀ ਕੰਬਦੀ ਰੌਸ਼ੀ ਤੋਂ ਆਵਾਜ਼ ਦੇ
ਵੇਖ ਮੈਂ ਕਿਵੇਂ
ਤੂਫ਼ਾਨ ਦੀ ਤਰ੍ਹਾਂ ਤੇਰੇ ਸਾਹਵੇਂ ਹਾਜ਼ਿਰ ਹੁੰਦਾ ਹਾਂ
ਮੈਂ ਪਹਾੜ ਦੀ ਚੋਟੀ ਖੜਕੇ
ਲਲਕਾਰਨਾ ਚਾਹੁੰਦਾ
ਭੀੜ ਵਿਚੋਂ ਜੋਸ਼ ਨਾਲ ਗੁਜ਼ਰਨਾ ਚਾਹੁੰਦਾ
ਮੈਂ ਥੱਕ ਗਿਆ ਹਾਂ
ਇਸ ਚਾਰ ਦੀਵਾਰੀ 'ਚ

ਹੁਣ ਮੇਰੇ ਕੋਲ

ਕੇਵਲ ਆਪਣੇ ਬੋਲ ਦੀ ਕੰਬਦੀ ਥਿੜਕਦੀ ਲਕੀਰ ਹੈ
ਜਾਂ ਲਕੀਰ ਦਾ ਵੀ ਭਰਮ ਹੈ
ਮੇਰੇ ਗਲੇ 'ਚ ਖਬਰੇ ਕੈਂਸਰ ਫੈਲ ਗਿਆ
ਆਵਾਜ਼ ਥਰਥਰਾਉਂਦੀ
ਤੇਰੇ ਉਲਝੇ ਹੋਏ ਪ੍ਰਸ਼ਨ
ਮੇਰੇ ਇਸ਼ਾਰਿਆਂ ਨਾਲ ਉਲਝੇ ਉਧੜੇ ਜਵਾਬ

ਇਸ ਸਤਰੰਗੀ ਪੀਂਘ ਦਾ ਟੋਟਾ
ਮੈਨੂੰ ਕਤਲ ਕਰਨ ਦੀ ਸਾਜਿਸ਼ ਵਿਚ
ਪੂਰੇ ਦਾ ਪੂਰਾ ਸ਼ਾਮਿਲ

ਮੈਂ ਜੰਗਲ ਚੋਂ ਖ਼ੁਦ ਉਡ ਕੇ ਆਇਆ ਪਰਿੰਦਾ ਹਾਂ
ਜਿਉਂ ਹਜ਼ਾਰਾਂ ਸਾਲਾਂ ਤੋਂ ਇਥੇ ਰਹਿੰਦਾ ਹੋਇਆ
ਪਰ ਫਿਰ ਵੀ ਮੈਂ ਇਸ ਪਿੰਜਰੇ ਦਾ ਆਦੀ ਨਹੀਂ
ਮੇਰੀ ਪ੍ਰਕਿਰਤੀ ਵਿਚ ਸ਼ਾਮਿਲ ਨਹੀਂ

ਮੈਂ ਥੱਕ ਗਿਆ ਹਾਂ
ਆਪਣੇ ਆਪ ਵਿਚ ਸੁੰਗੜਦਾ ਮੈਂ ਫੈਲਣਾ ਚਾਹੁੰਦਾ
ਬੋਹੜ ਵਾਂਗ
ਕਿਸੇ ਮੰਦਰ ਦੇ ਦੁਆਲੇ ਲਮਕਦੇ
ਉਸਦੇ ਤਣੇ ਵਾਂਗ
ਮੰਦਰ ਦੀਆਂ ਘੰਟੀਆਂ ਵਾਂਗ
ਕੰਨਾਂ 'ਚ ਦੜਦੜਾਉਣਾ ਚਾਹੁੰਦਾ
ਮੈਂ ਸੰਖ ਦੀ ਆਵਾਜ਼ ਨਾਲ
ਸਵੇਰਿਆਂ ਨੂੰ ਜਗਾਉਣਾ ਚਾਹੁੰਦਾ
ਪਰ ਮੈਂ ਡੂੰਘੀਆਂ ਤ੍ਰੇੜਾ ਦੀ ਤਰਫ਼ ਦੌੜਦਾ ਹਾਂ
ਹੋਰ ਤੇਜ਼
ਹੋਰ ਤੇਜ਼
ਤੂੰ ਮੈਨੂੰ ਪੁਛਿਆ
ਮੈਂ ਇਸ ਤਰਾਂ ਕਿਉਂ ਹਾਂ
ਮੈਂ ਆਖਿਆ
ਮੈਂ ਜੁ ਮੈਂ ਹਾਂ
ਖਿਲਰਿਆ ਹੋਇਆ
ਖਾਲੀ ਢੋਲ ਦੀ ਤਰ੍ਹਾਂ
ਮੈਂ ਕੀੜੀ ਦੀ ਤਰ੍ਹਾਂ
ਹਾਲਾਂ ਪੈਰਾਂ 'ਚ ਮਸਲ ਦਿੱਤਾ ਗਿਆ
ਪਰ ਮੈਂ ਛੱਤਰੀ ਵਾਂਗ ਖੁਲਣਾ ਚਾਹੁੰਦਾ

ਇਸ ਸਤਰੰਗੀ ਪੀਂਘ ਲਈ
ਮੈਂ ਦਿਨ ਅਤੇ ਰਾਤ ਅੱਖਾਂ 'ਚ ਲੰਘਾਣੀਆਂ ਹਨ
ਅੱਖੀਆਂ
ਜ਼ਹਿਰ ਭਰੇ ਕੱਜਲ ਨਾਲ ਸਜਾਣੀਆਂ ਹਨ

(ਇੰਗਲੈਂਡ)

□■□■□■□■

# ਅੱਗਾਂ। ਅੱਗਾਂ ਲਾਣ

## ਜਸਪਾਲ ਸਿੰਘ ਸੂਸ

ਹਰ ਦਿਸ਼ਾ ਵਿੱਚ ਅੱਗਾਂ ਅੱਗਾਂ,
ਅੱਗਾਂ, ਅੱਗਾਂ ਲਾਣ।
ਹਰ ਵਿਹੜੇ ਵਿਚ ਅੱਗਾਂ ਉੱਗੀਆਂ,
ਅੱਗਾਂ ਨੇ ਪ੍ਰਧਾਨ।

ਅੱਗਾਂ ਅੱਗਾਂ ਦੇ ਸੰਗ ਰਲ੍ਹਕੇ
ਹਰ ਥਾਂ ਕੱਠੀਆਂ ਹੋਈਆਂ,
ਅੱਗਾਂ ਦੇ ਨਾਲ ਜੁੜ ਕੇ ਅੱਗਾਂ
ਦੂਣ-ਸੁਵਾਣੀਆਂ ਹੋਈਆਂ,
ਅੱਗਾਂ ਤਾਂ ਹਰ ਇਕ ਨੂੰ ਦਿੰਦੀਆਂ
ਅੱਗਾਂ ਦਾ ਬਰਦਾਨ।

ਅੱਗਾਂ ਹਾਸੇ ਕੈਦ ਨੇ ਕੀਤੇ
ਅੱਗਾਂ ਦੀ ਸਰਦਾਰੀ,
ਅੱਗਾਂ ਦੇ ਹੱਥ ਲੱਗੀ ਜੋ ਸ਼ੈਅ
ਅੱਗਾਂ ਜਾਲ ਕੇ ਮਾਰੀ,
ਖੱਲੀ ਖੂੰਜੀਂ ਬੈਠੀਆਂ ਅੱਗਾਂ
ਮੁੱਖੜੇ ਲੈ ਮੁਸਕਾਨ।

ਪੌਣਾਂ ਦੇ ਵਿੱਚ ਘੋਲੇ ਅੱਗਾਂ
ਆਪਣੇ ਸਾਹ ਜ਼ਹਿਰੀਲੇ,
ਹਰ ਚਿੱਹਰੇ ਤੇ ਲਾਏ ਅੱਗਾਂ
ਰੰਗ ਨੀਲੇ ਤੇ ਪੀਲੇ,
ਹਰ ਨਗਰੀ ਵਿੱਚ ਅੱਗਾਂ ਲਾਕੇ
ਅੱਗਾਂ ਨਾ ਸ਼ਰਮਾਣ।

ਅੱਗਾਂ ਧਰਮੀ ਬੁਰਕੇ ਪਾਏ
ਦੋ ਦੋ ਚਿਹਰੇ ਚਾੜੇ,
ਭਾਰਤ, ਰੂਸ ਤੇ ਮਿਡਲ-ਈਸਟ ਵਿਚ
ਅੱਗਾਂ ਪਾਏ ਪਾੜੇ
ਦੁਨੀਆਂ ਬਚ ਸਕਦੀ ਜੇ ਅੱਗਾਂ
ਸ਼ਾਲਾ। ਇਹ ਬੁੱਝ ਜਾਣ।

ਹਰ ਦਿਸ਼ਾ ਵਿੱਚ ਅੱਗਾਂ ਅੱਗਾਂ
ਅੱਗਾਂ, ਅੱਗਾਂ ਲਾਣ।
ਹਰ ਵਿਹੜੇ ਵਿੱਚ ਅੱਗਾਂ ਉੱਗੀਆਂ
ਅੱਗਾਂ ਨੇ ਪ੍ਰਧਾਨ।

(ਸਰੀ, ਬੀ. ਸੀ.)

□■□■□■□■

# ਜਨਮ ਭੂਮੀ ਦੀ ਆਵਾਜ਼

## ਮੇਜਰ ਸਿੰਘ ਰਾਏ

ਰੋਟੀ ਅਤੇ ਰੋਜ਼ੀ ਲਈ
ਆਏ ਵੇ ਆਵਾਸੀਓ ਵੇ
ਮੁੜੋਂਗੇ ਕਿ ਘਰਾਂ ਨੂੰ ਜਾਂ ਨਾ

ਔਂਸੀਆਂ ਵੇ ਪਾ ਪਾ ਕੇ
ਹੰਭੀ ਅਤੇ ਹਾਰੀ ਬੈਠੀ
ਤੂਤਾਂ ਦੀ ਵੇ ਠੰਡੀ ਠੰਡੀ ਛਾਂ
ਰੋਟੀ ਅਤੇ ਰੋਜ਼ੀ ਲਈ ...

ਲੋਹੜੀਆਂ ਵਿਸਾਖੀਆਂ ਦੇ
ਵਰ੍ਹੇ ਪਿਛੋਂ ਆਏ ਦਿਨ
ਚੱਕਣ ਨਾ ਅੱਖੀਆਂ ਉਤਾਂਹ

ਮੇਲਿਆਂ ਤੇ ਛਿੰਜਾਂ ਦੀਆਂ
ਰੌਣਕਾਂ ਦੇ ਵਿਹੜੇ ਡਰੇ
ਕਰਦੇ ਨੇ ਪਏ ਭਾਂਅ ਭਾਂਅ

ਵਲੂੰਧਰੀ ਹੋਈ ਧਰਮਾਂ ਦੀ
ਬਾਹਾਂ ਚੁੱਕ ਚੁੱਕ ਪਿੱਟੇ
ਜਨਮਾਂ ਦੀ ਮਿੱਠੀ ਮਿੱਠੀ ਮਾਂ

ਧਰਮਾਂ ਦੇ ਨਾਂ ਉਤੇ
ਲਹੂ ਪਾਣੀ ਪੈ ਗਿਆ
ਕੈਸਾ ਆਇਆ ਚੰਦਰਾ ਸਮਾਂ

ਜ਼ਖਮ ਉਚੇੜ੍ਹਆਂ
ਘਰੂਟਿਆ ਹਾਇ ਭਾਈਚਾਰਾ
ਕਿਹੜੀਆਂ ਮੈਂ ਮਲਮਾਂ ਧਰਾਂ

ਧਰਮਾਂ ਦੀ ਅੱਗ ਨਾਲ
ਹਰ ਵਿਹੜਾ ਮੱਚੀ ਜਾਵੇ
ਅੱਗ ਕਹਿਣੋਂ ਫਿਰ ਵੀ ਡਰਾਂ

ਪੁੰਨ ਦੇ ਹਾਇ ਨਾਮ ਉਤੇ
ਲੱਖਾਂ ਨਿੱਤ ਪਾਪ ਹੁੰਦੇ
ਕੀਹਦੇ ਵੱਲ ਉਂਗਲ ਕਰਾਂ

ਲੋਕੀਂ ਜਿੰਨੇ ਮਾਰੇ
ਏਥੇ ਧਰਮਾਂ ਦੀ ਆੜ ਨੇ
ਮਾਰੇ ਨਹੀਂ ਸੋਕੇ ਜਾਂ ਹੜਾਂ

ਦੁਨੀਆਂ ਦੇ ਵਿਹੜੇ ਵਿਚ
ਹਿੱਕ ਤਾਣ ਵਸਦੀ ਸੀ
ਨੀਵੀਂਆਂ ਵੇ ਪਾਣੀ ਮੈਂ ਫਿਰਾਂ

ਸਿਵਿਆਂ 'ਚ ਰੋਣ ਤੇ ਵੀ
ਲੱਗੇ ਇਥੇ ਪਹਿਰੇ
ਕਿਵੇਂ ਸਬਰਾਂ ਦੀ ਘੁੱਟ ਮੈਂ ਭਰਾਂ

ਅੱਖਾਂ ਮੂਹਰੇ ਮੱਚਦੀ
ਹਾਏ ਚਿਖਾ ਵੇ ਮਨੁੱਖਤਾ ਦੀ
ਕਿਵੇਂ ਦੱਸ ਜੇਰਾ ਜਰਾਂ

ਰੋਟੀ ਅਤੇ ਰੋਜ਼ੀ ਲਈ
ਆਏ ਵੇ ਆਵਾਸੀਓ
ਮੁੜੋਂਗੇ ਕਿ ਘਰਾਂ ਨੂੰ ਜਾਂ ਨਾ

(ਮਿਸ਼ਨ ਬੀ.ਸੀ.)

□■□■□■□■

# ਸੜਦੇ ਖੂਹ

(ਕੁਵੈਤ 'ਚ ਤੇਲ ਦੇ ਸੜਦੇ ਖੂਹਾਂ ਦੇ ਨਾਂ)

## ਮਿੱਤਰ ਰਾਸ਼ਾ

ਜਦ ਤਕ ਤੇਲ ਸੜ-ਸੜ
ਕਾਲਾ ਧੂਆਂ ਬਣ ਬਣ
ਆਕਾਸ਼ ਵਲ ਵੱਧਦਾ ਰਹੇ ਗਾ
ਵਹਿਸ਼ਤ ਦੀ ਇਕ ਕਹਾਣੀ
ਸਭ ਨੂੰ ਦਸਦਾ ਰਹੇਗਾ।

ਤੇਲ ਦੀਵੇ ਜਗਾਉਣ ਲਈ
ਜ਼ਿੰਦਗੀ ਦਾ ਸੂਰਜ ਚਮਕਾਉਣ ਲਈ
ਤੇਲ ਨੂੰ ਮੌਤ ਦਾ ਹਥਿਆਰ ਨਾ ਬਣਾਓ
ਕੁਦਰਤ ਦੀ ਦਾਤ ਤੇ
ਅੰਗਿਆਰ ਨਾ ਵਾਓ

ਨਿਰਮਲ ਜਲ 'ਚ
ਪੰਛੀਆਂ ਨੂੰ ਤਰਨ ਦਿਓ
ਤੇਲ ਦੇ ਕਾਲੇ ਚਿਕੱੜ 'ਚ
ਨਾ ਫਸਾਓ

ਤੇਲ ਜ਼ਿੰਦਗੀ ਲਈ
ਲਹੂ ਵੀ ਜ਼ਿੰਦਗੀ ਲਈ
ਤੇਲ ਲੈਣ ਲਈ
ਲਹੂ ਨਾ ਵਹਾਓ

ਤੇਲ ਚੱਟਣ ਲਈ
ਲਹੂ ਨਾ ਵੀਟੋ
ਇਨਸਾਨੀ ਜ਼ਮੀਰ ਨੂੰ
ਮਾਰੂਥਲ 'ਚ ਨਾ ਘਸੀਟੋ

ਵਾਤਾਵਰਣ ਨੂੰ ਦੂਸ਼ਤ ਨਾ ਕਰੋ
ਆਕਾਸ਼ ਨੂੰ ਧੂਏਂ ਨਾਲ ਨਾ ਗਲੇਫੋ

ਤੇਲ ਦੀਵੇ ਜਗਾਉਣ ਲਈ
ਜ਼ਿੰਦਗੀ ਦਾ ਸੂਰਜ ਚਮਕਾਉਣ ਲਈ
ਤੇਲ ਨੂੰ ਮੌਤ ਦਾ ਹੱਥਿਆਰ ਨਾ ਬਣਾਓ

(ਓਟਵਾ, ਓਨਟੈਰੀਓ)

□■□■□■□■

# ਬਹੁਤ ਮਨ ਕਰਦਾ ਹੈ।

## ਡਾ: ਹਰਜਿੰਦਰ ਲਾਲਟੂ

ਬਹੁਤ ਮਨ ਕਰਦਾ ਹੈ
ਫਿਰ ਇੱਕ ਵਾਰ
ਦੁਨੀਆਂ ਦੀ ਸਭ ਤੋਂ ਉਚੀ ਛੱਤ ਤੇ
ਖੜੇ ਹੋ
ਕਿਸੇ ਨੂੰ ਚੁੰਮਾਂ
ਬਹੁਤ ਮਨ ਕਰਦਾ ਹੈ
ਇੱਕ ਤੇਜ਼ ਦੌੜਦੀ ਗੱਡੀ ਵਿਚ
ਮਨ-ਪਸੰਦ ਗੀਤਾਂ ਦੀ ਕੈਸਿੱਟ ਚਲਾਵਾਂ
ਫਿਰ ਤੋਂ
ਕਲੋਰਾਡੋ ਦੇ ਪਹਾੜੀ ਜੰਗਲਾਂ ਵਿਚ
ਕਿਸੇ ਦੇ ਨਾਲ ਝਗੜਾਂ
ਪਹਾੜੀ ਝੀਲ ਤੇ
ਸਣੇ ਕਪੜੀ ਕੁੱਦਾਂ
ਬਹੁਤ ਮਨ ਕਰਦਾ ਹੈ
ਅਮਰੀਕਾ
ਤੇਰੇ ਕੰਮਪਿਊਟਰਾਂ ਤੇ
ਕਵਿਤਾਵਾਂ ਦੀਆਂ ਲਹਿਰਾਂ ਬਣਾਵਾਂ
ਸਾਰੀ ਸਾਰੀ ਰਾਤ
ਜੈਜ਼ 'ਚ ਡੁੱਬ ਜਾਵਾਂ
ਸ਼ਰੇਆਮ ਬਸੰਤ ਦੀ ਧੁੱਪ ਸੇਕਦੀ
ਬਕਿਨੀ ਪਹਿਨੀ ਕਿਸੀ ਔਰਤ ਦੀ
ਤਸਵੀਰ ਖਿੱਚਾਂ
ਦੌੜਾਂ
ਆਹ ਖੇਡਾਂ। ਨੱਚਾਂ
'ਬਲੱਡੀ ਮੇਰੀ' ਅਤੇ 'ਸਕਰਿਊ ਡਾਈਵਰ' ਪੀਵਾਂ
ਪੀਟਸੀਗਰ, ਜੌਨ ਬਾਇਜ਼
ਫਿਰ ਤੋਂ, ਫਿਰ ਤੋਂ ਸੁਣਾਂ
ਬਹੁਤ ਮਨ ਕਰਦਾ ਹੈ
ਇਹੋ ਜਿਹੀਆਂ ਚੀਜ਼ਾਂ ਨੂੰ ਫਿਰ ਤੋਂ
ਆਪਣੀਆਂ ਮੁਠੀਆਂ ਵਿਚ ਸਮੇਟ ਲਵਾਂ
ਜੋ ਕਿਨੀਆਂ ਕਰੀਬ ਸੀ।

ਮਨ ਨਹੀਂ ਕਰਦਾ
ਉਹ ਸਭ ਸੋਚਾਂ
ਜੋ ਨਿਕਰਾਗੂਆ ਹੈ
ਜੋ ਦੱਖਣੀ ਅਫਰੀਕਾ ਹੈ
ਜੋ ਅਮ੍ਰਿਤਸਰ ਹੈ
ਜੋ ਸ਼ਹਿਰਾਂ ਵਿਚ
ਕੁੱਤੇ ਦੀ ਮੌਤ ਜਿਊਂਦੇ
ਮੇਰੇ ਤੁਹਾਡੇ ਵਰਗੀ ਮੌਤ ਮਰਦੇ
ਭੁੱਖੇ ਮਜਦੂਰ ਹਨ।
ਮਨ ਨਹੀਂ ਕਰਦਾ
ਉਹ ਸਭ ਸੋਚਾਂ
ਜਿਸਨੂੰ ਸਾਮਰਾਜਵਾਦ ਕਹਿੰਦੇ ਹਨ।
ਜਿਸਨੂੰ ਪੂੰਜੀ ਦੀ
ਸ਼ੈਤਾਨ ਭੁੱਖ ਕਹਿੰਦੇ ਹਨ
ਜਿਸਨੂੰ ਰੰਗਭੇਦ, ਲਿੰਗਭੇਦ ਕਹਿੰਦੇ ਹਨ।
ਮਨ ਨਹੀਂ ਕਰਦਾ
ਸੋਚਾਂ ਉਸ ਸਭ ਕੁਝ ਨੂੰ
ਜਿਸਦੀ ਵਜਹ ਨਾਲ
ਭੁਲ ਗਿਆ ਹਾਂ, ਉਹ ਸਭ
ਜਿਸਨੂੰ ਪਾਉਣ ਲਈ
ਬਹੁਤ ਮਨ ਕਰਦਾ ਸੀ।

(ਹਿੰਦੀ ਤੋਂ ਅਨੁਵਾਦ
ਡਾ: ਰਾਜਿੰਦਰ ਪਾਲ ਸਿੰਘ)

□■□■□■□■



## ਗ਼ਜ਼ਲ

### ਅਮਰ ਸਿੰਘ ਬੈਨੀਪਾਲ

ਭਾਂਬੜ ਜੋ ਫਿਰਦੀ ਬਾਲਦੀ ਏਹੀਓ ਸ਼ਰਾਬ ਹੈ
ਜੋ ਵਸਦਿਆਂ ਉਧਾਲਦੀ ਏਹੀਓ ਸ਼ਰਾਬ ਹੈ

ਭਰਕੇ ਨਸ਼ੇ ਵਿਚ ਆਪਣੇ ਬਰਬਾਦ ਤਾਂ ਖ਼ੁਮਾਰੀ
ਫਿਰਦੀ ਉਜਾੜ ਭਾਲਦੀ ਏਹੀਓ ਸ਼ਰਾਬ ਹੈ

ਜ਼ਾਹਿਰਾ ਤਾਂ ਪਲ ਛਿਨਾਂ ਲਈ ਕੁੱਝ ਦੇ ਦਵੇ ਨਵਾਂ
ਐਪਰ ਬਣੇ ਨੂੰ ਗਾਲਦੀ ਏਹੀਓ ਸ਼ਰਾਬ ਹੈ

ਗ਼ਮ ਗ਼ਲਤ ਕੀਤੇ ਜਾਣ ਦੇ ਲਾਰੇ ਦੇ ਪਰਦਿਆਂ ਵਿਚ
ਯਾਰਾ ਹੈ ਕੋਹੜ ਪਾਲਦੀ ਏਹੀਓ ਸ਼ਰਾਬ ਹੈ

ਦੁਸ਼ਮਣ ਬਣਾਕੇ ਮਾਰਦੇ ਤੱਕਿਆ ਜਹਾਨ ਨੂੰ
ਦੋਸਤ ਬਣਾਕੇ ਮਾਰਦੀ ਏਹੀਓ ਸ਼ਰਾਬ ਹੈ

ਤੂੰ ਸਮਝਨੈਂ ਮੈਂ ਪੀ ਲਈ, ਤੈਨੂੰ ਏ ਪੀਂਵਦੀ
ਪੀਕੇ ਦਕਾਰ ਮਾਰਦੀ ਏਹੀਓ ਸ਼ਰਾਬ ਹੈ

ਆਈ ਤੋਂ ਜੇ ਬਸ਼ਰ ਤਾਂ ਮਰ ਜਾਏ ਗ਼ਮ ਨਹੀਂ
ਬੇ-ਮੌਤ ਪਰ ਜੋ ਮਾਰਦੀ ਏਹੀਓ ਸ਼ਰਾਬ ਹੈ

ਪਤਝੜ ਸ਼ੰਗਾਰ ਪੈਹਨਕੇ ਆਈ ਬਹਾਰ ਦੇ
ਫਿਰਦੀ ਸ਼ਗੂਫ਼ੇ ਸਾੜਦੀ ਏਹੀਓ ਸ਼ਰਾਬ ਹੈ

ਤੂੰ ਸਮਝਨੈਂ ਜੰਨਤ ਨਿਰੀ ਦੋਜ਼ਖ ਦੀ ਅੱਗ ਨੂੰ
ਤੈਨੂੰ ਈ ਰੋਜ਼ ਸਾੜਦੀ ਏਹੀਓ ਸ਼ਰਾਬ ਹੈ

ਪਰਦਾ ਨਸ਼ੀਂ ਪਰਦੇ 'ਚ ਲੱਖ ਪਰਦਿਆਂ ਨਾਲ ਪੀ
ਆਖਿਰ ਨੂੰ ਪਰਦੇ ਪਾੜਦੀ ਏਹੀਓ ਸ਼ਰਾਬ ਹੈ

(ਵੈਨਕੂਵਰ)



ਅਮਲੀ ਫੋਟੋ - ਜਨਮੇਜਾ ਸਿੰਘ ਜੌਹਲ

## ਗ਼ਜ਼ਲ

### ਗੁਰਮੇਲ ਰਾਣੇ

ਜਿਹਨਾਂ ਨੂੰ ਉਮਰ ਭਰ ਉਡੀਕਿਆਂ, ਰਾਹਾਂ 'ਚ ਬਹਿ ਕੇ।
ਆਏ ਤੇ ਲੰਘ ਗਏ ਉਹ, ਦੂਰੋਂ ਸਲਾਮ ਕਹਿ ਕੇ।

ਨਾ ਤੇਰੇ ਸੰਗ ਦੁਸ਼ਮਣੀ ਨਾ ਹੈ ਦੋਸਤੀ,
ਫਿਰ ਕਿਉਂ ਹਰ ਵਕਤ ਲੰਘਦੈਂ, ਮੇਰੇ ਨਾਲ ਖਹਿ ਕੇ।

ਜ਼ਿਦ ਕਰਦਾ ਏਂ ਹਾਲ ਦਿਲੇ ਦਾ ਛੇਤੀ ਛੇਤੀ ਦੱਸਾਂ,
ਇਹਦੇ ਲਈ ਤਾਂ ਵਕਤ ਚਾਹੀਦਾ, ਗੱਲ ਕਰੀਂ ਕਿਤੇ ਬਹਿ ਕੇ।

ਸਿਫਤ ਕਰਾਂ ਮੈਂ ਤੇਰੀ ਤੇ ਦੇਵਾਂ ਗਾਲ੍ਹਾਂ ਜੱਗ ਨੂੰ,
ਇਹੀ ਕੁਝ ਹੈ ਸਿਖਿਆ, ਯਾਰ ਤੇਰੇ ਨਾਲ ਰਹਿ ਕੇ।

ਪੰਛੀ ਤੇ ਦਰਵੇਸ਼ ਦੀ ਮੰਜ਼ਲ, ਖੋਰੇ ਕਿਥੇ ਹੋਵੇ,
ਮੁੱਦਤਾਂ ਹੋਈਆਂ, ਮੁੜ ਨਾ ਪਰਤੇ, ਗੱਲ ਗਏ ਇਹ ਕਹਿ ਕੇ।

ਅਜੇ ਫੈਸਲਾ ਕਰਨਾ ਬਾਕੀ, ਕੀ ਹੈ ਰਿਸ਼ਤਾ ਤੇਰਾ,
ਦਿਲ ਦਰਿਆ ਸਮੁੰਦਰੋਂ ਡੂੰਘੇ, ਦੇਖਾਂਗੇ ਵਿਚ ਬਹਿ ਕੇ।

(ਸਰੀ ਬੀ. ਸੀ.)

## ਗ਼ਜ਼ਲ

### ਬਲਵਿੰਦਰ ਸੈਣੀ

ਬੇਸ਼ਕ ਨੇ ਇਸ ਦੌਰ ਵਿਚ ਰਾਤਾਂ ਹਨੇਰੀਆਂ।
ਦਿਨ ਚੜ੍ਹਨ ਦੀਆਂ ਫਿਰ ਵੀ ਹਨ ਆਸਾਂ ਬਥੇਰੀਆਂ।

ਮਤਲਬ ਪ੍ਰਸਤ ਹੋ ਗਈ ਦੁਨੀਆਂ ਹੀ ਇਹ ਜਦੋਂ,
ਹੁਣ ਪਲਦੀਆਂ ਹਨ ਇਸ ਵਿਚ ਜਮਾਤਾਂ ਲੁਟੇਰੀਆਂ।

ਚੌਗਿਆਗੜਿਆਂ ਦੇ ਵਾਂਗੂੰ ਜੋ ਧੁਖਿਆ ਤੇ ਬੁੱਝ ਗਿਆ,
ਰੱਖੇ ਨਾ ਐਸੇ ਸ਼ਖ਼ਸ ਤੇ ਆਸਾਂ ਲੰਮੇਰੀਆਂ।

ਉੱਠਦੀ ਨਹੀਂ ਜੇ ਕਲਮ ਹੁਣ ਜ਼ੁਲਮਾਂ ਦੇ ਬਰਖਿਲਾਫ,
ਤਾਂ ਘਰ 'ਚ ਵਿਹਲੇ ਬੈਠ ਕੇ ਚੂਪੋ ਗਨੇਰੀਆਂ।

ਹੁਣ ਕਾਫਲੇ ਵਿਚ ਜਾਂ ਰਲਾਂ ਮੰਜ਼ਿਲ ਨੂੰ ਪਾਣ ਲਈ,
'ਸੈਣੀ' ਦੇ ਦਿਲ 'ਚ ਉੱਠਦੀਆਂ ਸਧਰਾਂ ਬਥੇਰੀਆਂ।

(ਟਰਾਂਟੋ, ਓਨਟੇਰੀਓ)

# ਪਰਦਾ ਜੋ ਉੱਠ ਗਿਆ

## ਪੇਸ਼ਕਸ਼: ਸੁਖਵੰਤ ਹੁੰਦਲ

ਵਿਦੇਸ਼ੀ ਵਿਦਿਆਰਥੀ ਤੇ ਸੀ.ਆਈ.ਏ.ਅਮਰੀਕਾ ਦੀ ਸੈਂਟਰਲ ਇੰਟੈਲੀਜੈਂਸ ਏਜੰਸੀ (ਸੀ.ਆਈ.ਏ.) ਦਾ ਨਾਂ ਦੁਨੀਆਂ ਦੇ ਵੱਖ ਵੱਖ ਦੇਸ਼ਾਂ ਵਿਚ ਭੰਨ ਤੋੜ, ਰਾਜ ਪਲਟੇ, ਸਿਆਸੀ ਕਤਲ ਅਤੇ ਇਸ ਤਰ੍ਹਾਂ ਦੀਆਂ ਹੋਰ ਘਟਨਾਵਾਂ ਨਾਲ ਜੁੜਿਆ ਹੋਇਆ ਹੈ। ਆਪਣੀਆਂ ਅਜਿਹੀਆਂ ਕਾਰਵਾਈਆਂ ਨੂੰ ਸਫਲਤਾ ਨਾਲ ਸਿਰੇ ਚਾੜ੍ਹਨ ਲਈ ਸੀ.ਆਈ.ਏ. ਨੇ ਆਪਣੇ ਏਜੰਟਾਂ ਦਾ ਜਾਲ ਦੁਨੀਆਂ ਭਰ ਵਿਚ ਵਿਛਾਇਆ ਹੋਇਆ ਹੈ। ਏਜੰਟਾਂ ਦੀ ਭਰਤੀ ਕਰਨ ਲਈ ਏਜੰਸੀ ਵਲੋਂ ਕਈ ਤਰ੍ਹਾਂ ਦੇ ਢੰਗ ਵਰਤੇ ਜਾਂਦੇ ਹਨ। ਇਹਨਾਂ ਢੰਗਾਂ ਵਿਚੋਂ ਇਕ ਹੈ ਅਮਰੀਕਾ ਦੀਆਂ ਯੂਨੀਵਰਸਟੀਆਂ ਅਤੇ ਕਾਲਜਾਂ ਵਿਚ ਵਿਦੇਸ਼ਾਂ ਤੋਂ ਵਿਦਿਆ ਪ੍ਰਾਪਤ ਕਰਨ ਆਏ ਵਿਦਿਆਰਥੀਆਂ ਵਿਚੋਂ ਆਪਣੇ ਏਜੰਟ ਤਿਆਰ ਕਰਨਾ।

ਸੀ. ਆਈ.ਏ. ਇਹ ਕੰਮ ਪੂਰੀ ਸਰਗਰਮੀ ਅਤੇ ਯੋਜਨਾਬੱਧ ਢੰਗ ਨਾਲ ਕਰਦੀ ਹੈ। ਸੰਨ 1990 ਵਿਚ ਕੁਨਿਕਟਕਟ ਯੂਨੀਵਰਸਟੀ ਦੇ ਇੰਟਰਨੈਸ਼ਨਲ ਅਫੇਅਰਜ਼ ਦੇ ਡੀਨ, ਰੀਚਰਡ, ਵੈਨਗਰੋਵ, ਨੂੰ ਸੀ. ਆਈ.ਏ. ਨੇ ਬੇਨਤੀ ਕੀਤੀ ਕਿ ਉਹ ਸੀ.ਆਈ.ਏ. ਨੂੰ ਯੂਨੀਵਰਸਟੀ ਦੇ ਸਾਰੇ ਵਿਦੇਸ਼ੀ ਵਿਦਿਆਰਥੀਆਂ ਅਤੇ ਉਹਨਾਂ ਦੇ ਐਡਵਾਇਜ਼ਰ ਪ੍ਰੋਫੈਸਰਾਂ ਦੀ ਲਿਸਟ ਸੀ.ਆਈ.ਏ. ਨੂੰ ਦਿੱਤੀ ਜਾਵੇ। ਸੀ.ਆਈ.ਏ. ਦੀ ਜ਼ਿਆਦੀ ਦਿਲਚਸਪੀ ਮੱਧ ਪੂਰਬ (ਮਿਡਲ ਈਸਟ) ਤੋਂ ਆਏ ਵਿਦਿਆਰਥੀਆਂ ਵਿਚ ਸੀ। ਡੀਨ ਨੇ ਸੀ.ਆਈ.ਏ. ਦੀ ਇਹ ਬੇਨਤੀ ਰੱਦ ਕਰ ਦਿੱਤੀ। ਇਸ ਤੋਂ ਇਹ ਭਾਵ ਨਹੀਂ ਲੈਣਾ ਚਾਹੀਦਾ ਕਿ ਸੀ.ਆਈ. ਏ ਨੂੰ ਸਾਰੀਆਂ ਯੂਨੀਵਰਸਟੀਆਂ ਜਾਂ ਸਾਰੇ ਕਾਲਜਾਂ ਤੋਂ ਅਜਿਹਾ ਜੁਆਬ ਮਿਲਦਾ ਹੈ ਜਾਂ ਏਜੰਸੀ ਅਜਿਹਾ ਜੁਆਬ ਲੈਕੇ ਚੁੱਪ ਬੈਠ ਜਾਂਦੀ ਹੈ। ਉਹ ਹੋਰ ਢੰਗਾਂ ਨਾਲ ਵਿਦਿਆਰਥੀਆਂ ਤੱਕ ਪਹੁੰਚ ਕਰਦੀ ਹੈ। ਅੰਕੜੇ ਦਸਦੇ ਹਨ ਕਿ ਸੀ.ਆਈ.ਏ. 1947 ਤੋਂ ਲੈਕੇ ਹੁਣ ਤੱਕ 6000 ਤੋਂ ਵੱਧ ਵਿਦੇਸ਼ੀ ਵਿਦਿਆਰਥੀਆਂ ਸੀ.ਆਈ.ਏ. ਵਿਚ ਭਰਤੀ ਕਰਨ ਵਿਚ ਕਾਮਯਾਬ ਹੋਈ ਹੈ।

ਵਿਦੇਸ਼ੀ ਵਿਦਿਆਰਥੀਆਂ ਨੂੰ ਭਰਤੀ ਕਰਨ ਉੱਪਰ ਇਸ ਲਈ ਜ਼ੋਰ ਦਿੱਤਾ ਜਾਂਦਾ ਹੈ ਕਿਉਂਕਿ ਸੀ.ਆਈ.ਏ ਨੂੰ ਪਤਾ ਹੈ ਕਿ ਜਦੋਂ ਇਹ ਵਿਦੇਸ਼ੀ ਵਿਦਿਆਰਥੀ ਡਿਗਰੀਆਂ ਲੈਕੇ ਆਪਣੇ ਦੇਸ਼ ਵਾਪਸ ਪਰਤਣਗੇ ਤਾਂ ਉਹਨਾਂ ਨੂੰ ਆਪਣੇ ਦੇਸ਼ ਦੇ ਸਰਕਾਰੀ ਜਾਂ ਗੈਰ ਸਰਕਾਰੀ ਅਦਾਰਿਆਂ ਵਿਚ ਉੱਚੀਆਂ ਪਦਵੀਆਂ ਮਿਲਣਗੀਆਂ। ਜੇ ਇਹ ਵਿਦਿਆਰਥੀ ਸੀ.ਆਈ.ਏ. ਨਾਲ ਸਬੰਧਤ ਹੋਣਗੇ ਤਾਂ ਅਮਰੀਕਾ ਨੂੰ ਉਹਨਾਂ ਦੇਸ਼ਾਂ ਵਿਚ ਆਪਣੇ ਹੱਕ ਦੀਆਂ ਪਾਲਸੀਆਂ ਬਣਾਉਣ ਵਿਚ ਸੌਖ ਰਹੇਗੀ। ਇਸਦੇ ਨਾਲ ਹੀ ਉੱਚੀਆਂ ਪਦਵੀਆਂ ਤੇ ਲੱਗੇ ਇਹ ਸੀ.ਆਈ.ਏ ਦੇ ਏਜੰਟ ਸੀ.ਆਈ.ਏ. ਨੂੰ ਉਸ ਦੇਸ਼ ਦੇ ਅੰਦਰੂਨੀ ਅਤੇ ਗੁਪਤ ਮਾਮਲਿਆਂ ਬਾਰੇ ਜਾਣਕਾਰੀ ਦਿੰਦੇ ਰਹਿਣਗੇ।

ਵਿਦੇਸ਼ੀ ਵਿਦਿਆਰਥੀਆਂ ਨਾਲ ਪਹਿਲਾ ਸੰਪਰਕ ਪੈਦਾ ਕਰਨ ਵਿਚ ਯੂਨੀਵਰਸਟੀਆਂ ਵਿਚ ਲੱਗੇ ਕਈ ਪ੍ਰੋਫੈਸਰ ਸੀ.ਆਈ.ਏ. ਦੀ ਮਦਦ ਕਰਦੇ ਹਨ। ਇਕ ਰੀਪੋਰਟ ਮੁਤਾਬਕ ਅਮਰੀਕੀ ਯੂਨੀਵਰਸਟੀਆਂ ਵਿਚ ਕਾਫੀ ਪ੍ਰੋਫੈਸਰ ਜਾਂ ਅਧਿਆਪਕ ਹਨ ਜੋ ਜਾਂ ਤਾਂ ਸਿੱਧੇ ਹੀ ਸੀ.ਆਈ.ਏ. ਦੇ ਤਨਖਾਹੀਏ ਹਨ ਜਾਂ 'ਕੰਟਰੈਕਟ ਬੇਸਿਸ' ਤੇ ਕੰਮ ਕਰਦੇ ਹਨ। ਇਹਨਾਂ ਪ੍ਰੋਫੈਸਰਾਂ ਨੂੰ ਸੀ.ਆਈ.ਏ. ਦੀ ਭਰਤੀ ਲਈ ਵਿਦਿਆਰਥੀ ਲੱਭ ਕੇ ਦੇਣ ਬਦਲੇ ਪੈਸੇ ਦਿੱਤੇ ਜਾਂਦੇ ਹਨ।

ਸੀ.ਆਈ.ਏ. ਦਾ ਏਜੰਟ ਬਣਨ ਬਦਲੇ ਵਿਦਿਆਰਥੀਆਂ ਨੂੰ ਕਈ ਤਰ੍ਹਾਂ ਦੇ ਲਾਲਚ ਦਿੱਤੇ ਜਾਂਦੇ ਹਨ ਜਿਵੇਂ ਉਹਨਾਂ ਨੂੰ ਪੈਸੇ ਦਿੱਤੇ ਜਾਂਦੇ ਹਨ ਜਾਂ ਉਹਨਾਂ ਨਾਲ ਵਾਅਦਾ ਕੀਤਾ ਜਾਂਦਾ ਹੈ ਕਿ ਜੇ ਉਹ ਸੀ.ਆਈ. ਏ. ਲਈ ਕੁੱਝ ਸਾਲ ਕੰਮ ਕਰਨਗੇ ਤਾਂ ਉਹਨਾਂ ਨੂੰ ਬਾਅਦ ਵਿਚ ਅਮਰੀਕਾ ਵਿਚ ਪੱਕੇ ਤੌਰ ਤੇ ਰਹਿਣ ਲਈ ਪੱਕੇ ਵਸ਼ਿੰਦੇ ਦਾ ਦਰਜਾ ਦਿਵਾਉਣ ਵਿਚ ਸੀ.ਆਈ.ਏ. ਮਦਦ ਕਰੇਗੀ। ਜੇ ਲਾਲਚ ਨਾਲ ਨਾ ਮੰਨਣ ਤਾਂ ਵਿਦਿਆਰਥੀਆਂ ਨੂੰ ਬਲੈਕਮੇਲ ਅਤੇ ਤੰਗ ਕੀਤਾ ਜਾਂਦਾ ਹੈ। ਸੰਨ 1979 ਵਿਚ ਇਰਾਨ ਦੇ ਕੁੱਝ ਵਿਦਿਆਰਥੀਆਂ ਨੇ ਇਰਾਨ ਵਿਚ ਆਪਣੇ ਪਰਿਵਾਰਾਂ ਨੂੰ ਫੋਨ ਕਰਨ ਲਈ ਯੂਨੀਵਰਸਟੀ ਦੇ ਟੈਲੀਫੋਨ ਦੀ ਵਰਤੋਂ ਕਰ ਲਈ। ਸੀ.ਆਈ.ਏ. ਨੂੰ ਇਸ ਗੱਲ ਦਾ ਪਤਾ ਲੱਗ ਗਿਆ ਤਾਂ ਸੀ.ਆਈ.ਏ. ਨੇ ਉਹਨਾਂ ਵਿਦਿਆਰਥੀਆਂ ਨੂੰ ਧਮਕੀ ਦਿੱਤੀ ਕਿ ਜੇ ਉਹ ਸੀ.ਆਈ.ਏ. ਲਈ ਜਾਸੂਸੀ ਨਾ ਕਰਨਗੇ ਤਾਂ ਉਹਨਾਂ ਨੂੰ ਫੋਨਾਂ ਦੀ ਗਲਤ ਵਰਤੋਂ ਕਰਨ ਕਰਕੇ ਯੂਨੀਵਰਸਟੀ 'ਚੋਂ ਕੱਢ ਦਿੱਤਾ ਜਾਵੇਗਾ ਅਤੇ ਹੋ ਸਕਦਾ ਹੈ ਉਹਨਾਂ ਤੇ ਮੁਕਦਮਾ ਵੀ ਚਲਾਇਆ ਜਾਵੇ। ਇਸੇ ਤਰ੍ਹਾਂ ਹੀ ਇਕ ਅਫਗਾਨੀ ਵਿਦਿਆਰਥੀ, ਜਿਸਨੇ ਸੀ.ਆਈ.ਏ. ਲਈ ਕੰਮ ਕਰਨ ਤੋਂ ਨਾਂਹ ਕਰ ਦਿਤੀ ਸੀ, ਨੂੰ ਅਮਰੀਕਾ ਦੇ ਇਮੀਗਰੇਸ਼ਨ ਵਿਭਾਗ ਵਲੋਂ ਦੇਸ਼ ਨਿਕਾਲਾ ਦੇਣ ਦੀ ਧਮਕੀ ਦਿੱਤੀ ਗਈ ਹਾਲੇ ਕਿ ਉਹ ਕਿ ਅਮਰੀਕਾ ਦੀ ਨਾਗਰਿਕ ਔਰਤ ਨਾਲ ਵਿਆਹਿਆ ਹੋਇਆ ਸੀ।

ਮਾਹਰਾਂ ਦਾ ਮੱਤ ਹੈ ਕਿ ਸੀ.ਆਈ.ਏ. ਵਲੋਂ ਵਿਦੇਸ਼ੀ ਵਿਦਿਆਰਥੀਆਂ ਨੂੰ ਆਪਣੀ ਜਾਸੂਸੀ ਲਈ ਭਰਤੀ ਕਰਕੇ ਜਾਂ ਉਹਨਾਂ ਤੇ ਅਜਿਹਾ ਕਰਨ ਲਈ ਦਬਾਅ ਪਾਕੇ ਉਹਨਾਂ ਵਿਦਿਆਰਥੀਆਂ ਦੇ ਜੀਵਨ ਨੂੰ ਕਈ ਤਰ੍ਹਾਂ ਦੇ ਖਤਰਿਆਂ ਵਿਚ ਪਾਇਆ ਜਾ ਰਿਹਾ ਹੈ। ਖੋਜ ਦਸਦੀ ਹੈ ਅਜਿਹਾ ਵਿਦਿਆਰਥੀਆਂ ਜੋ ਸੀ.ਆਈ.ਏ. ਦੇ ਦਬਾਅ ਹੇਠ ਆਕੇ ਜਾਸੂਸੀ ਕਰਨ ਲੱਗਦੇ ਹਨ ਉਹਨਾਂ ਦੇ ਫੜੇ ਜਾਣ ਵਿਚ 75 ਪ੍ਰਤੀਸ਼ਤ ਦੇ ਲੱਗਭਗ ਮੌਕੇ ਹਨ। ਲਗਭੱਗ ਸਾਰੇ ਮੁਲਕਾਂ ਵਿਚ ਆਪਣੇ ਦੇਸ਼ ਵਿਰੁੱਧ ਜਾਸੂਸੀ ਨੂੰ ਗਦਾਰੀ ਮੰਨਿਆ ਜਾਂਦਾ ਹੈ ਜਿਸਦੀ ਸਜਾਂ ਮੌਤ ਜਾਂ ਉਮਰ ਭਰ ਦੀ ਕੈਦ ਹੋ ਸਕਦੀ ਹੈ। ਜੇ ਕੋਈ ਵਿਦਿਆਰਥੀ, ਜਿਸ ਨਾਲ ਸੀ.ਆਈ.ਏ. ਨੇ ਸੰਪਰਕ ਕੀਤਾ ਹੈ, ਪਹਿਲੇ ਸੰਪਰਕ ਬਾਅਦ ਆਪਣੇ ਦੇਸ਼ ਦੇ ਰਾਜਦੂਤ ਕੋਲ ਇਸ ਬਾਰੇ ਸ਼ਿਕਾਇਤ ਕਰਨ ਜਾਂਦਾ ਹੈ ਤਾਂ ਬਹੁਤੀਆਂ ਹਾਲਤਾਂ ਵਿਚ ਦੇਸ਼ ਦੇ ਰਾਜਦੂਤ ਵਲੋਂ ਉਸਨੂੰ ਸੀ.ਆਈ.ਏ. ਨਾਲ ਸੰਪਰਕ ਰੱਖ ਕੇ 'ਡਬਲ ਏਜੰਟ' ਦਾ ਕੰਮ ਕਰਨ ਲਈ ਕਿਹਾ ਜਾਂਦਾ ਹੈ। ਇਸ ਤਰ੍ਹਾਂ ਉਹ ਵਿਦਿਆਰਥੀ ਜਾਸੂਸੀ ਦੇ ਇਸ ਅੰਧੇਰੀ ਖੱਡ ਵਿਚ ਹੋਰ ਡੂੰਘਾ ਧਸ ਜਾਂਦਾ ਹੈ।

( Covert Action, Inform. Bulletin No. 38, Fall 91- ਵਿਚ ਛਪੇ ਅਮੀ ਚੇਨ ਮਿਲਜ਼ ਅਤੇ ਵਰਨਨ ਈਲਅਟ ਦੇ ਲੇਖਾਂ ਤੇ ਆਧਾਰਿਤ)


**MINT AUTO BODY**

***at New Location***

*Complete professional auto-body repairs and refinishing on all makes and models.
* Complete frame work
* All work conditionally gurnateed

*I.C.B.C. claims handled promptly
* Uni-Body repairs
* Free estimates
* Courtesy cars

ਕਾਰਾਂ, ਵੈਨਾਂ ਅਤੇ ਪਿੱਕ-ਅੱਪ ਟਰੱਕਾਂ ਦੀ ਅੱਛੀ ਤੇ ਪ੍ਰੋਫੈਸ਼ਨਲ ਮੁਰੰਮਤ ਲਈ ਅਤੇ ਤਸੱਲੀਬਖਸ਼ ਪੇਂਟਿੰਗ ਲਈ ਸਾਨੂੰ ਸੇਵਾ ਦਾ ਮੌਕਾ ਦਿਉ।

ਫੋਨ: ਭੁਪਿੰਦਰ (ਬੋਬ) ਸਹੋਤਾ

433-1207

6957 Waltham Ave., Burnaby, V5J 4V4

ਆਪਣੇ ਮਨਪਸੰਦ ਦੀ ਛੋਟੀ ਕਾਰ ਤੋਂ ਲੈ ਕੇ ਵੱਡੀ ਕਾਰ, ਵੈਨ ਜਾਂ ਪਿਕ-ਅੱਪ ਖਰੀਦਣ ਜਾਂ ਟਰੇਡ ਕਰਨ ਲਈ ਜਾਂ ਸਲਾਹ ਮਸ਼ਵਰੇ ਲਈ ਆਪਣੀ ਕਮਿਊਨਿਟੀ ਦੇ ਜਾਣੇ ਪਹਿਚਾਣੇ ਸੇਲਜ਼ਮੈਨ

ਕਮਲਜੀਤ ਜੌਹਲ ਨੂੰ ਮਿਲੋ ਜਾਂ ਫੋਨ ਕਰੋ।

*BUY!... FINANCE!!!... LEASE!!! — IT'S YOUR CHOICE...*

**Kamaljit (Kam) Johal**

**Pager: 735-1035** **Res. 581-0729**



ਕਮਲਜੀਤ ਜੌਹਲ

**ED KLASSEN** GM

Pontiac · Buick · GMC Ltd.

**6280 SCOTT RD. SURREY, B.C. • *CALL 594-2277***

# FRONTIER CLOTH HOUSE

6695 MAIN ST.VANCOUVER,B.C.V5X 3H3




## ਵੈਨਕੂਵਰ ਦੀ ਮੇਨ ਸਟਰੀਟ ਉਤੇ ਸੂਟਾਂ ਸਾੜ੍ਹੀਆਂ ਦਾ ਸੱਭ ਤੋਂ ਵੱਡਾ ਸਟੋਰ

ਦਾਜ ਅਤੇ ਵਰੀ ਵਾਸਤੇ ਵੰਨ ਸੁਵੰਨੇ ਸੂਟ ਤੇ ਸਾੜ੍ਹੀਆਂ ਲੈਣ ਲਈ ਅੱਜ ਹੀ ਮੇਨ ਸਟਰੀਟ ਤੇ ਫਰੰਟੀਅਰ ਕਲਾਥ ਹਾਊਸ ਤੇ ਦਰਸ਼ਨ ਦਿਓ।
ਆਪਣੇ ਘਰ ਨੂੰ ਵਧੀਆ ਤੋਂ ਵਧੀਆ ਪਰਦਿਆਂ ਨਾਲ ਸਜਾਉਣ ਲਈ ਫਰੀ ਐਸਟੀਮੇਟ ਲੈਣ ਲਈ ਫੂਨ ਕਰੋ

ਕੀ ਤੁਸੀਂ ਅਮਰੀਕਾ ਵਿਚ ਕਪੜੇ ਦਾ ਸਟੋਰ ਖੋਲ੍ਹਣ ਦੀ ਵਿਚਾਰ ਕਰਦੇ ਹੋ ਤਾਂ ਸਾਨੂੰ ਵੈਨਕੂਵਰ ਵਿਚ ਫੂਨ ਕਰੋ ਜਾਂ ਮਿਲੋ ਕਿਓਂ ਕਿ ਸਾਡਾ ਵੇਅਰ ਹਾਊਸ ਅਮਰੀਕਾ ਵਿਚ ਵੀ ਹੈ ।

:SUSHIL BATRA (604)325-4425 or 325-3515

## ਫਰੰਟੀਅਰ ਕਲਾਥ ਹਾਊਸ ਲਿਮ:

ਫਰੰਟੀਅਰ ਕਲਾਥ ਹਾਊਸ ਜੋ ਕਿ ਲੇਟੈਸਟ ਡਿਜ਼ਾਇਨ ਦੇ ਕੱਪੜੇ ਲਿਆਉਣ ਵਿੱਚ ਫਰੰਟ ਤੇ ਹੈ।

ਵਕੀਲ ਜਿਹੜੇ ਤੁਹਾਡੀ ਸਭਿਅਤਾ ਅਤੇ ਬੋਲੀ ਜਾਣਦੇ ਹਨ

# DOSANJH & COMPANY

## ਉੱਜਲ ਦੁਸਾਂਝ ਅਤੇ ਟੌਮ ਵੂਲੀ

202-5887 ਵਿਕਟੋਰੀਆ ਡਰਾਈਵ
ਵੈਨਕੂਵਰ, ਬੀ.ਸੀ.

* ਆਈ. ਸੀ. ਬੀ. ਸੀ.
( ਕਾਰ ਐਕਸੀਡੈਂਟ ਦੇ ਕਲੇਮ ਪ੍ਰਤੀਸ਼ਤ ਫੀਸ)
* ਡਾਇਵੋਰਸ ਤੇ ਫੈਮਲੀ ਦੇ ਕੇਸ
* ਇਮੀਗਰੇਸ਼ਨ ਦੀਆਂ ਅਪੀਲਾਂ
* ਸੁਪਰੀਮ ਕੋਰਟ ਸਿਵਲ ਟਰਾਇਲਾਂ।

ਇਸ ਤਰ੍ਹਾ ਦੇ ਕੇਸਾਂ ਦਾ ਸਾਡਾ 12 ਸਾਲਾਂ ਦਾ ਤਜਰਬਾ ਹੈ।

ਮੁੱਢਲੀ ਸਲਾਹ ਮੁਫਤ
ਅਪਾਂਇੰਟਮੈਂਟ ਲਈ ਫੋਨ ਕਰੋ।

**ਫੋਨ: 327-6381**

# LOWEST FARES TO:

ਲੰਡਨ, ਦਿੱਲੀ, ਬੰਬਈ,ਮਦਰਾਸ, ਕਰਾਚੀ, ਇਸਲਾਮਾਬਾਦ, ਕੋਲੰਬੋ,ਦਾਕਾ, ਨੈਰੋਬੀ,ਦਾਰਾਸਲਮ, ਟਰਾਂਟੋ ਤੇ ਸਾਨਫਰਾਂਸਿਸਕੋ ਜਾਂ ਦੁਨੀਆਂ ਦੇ ਕਿਸੇ ਵੀ ਹਿੱਸੇ ਲਈ:

## ਘੱਟ ਤੋਂ ਘੱਟ ਕਿਰਾਏ

Professional Travel Agents for 37 years
Complete Travel arrangements for business or pleasure



**Authorized Agents for: Air Canada, British Airways, Canadian,Cathay Pacific, Thai Airways Int., KLM and other major airlines.**

**BAINS** INTERNATIONAL TRAVEL

6364 FRASER STREET, VANCOUVER, B.C.
TEL.: 324-2277

OFFICES ALSO IN VICTORIA AND NORTH VANCOUVER

# ਤੁਲਨਾਤਮਕ ਧਰਮ

III

## ਲਾਲਾ ਹਰਦਿਆਲ

(ਲਾਲਾ ਹਰਦਿਆਲ (1884-1938) ਦੀ ਆਮ ਲੋਕਾਂ ਵਿਚ ਪਛਾਣ ਗਦਰ ਲਹਿਰ ਨਾਲ ਜੁੜੇ ਸਰਗਰਮ ਵਿਅਕਤੀ ਦੇ ਤੌਰ ਤੇ ਹੈ। ਪਰ ਉਹ ਇਕ ਉੱਘੇ ਤਰਕਸ਼ੀਲ ਵਿਦਵਾਨ ਵੀ ਸਨ। ਉਹਨਾਂ ਦਾ ਜਨਮ 14 ਅਕਤੂਬਰ , 1884 ਨੂੰ ਦਿੱਲੀ ਦੇ ਇਕ ਪੰਜਾਬੀ ਪਰਿਵਾਰ ਵਿਚ ਹੋਇਆ। ਉਹਨਾਂ ਦੀ ਯਾਦ ਵਿਚ ਅਸੀਂ ਆਪਣੇ ਪਾਠਕਾਂ ਲਈ ਉਹਨਾਂ ਦੇ ਪ੍ਰਸਿੱਧ ਲੇਖ 'ਤੁਲਨਾਤਮਕ ਧਰਮ' ਦੀ ਪਹਿਲੀ ਕਿਸ਼ਤ ਦੇ ਰਹੇ ਹਾਂ। ਅੰਗਰੇਜ਼ੀ ਤੋਂ ਇਹ ਅਨੁਵਾਦ ਉਹਨਾਂ ਦੇ ਲੇਖ ਦਾ ਸੰਖੇਪ ਅਨੁਵਾਦ ਹੈ। ਲਾਲਾ ਹਰਦਿਆਲ ਨੇ ਇਹ ਲੇਖ 1930ਵਿਆਂ ਦੇ ਨੇੜੇ ਤੇੜੇ ਲਿਖਿਆ ਸੀ ਪਰ ਇਸ ਵਿਚ ਪੇਸ਼ ਕੀਤੇ ਵਿਚਾਰ ਅੱਜ ਦੀਆਂ ਹਾਲਤਾਂ ਨੂੰ ਸਮਝਣ ਲਈ ਵੀ ਬਹੁਤ ਮਹੱਤਵਪੂਰਨ ਹਨ। ਉਹਨਾਂ ਨੇ ਆਪਣੀ ਸੁਪ੍ਰਸਿੱਧ ਕਿਤਾਬ "ਹਿੰਟਸ ਫਾਰ ਸੈਲਫ ਕਲਚਰ", ਜਿਸ ਵਿਚੋਂ ਇਹ ਲੇਖ ਲਿਆ ਗਿਆ ਹੈ, ਵਿਚ ਅਤੇ ਖਾਸ ਕਰਕੇ ਇਸ ਲੇਖ ਵਿਚ ਜੋ ਬਹਿਸ ਚਲਾਈ ਸੀ ਉਸ ਬਹਿਸ ਦੀ ਅੱਜ ਵੀ ਉਨੀ ਹੀ ਲੋੜ ਹੈ। ਸਗੋਂ ਅਸਲੀਅਤ ਇਹ ਹੈ ਕਿ ਪੰਜਾਬੀ ਵਿਚ ਧਰਮ ਵਰਗੀ ਬਹੁਤ ਹੀ ਮਹੱਤਵਪੂਰਨ ਵਿਸ਼ੇ 'ਤੇ ਸਾਰਥਿਕ ਬਹਿਸ ਦੀ ਬਿਲਕੁਲ ਹੀ ਘਾਟ ਹੈ। ਅਸੀਂ ਆਸ ਕਰਦੇ ਹਾਂ ਕਿ 'ਵਤਨ' ਦੇ ਪਾਠਕ ਇਸ ਲੇਖ ਨੂੰ ਆਧਾਰ ਬਣਾ ਕੇ ਇਸ ਵਿਸ਼ੇ 'ਤੇ ਆਪਣੇ ਵਿਚਾਰ ਸਾਂਝੇ ਕਰਨਗੇ। - ਸੰਪਾਦਕ)

ਸੰਭਵ ਹੈ ਕਿ ਤੁਹਾਨੂੰ ਇਹਨਾਂ ਮਹਾਨ ਧਰਮਾਂ-ਬੁੱਧ ਮੱਤ, ਹਿੰਦੂ ਮੱਤ, ਜੈਨ ਮੱਤ, ਪ੍ਰਤੱਖਵਾਦ, ਈਸਾਈ ਮੱਤ,ਤਾਉਵਾਦ, ਕਨਫਿਊਸ਼ਸਵਾਦ, ਸ਼ਿੰਤੋ ਮੱਤ, ਬਾਹਾਈ ਮੱਤ, ਇਸਲਾਮ, ਪਾਰਸੀ ਮੱਤ ਜਾਂ ਯਹੂਦੀ ਮੱਤ- ਵਿਚੋਂ ਕੋਈ ਇਕ ਧਰਮ ਵਿਰਾਸਤ ਵਿਚ ਮਿਲਿਆ ਹੋਵੇ। ਜਦੋਂ ਤੁਸੀਂ ਅਜੋਕੀ ਤਰਕਸ਼ੀਲ ਵਿੱਦਿਆ ਸਵੀਕਾਰ ਕਰ ਲੈਂਦੇ ਹੋ ਤਾਂ ਜਿਸ ਤਰ੍ਹਾਂ ਕਣਕ ਵੱਢਣ ਤੋਂ ਬਾਦ ਗਹਾਈ ਕਰਕੇ ਉਸਦੀ ਤੂੜੀ ਉਡਾ ਦੇਈਦੀ ਹੈ ਪਰ ਉਸਦੇ ਦਾਣੇ ਸੰਭਾਲ ਲਈਦੇ ਹਨ ਉਸੇ ਤਰ੍ਹਾਂ ਤੁਹਾਨੂੰ ਚਾਹੀਦਾ ਹੈ ਕਿ ਪੁਰਾਣੀਆਂ ਧਾਰਨਾਵਾਂ ਵਿਚੋਂ ਫ਼ਜ਼ੂਲ ਚੀਜ਼ਾਂ ਛਾਂਟਕੇ ਕੱਢ ਦਿਉ ਅਤੇ ਚੰਗੀਆਂ ਚੀਜ਼ਾਂ ਦਾ ਯੋਗਦਾਨ ਨਵੀਂ ਸਮੂਹਿਕ ਸੋਚ ਵਿਚ ਪਾਉ। ਇਸ ਨਵੀਂ ਸੋਚ ਦੇ ਭਾਈਚਾਰੇ ਵਿਚ ਤੁਹਾਨੂੰ ਵਿਰਾਸਤ ਵਿਚ ਮਿਲੀ ਵਿਚਾਰਧਾਰਾ ਨਾਲ ਹੀ ਲੈਕੇ ਆਉਣਾ ਚਾਹੀਦਾ ਹੈ।

ਸਾਰੇ ਧਰਮ ਕੁੱਝ ਖਾਸ ਕਿਸਮ ਦੇ ਸਮਾਜਿਕ ਰਿਵਾਜ ਅਤੇ ਸਿਆਸੀ ਵਿਚਾਰ ਤੁਹਾਡੇ ਮਨ ਵਿਚ ਭਰਦੇ ਹਨ। ਵਿਆਹ ਸ਼ਾਦੀਆਂ ਦੇ ਕੁੱਝ ਕਾਨੂੰਨਾਂ ਨਾਲ ਆਪਣੀ ਸਹਿਮਤੀ ਪ੍ਰਗਟਾਉਂਦੇ ਹਨ ਅਤੇ ਕਈ ਕਿਸਮ ਦੇ ਭੋਜਨ ਖਾਣ ਤੋਂ ਵਰਜਦੇ ਹਨ। ਉਹ ਕਈ ਕਿਸਮ ਦੇ ਧਾਰਮਿਕ ਰੀਤੀ ਰਿਵਾਜਾਂ ਅਤੇ ਜਸ਼ਨਾਂ ਦੇ ਮਨਾਉਣ ਦੀ ਜ਼ੋਰ ਸ਼ੋਰ ਨਾਲ ਪ੍ਰੇਰਣਾ ਕਰਦੇ ਹਨ। ਪੁਰਾਣੇ ਧਰਮਾਂ ਦੇ ਨਾਲ ਜੁੜੀਆਂ ਹੋਈਆਂ ਇਨ੍ਹਾਂ ਚੀਜ਼ਾਂ ਨੂੰ ਲਾਜ਼ਮੀ ਤੌਰ ਤੇ ਅਜੋਕੇ ਵਿਗਿਆਨ ਅਤੇ ਤਰਕਸ਼ੀਲਤਾ ਦੇ ਪੱਖ ਤੋਂ ਘੋਖਿਆ ਜਾਣਾ ਚਾਹੀਦਾ ਹੈ। ਪੁਰਾਣੇ ਗੁਰੂਆਂ ਪੀਰਾਂ ਦੀਆਂ ਸਾਰੀਆਂ ਗੱਲਾਂ ਅੱਜ ਦੇ ਯੁੱਗ ਵਿਚ ਨਹੀਂ ਅਪਣਾਈਆਂ ਜਾ ਸਕਦੀਆਂ। ਅੱਜ ਦੇ ਸਮੇਂ ਵਿਚ ਕਿਸੇ ਨੂੰ ਤਲਾਕ ਲੈਣ ਤੋਂ ਰੋਕਣਾ ਜਾਂ ਸੂਰ ਜਾਂ ਮੱਛੀ ਦਾ ਮਾਸ ਖਾਣ ਤੋਂ ਰੋਕਣਾ ਜਾਂ ਬਹੁਤੇ ਵਿਆਹ ਕਰਨ ਦੀ ਇਜਾਜ਼ਤ ਦੇਣੀ ਆਦਿ ਗੱਲਾਂ ਸਿਰਫ ਇਸੇ ਤੇ ਨਹੀਂ ਕਰ ਸਕਦੇ ਕਿ ਬਹੁਤ ਸਮਾਂ ਪਹਿਲਾਂ ਇਨ੍ਹਾਂ ਗੱਲਾਂ ਬਾਰੇ ਕਿਸੇ ਧਾਰਮਿਕ ਮਹੱਤਤਾ ਰੱਖਣ ਵਾਲੇ ਗੁਰੂ ਪੀਰ ਨੇ ਆਪਣੇ ਵਿਚਾਰ ਪ੍ਰਗਟਾਏ ਸਨ। ਅਜਿਹੇ ਸਮਾਜਿਕ ਰਿਵਾਜ ਸਮੇਂ ਦੇ ਨਾਲ ਨਾਲ ਬਦਲਦੇ ਰਹਿਣੇ ਚਾਹੀਦੇ ਹਨ। ਇਸ ਲਈ ਇਨ੍ਹਾਂ ਸਵਾਲਾਂ ਬਾਰੇ ਆਪਣੇ ਤਰੀਕੇ ਨਾਲ ਸੋਚੋ ਇਨ੍ਹਾਂ ਦੇ ਹੱਲ ਲਈ ਜੀਸਸ, ਮੰਨੂ, ਜ਼ੋਰੋਐਸਟਰਾ, ਹਜ਼ਰਤ ਮੁਹੰਮਦ ਜਾਂ ਗੌਤਮ ਬੁੱਧ ਦੀ ਸਿੱਖਿਆ ਹੀ ਨਾ ਲਈ ਜਾਵੇ। ਭਾਵੇਂ ਅਸੀਂ ਇਨ੍ਹਾਂ ਗੁਰੂਆਂ ਤੋਂ ਚੰਗੀਆਂ ਕਦਰਾਂ ਕੀਮਤਾਂ ਸਿੱਖ ਸਕਦੇ ਹਾਂ ਪਰ ਇਹ ਗੁਰੂ ਪੀਰ ਸਮਾਜਿਕ ਰਸਮਾਂ ਰਿਵਾਜ ਸਾਡੇ ਉਪਰ ਨਹੀਂ ਠੋਸ ਸਕਦੇ। ਜੇਕਰ ਕੋਈ ਧਾਰਮਿਕ ਅਦਾਰਾ ਲੋਕਰਾਜ ਲਈ ਆਪਣੀ ਸਹਿਮੀਅਤ ਪ੍ਰਗਟਾਉਂਦਾ ਹੈ ਤਾਂ ਸਾਨੂੰ ਉਸਦੀ ਸਿਆਸੀ ਸੋਧ ਮੰਨ ਲੈਣੀ ਚਾਹੀਦੀ ਹੈ ਪਰ ਜੇਕਰ ਧਾਰਮਿਕ ਅਦਾਰਾ ਤਾਨਾਸ਼ਾਹੀ, ਨਾਦਿਰਸ਼ਾਹੀ ਜਾਂ ਝੋਲੀ ਚੁੱਕਾਂ ਦੀ ਸਰਕਾਰ ਦੀ ਹਮਾਇਤ ਕਰਦਾ ਹੈ ਤਾਂ ਤੁਹਾਨੂੰ ਉਸ ਆਦਾਰੇ ਦੀਆਂ ਸਿੱਖਿਆਵਾਂ ਨੂੰ ਰੱਦ ਕਰਨਾ ਪਵੇਗਾ।

> **"ਜੋ ਕੰਮ ਇੱਛਾ ਅਨੁਸਾਰ ਨਹੀਂ ਬਲਕਿ ਆਦਤ ਅਨੁਸਾਰ ਜਾਂ ਬਾਹਰੀ ਪ੍ਰਸਥਿਤੀਆਂ ਦੇ ਪ੍ਰਭਾਵ ਅਧੀਨ ਕੀਤੇ ਜਾਂਦੇ ਹੋਣ ਉਹ ਕਦੇ ਵੀ ਆਤਮਾ ਨੂੰ ਸ਼ੁੱਧ ਅਤੇ ਸ਼ਖਸੀਅਤ ਦਾ ਵਿਕਾਸ ਨਹੀਂ ਕਰ ਸਕਦੇ।"**

ਉਨ੍ਹਾਂ ਸੱਭ ਧਾਰਮਿਕ ਗਾਥਾਵਾਂ ਜੋ ਕਿ ਸਿਆਸਤ ਅਤੇ ਆਰਥਿਕਤਾ ਵਿਚ ਆਜ਼ਾਦੀ, ਬਰਾਬਰੀ, ਭਰਾਤਰੀ ਭਾਵ ਅਤੇ ਲੋਕ ਰਾਜ ਦੀ ਵਿਰੋਧਤਾ ਕਰਦੀਆਂ ਹਨ ਨੂੰ ਜ਼ਰੂਰ ਹੀ ਵਿਸਾਰ ਦੇਣਾ ਚਾਹੀਦਾ ਹੈ। ਮਰ ਚੁੱਕੇ ਅਧਿਆਤਮਿਕ ਆਗੂਆਂ ਵਿਚੋਂ ਹੁਣ ਕੋਈ ਵੀ ਸਾਨੂੰ ਸੀਜ਼ਰ ਜਾਂ ਖਲੀਫ਼ਾ ਦੇ ਪ੍ਰਤੀ ਸ਼ਰਧਾਵਾਨ ਹੋਣ ਲਈ ਨਹੀਂ ਉਕਸਾ ਸਕਦਾ।

ਸੱਭ ਧਾਰਮਿਕ ਰੀਤੀਆਂ ਅਤੇ ਰਿਵਾਜ਼ਾਂ ਨੂੰ ਨਿੰਦਣਾ ਚਾਹੀਦਾ ਹੈ ਤੇ ਇਨ੍ਹਾਂ ਦਾ ਜ਼ੋਰਦਾਰ ਵਿਰੋਧ ਕਰਨਾ ਚਾਹੀਦਾ ਹੈ। ਜੋ ਕੰਮ ਇੱਛਾ ਅਨੁਸਾਰ ਨਹੀਂ ਬਲਕਿ ਆਦਤ ਅਨੁਸਾਰ ਜਾਂ ਬਾਹਰੀ ਪ੍ਰਸਥਿਤੀਆਂ ਦੇ ਪ੍ਰਭਾਵ ਅਧੀਨ ਕੀਤੇ ਜਾਂਦੇ ਹੋਣ ਉਹ ਕਦੇ ਵੀ ਆਤਮਾ ਨੂੰ ਸ਼ੁੱਧ ਅਤੇ ਸ਼ਖਸੀਅਤ ਦਾ ਵਿਕਾਸ ਨਹੀਂ ਕਰ ਸਕਦੇ। ਨੇਕ ਇਨਸਾਨ ਬਣਨਾ ਬਹੁਤ ਮੁਸ਼ਕਿਲ ਹੈ ਇਸ ਲਈ ਪ੍ਰੋਹਿਤ ਪਾਦਰੀ, ਪੁਜਾਰੀ, ਪੂਜਕ, ਮੁੱਲਾਂ, ਗਰੰਥੀ, ਇਮਾਮ, ਅਚਾਰੀਆ ਆਦਿ ਬਾਹਰੀ ਤੌਰ ਤੇ ਧਰਮ ਪ੍ਰਤੀ ਬੜੇ ਸ਼ਰਧਾਵਾਨ ਬਣਨਾ ਸਿਖਾਉਂਦਾ ਹਨ। ਅਜਿਹੀ ਬਾਹਰੀ ਤੌਰ ਤੇ ਪ੍ਰਗਟਾਏ ਜਾਣ ਵਾਲੀ ਸ਼ਰਧਾ ਤੁਹਾਡੇ ਬੋਧਿਕ ਵਿਕਾਸ ਦੇ ਰਾਹ ਵਿਚ ਇਕ ਗੰਭੀਰ ਸਮੱਸਿਆ ਹੈ। ਬਹੁਤ ਵਾਰੀ ਅਜਿਹਾ ਹੁੰਦਾ ਹੈ ਕਿ ਲੋਕ ਇਹ ਸਮਝਦੇ ਹਨ ਕਿ ਕੁੱਝ ਰੀਤੀ ਰਿਵਾਜ਼ (ਧਾਰਮਿਕ) ਮੰਨਣ ਨਾਲ ਉਹ ਇਸ ਦੁਨੀਆਂ ਵਿਚ ਪਦਾਰਥਕ ਖੁਸ਼ਹਾਲੀ ਪ੍ਰਾਪਤ ਕਰ ਲੈਣਗੇ ਜਾਂ ਨਰਕ ਵਿਚ ਮਿਲਣ ਵਾਲੀ ਸਜ਼ਾ ਤੋਂ ਮੁਕਤ ਹੋ ਜਾਣਗੇ। ਪ੍ਰੋਹਿਤ (ਕਿਸੇ ਵੀ ਧਰਮ ਦੇ ਪੂਜਕ) ਨੂੰ ਆਮ ਤੌਰ ਇਸ ਧਾਰਮਿਕ ਗੈਰ ਜ਼ਰੂਰੀ ਤੇ ਮੂਰਖਤਾਨਾ ਰੀਤ ਨਿਭਾਉਣ ਦੇ ਪੈਸੇ ਮਿਲਦੇ ਹਨ। ਭਾਵੇਂ ਕਿਸੇ ਦਾ ਨੁਕਸਾਨ ਹੋਵੇ ਪਰ ਉਸਦੀਆਂ ਹਮੇਸ਼ਾਂ ਪੌਂ ਬਾਰਾਂ ਹੁੰਦੀਆਂ ਹਨ। ਤੁਹਾਨੂੰ ਇਸ ਧੋਖਾਦੇਹੀ ਦਾ ਜ਼ੋਰਦਾਰ ਵਿਰੋਧ ਕਰਨਾ ਚਾਹੀਦਾ ਹੈ। ਤੁਹਾਨੂੰ ਆਪਣੇ ਆਲੇ ਦਵਾਲੇ ਦੇ ਲੋਕਾਂ ਨੂੰ ਇਹ ਸਿੱਖਿਆ ਦੇਣੀ ਚਾਹੀਦੀ ਹੈ ਕਿ ਤੀਰਥ ਯਾਤਰਾ ਕਰਨ, ਅੰਮ੍ਰਿਤ ਛਕਾਉਣਾ (ਪਰੂਲ ਦੇਣੀ), ਸੁਨੰਤ ਕਰਨੀ, ਸੂਰਜ ਦੀ ਪੂਜਾ ਕਰਨੀ, ਧਾਗੇ ਤਵੀਤ ਪਾਉਣੇ, ਖੂਨ ਦੀ ਬਲੀ ਚੜ੍ਹਾਉਣੀ, ਦੀਵਿਆਂ ਦੀ ਆਰਤੀ ਕਰਨੀ, ਮੰਨਤਾ ਮਨਾਉਣੀਆਂ, ਮੱਕੇ ਵੱਲ ਨੂੰ ਸਿਰ ਰੱਖ ਕੇ ਲੰਮੇ ਪੈਣਾ, ਗੰਗਾ ਇਸ਼ਨਾਨ ਕਰਨਾ, ਪੱਥਰ ਦੀ ਪੂਜਾ ਕਰਨੀ, ਬੁੱਧ ਦੇ ਦੰਦਾਂ ਦੀ ਪੂਜਾ ਕਰਨੀ, ਬੁੱਤਾਂ ਦੀ ਪੂਜਾ ਕਰਨੀ, ਜਾਨਵਰਾਂ ਦੀ ਪੂਜਾ ਕਰਨੀ, ਮੂਰਤਾਂ ਦੀ ਪੂਜਾ ਕਰਨੀ, ਜਾਂ ਗਿਰਜੇ ਵਿਚ ਦਿੱਤੀ ਜਾਣ ਵਾਲੀ ਸ਼ਰਾਬ ਨੂੰ ਈਸਾ ਦਾ ਲਹੂ ਸਮਝ ਕੇ ਪੀਣਾ ਆਦਿ ਗੱਲਾਂ ਨਾਲ ਕੁੱਝ ਵੀ ਪ੍ਰਾਪਤ ਨਹੀਂ ਹੁੰਦਾ। ਇਹੋ ਜਿਹੀਆਂ ਮੂਰਖਤਾਵਾਂ ਤੋਂ ਦੂਰ ਰਹਿਣਾ ਚਾਹੀਦਾ ਹੈ।

ਸਵਰਗਾਂ ਵਿੱਚ ਮੁਕਤੀ ਹੋਣਾ ਜਾਂ ਨਰਕਾਂ ਦੀ ਅੱਗ ਵਿੱਚ ਸੜਨਾ ਆਦਿ ਸਿੱਖਿਆਵਾਂ ਤਕਰੀਬਨ ਹਰ ਧਰਮ ਦਾ ਜ਼ਰੂਰੀ ਹਿੱਸਾ ਹਨ। ਈਸਾਈ ਮੱਤ ਅਤੇ ਇਸਲਾਮ ਦੇ ਮੁਤਾਬਿਕ ਇਹ ਸਵਰਗਾਂ ਦਾ ਸੁੱਖ ਜਾਂ ਨਰਕਾਂ ਦਾ ਦੁੱਖ ਹਮੇਸ਼ਾ ਹਮੇਸ਼ਾ ਲਈ ਮਿਲਦੇ ਹਨ ਅਤੇ ਹਿੰਦੂ ਅਤੇ ਬੁੱਧ ਧਰਮ ਦੇ ਮੁਤਾਬਿਕ ਇਹ ਕੁੱਝ ਸਮੇਂ ਲਈ ਹੀ ਮਿਲਦੇ ਹਨ। ਅਗਲੇ ਜਨਮ ਵਿੱਚ ਦੁੱਖਾਂ ਜਾਂ ਸੁੱਖਾਂ ਦੀ ਲਾਲਸਾ

ਦੇਣ ਦਾ ਮਨੋਰਥ ਸਾਧਾਰਨ ਇਨਸਾਨ ਨੂੰ ਬੁਰੇ ਕੰਮਾਂ ਤੋਂ ਹਟਾ ਕੇ ਨੇਕੀ ਦੇ ਰਸਤੇ ਉਪਰ ਲਿਆਉਣ ਦਾ ਹੁੰਦਾ ਹੈ। ਇਹੋ ਜਿਹੇ ਸੱਭ ਅੰਧ ਵਿਸ਼ਵਾਸ਼ਾਂ ਦਾ ਆਧਾਰ ਇਹ ਧਾਰਨਾ ਹੁੰਦੀ ਹੈ ਕਿ ਇਨਸਾਨ ਦੀ ਸ਼ਖ਼ਸੀਅਤ ਦਾ ਇਕ ਹਿੱਸਾ ਜਿਸਨੂੰ ਰੂਹ (ਸੋਲ) ਕਹਿੰਦੇ ਹਨ ਇਨਸਾਨ ਦੀ ਮੌਤ ਤੋਂ ਬਾਦ ਵੀ ਜਿਉਂਦੀ ਰਹਿੰਦੀ ਹੈ। ਇਹ ਦੁਬਾਰਾ ਸਰੀਰ ਵਿਚ ਸਮਾ ਵੀ ਸਕਦੀ ਹੈ ਜਾਂ ਕੇਵਲ ਆਪਣੇ ਆਪ ਵਿਚ ਹੀ ਹੋਂਦ ਵਿਚ ਰਹਿ ਸਕਦੀ ਹੈ। ਇਸਨੂੰ ਪਦਾਰਥਿਕ ਅਤੇ ਪੂਰਨ ਤੌਰ ਤੇ ਅਧਿਆਤਮਿਕ ਹੋਣ ਦਾ ਦਰਜਾ ਦਿੱਤਾ ਗਿਆ ਹੈ। ਸਾਰੀਆਂ ਗੱਲਾਂ ਦਾ ਸਿੱਟਾ ਇਹ ਨਿਕਲਦਾ ਹੈ ਕਿ ਤੁਹਾਡੀ ਸ਼ਖ਼ਸੀਅਤ ਦਾ ਇਕ ਹਿੱਸਾ ਜੋ ਭਾਵਨਾਵਾਂ ਮਹਿਸੂਸ ਕਰਨ ਦੇ ਯੋਗ ਹੈ, ਮੌਤ ਦੇ ਬਾਦ ਵੀ ਜਿਉਂਦਾ ਰਹਿੰਦਾ ਹੈ ਜਿਸ ਕਰਕੇ ਤੁਸੀਂ ਮੌਤ ਤੋਂ ਬਾਦ ਵੀ ਦੁੱਖ ਜਾਂ ਖੁਸ਼ੀ ਮਹਿਸੂਸ ਕਰ ਸਕਦੇ ਹੋ। ਇਸ ਗੈਰ ਵਿਗਿਆਨਿਕ ਸਿਧਾਂਤ ਨੇ ਸੱਭ ਦੇਸ਼ਾਂ ਵਿਚ ਵਹਿਮਾਂ ਭਰਮਾਂ ਦਾ ਕਿਤਨਾ ਬੜਾ ਫੈਲਾਅ ਕੀਤਾ ਹੈ। ਇਸ ਸਿਧਾਂਤ ਨੂੰ ਥੰਮੀ ਦਾ ਸਹਾਰਾ ਦੇਣ ਲਈ ਅਤੇ ਪੱਕਾ ਕਰਨ ਲਈ ਕਿਤਨੇ ਹੀ ਅਸੂਲਾਂ ਨੂੰ ਛਿੱਕੇ ਟੰਗਿਆ ਗਿਆ ਹੈ ਤੇ ਤੋੜਿਆ ਮਰੋੜਿਆ ਗਿਆ ਹੈ। ਡਰ ਅਤੇ ਦਹਿਸ਼ਤ ਨੇ ਅਣਗਿਣਤ ਔਰਤਾਂ ਤੇ ਮਰਦਾਂ ਦੀ ਸ਼ਾਂਤੀ, ਸਵੈਮਾਣ ਅਤੇ ਇਨਸਾਨੀਅਤ ਦੇ ਸੱਚੇ ਅਸੂਲ ਖੋਹ ਲਏ ਹਨ। ਮਿਸਰ ਦੇ ਪੁਰਾਣੇ ਲੋਕਾਂ ਤੋਂ ਲੈ ਕੇ ਧਾਰਮਿਕ ਪੁਨਰ ਜਾਗਰਣ ਵਾਦੀਆਂ ਦੇ ਅਡੰਬਰਾਂ ਤੱਕ ਇਨਸਾਨ ਇਸ ਸਵਾਲ ਦਾ ਜੁਆਬ ਲੱਭਣ ਦੀ ਕੋਸ਼ਿਸ਼ ਕਰਦਾ ਰਿਹਾ ਹੈ ਕਿ ਮੌਤ ਤੋਂ ਬਾਦ ਮੈਨੂੰ ਕੀ ਹੋਵੇਗਾ? ਚਲਾਕ ਧੋਖੇਬਾਜ਼ਾਂ ਜੋ ਹਮੇਸ਼ਾ ਵਿਦਵਾਨ ਹੋਣ ਦਾ ਦਾਅਵਾ ਕਰਦੇ ਹਨ, ਬੇਈਮਾਨਾਂ ਤੇ ਬਦਮਾਸ਼ਾਂ ਨੇ ਹਮੇਸ਼ਾਂ ਇਨਸਾਨ ਦਾ ਉਸਦੇ ਇਸ ਸਵਾਲ ਬਾਰੇ ਅਗਿਆਨਤਾ ਕਾਰਨ ਸ਼ੋਸ਼ਣ ਕੀਤਾ ਹੈ। ਪਾਦਰੀਆਂ (ਪੁਜਾਰੀਆਂ, ਪ੍ਰੋਹਿਤਾਂ ਆਦਿ) ਨੇ ਹਮੇਸ਼ਾ ਆਪਣੇ ਗੁਮਰਾਹ ਹੋਏ ਸ਼ਰਧਾਲੂਆਂ ਦਾ ਧੰਨ ਉਨ੍ਹਾਂ ਨੂੰ ਇਹ ਯਕੀਨ ਦੁਆ ਕੇ ਲੁੱਟਿਆ ਹੈ ਕਿ ਭਵਿੱਖ ਵਿਚ ਇਸ ਦੇ ਬਦਲੇ ਉਨ੍ਹਾਂ ਨੂੰ ਖੁਸ਼ੀ ਪ੍ਰਾਪਤ ਹੋਵੇਗੀ। ਸ਼ਾਇਦ ਇਨ੍ਹਾਂ ਪਾਦਰੀਆਂ ਆਦਿ ਨੇ ਪਹਿਲਾਂ ਆਪਣੇ ਆਪ ਨੂੰ ਗੁਮਰਾਹ ਕਰ ਲਿਆ ਹੋਵੇ ਪਰ ਆਪਣੇ ਸ਼ਰਧਾਲੂਆਂ ਦੀ ਗੁਮਰਾਹੀ ਤੋਂ ਨਿਸ਼ਚੇ ਹੀ ਉਨ੍ਹਾਂ ਨੇ ਫ਼ਾਇਦਾ ਉਠਾਇਆ ਹੈ। ਨਰਕ ਦੀ ਸਜ਼ਾ ਦੇ ਡਰ ਨੇ ਆਦਮ ਜਾਤ ਦੀਆਂ ਅੱਖਾਂ ਵਿਚੋਂ ਇਤਨੇ ਅੱਥਰੂ ਵਹਾਏ ਹਨ ਜਿਤਨਿਆਂ ਨਾਲ ਸਾਰੇ ਡੂੰਘੇ ਸਮੁੰਦਰ ਭਰ ਸਕਦੇ ਹਨ। ਮੁਕਤੀ ਦੀ ਆਸ ਵਿਚ ਦਿੱਤੇ ਦਾਨ ਨੇ ਪਾਦਰੀਆਂ (ਪ੍ਰੋਹਿਤਾਂ, ਪੂਜਕਾਂ ਆਦਿ) ਦੀਆਂ ਤਿਜੋਰੀਆਂ ਵਿਚ ਇਤਨਾ ਧੰਨ ਦੌਲਤ (ਸੋਨਾ ਚਾਂਦੀ) ਭਰਿਆ ਹੈ ਜਿਤਨਾ ਕਿ ਸਪੇਨੀ ਲੋਕਾਂ ਨੇ ਅਮਰੀਕਾ ਤੋਂ ਜਾਂ ਮਹਿਮੂਦ ਗਜ਼ਨਵੀ ਨੇ ਹਿੰਦੁਸਤਾਨ ਤੋਂ ਨਹੀਂ ਲੁੱਟਿਆ ਹੋਣਾ। ਇਨਸਾਨੀਅਤ ਦੇ ਅਸੂਲ ਇਕ ਸ਼ਰਮਨਾਕ ਵਿਉਪਾਰਕ ਵਹੀ-ਖਾਤਾ ਬਣ ਕੇ ਰਹਿ ਗਏ ਹਨ। ਸ਼ਰਧਾਲੂਆਂ ਵਾਸਤੇ ਨੇਕੀ ਇਸ ਤਰ੍ਹਾਂ ਬਣ ਕੇ ਰਹਿ ਗਈ ਹੈ ਜਿਵੇਂ ਨਰਕ ਦੀ ਅੱਗ ਤੋਂ ਬਚਣ ਲਈ ਕਰਵਾਏ ਗਏ ਬੀਮੇ ਦੀ ਦਿੱਤੀ ਜਾਣ ਵਾਲੀ ਕਿਸ਼ਤ ਹੋਵੇ ਅਤੇ ਚਰਚ (ਧਾਰਮਿਕ ਆਦਾਰਾ) ਉਹ ਬੀਮਾ ਪਾਲਿਸੀ ਵੇਚਣ ਵਾਲੀ ਕੰਪਨੀ ਹੋਵੇ। ਰੂਸ ਵਿਚ ਇਕ ਧੋਖੇਬਾਜ਼ ਨੇ ਭੋਲੇ ਭਾਲੇ ਗਰੀਬ ਕਿਸਾਨਾਂ ਨੂੰ ਪੰਜ ਜਾਂ ਦਸ ਰੂਬਲ ਦੇ ਬਦਲੇ ਵਿਚ ਸਵਰਗ ਵਿਚ ਸੀਟਾਂ ਵੇਚੀਆਂ ਸਨ। ਅਰਦਾਸਾਂ, ਮੁਰਦੇ ਲਈ ਤੁਹਫ਼ੇ ਆਦਿ ਦੁਨੀਆਂ ਦੇ ਹਰੇਕ ਮੁਲਕ ਵਿਚ ਪ੍ਰੋਹਿਤਾਂ ਲਈ ਆਮਦਨੀ ਦਾ ਪੱਕਾ ਵਸੀਲਾ ਹਨ। ਸੋ ਇਹ ਹਨ ਰੂਹ ਦੀ ਧਾਰਨਾ ਅਤੇ ਇਸਦੀ ਅਗਲੀ ਦੁਨੀਆਂ ਵਿਚ ਹੋਣ ਵਾਲੀ ਹੋਂਦ ਦੀ ਧਾਰਨਾ ਦੇ ਭੈੜੇ ਅਤੇ ਖਤਰਨਾਕ ਨਤੀਜੇ। ਇਨਸਾਨੀਅਤ ਨੂੰ ਪਿਆਰ ਕਰਨ ਵਾਲੇ ਹਰੇਕ ਇਨਸਾਨ ਨੂੰ ਰੂਹ ਦੀ ਧਾਰਨਾ ਤੋਂ ਨਿਕਲਣ ਵਾਲੇ ਇਨ੍ਹਾਂ ਖਤਰਨਾਕ ਸਿੱਟਿਆਂ ਵੱਲ ਦੇਖ ਕੇ ਹੀ ਇਸ ਧਾਰਨਾ ਦੀ ਨਿਖੇਧੀ ਕਰਨੀ ਚਾਹੀਦੀ ਹੈ ਅਤੇ ਇਸਨੂੰ ਰੋਕਣਾ ਚਾਹੀਦਾ ਹੈ।

"ਮੁਕਤੀ ਦੀ ਆਸ ਵਿਚ ਦਿੱਤੇ ਦਾਨ ਨੇ ਪਾਦਰੀਆਂ (ਪ੍ਰੋਹਿਤਾਂ, ਪੂਜਕਾਂ ਆਦਿ) ਦੀਆਂ ਤਿਜੋਰੀਆਂ ਵਿਚ ਇਤਨਾ ਧੰਨ ਦੌਲਤ (ਸੋਨਾ ਚਾਂਦੀ) ਭਰਿਆ ਹੈ ਜਿਤਨਾ ਕਿ ਸਪੇਨੀ ਲੋਕਾਂ ਨੇ ਅਮਰੀਕਾ ਤੋਂ ਜਾਂ ਮਹਿਮੂਦ ਗਜ਼ਨਵੀ ਨੇ ਹਿੰਦੁਸਤਾਨ ਤੋਂ ਨਹੀਂ ਲੁੱਟਿਆ ਹੋਣਾ।"

ਹੁਣ ਤੁਹਾਨੂੰ ਹਰ ਕਿਸਮ ਦੇ ਬਦਲਾ ਲਊ ਜਾਂ ਅਗਲੇ ਜਨਮ ਵਿਚ ਸਜ਼ਾ ਦੇਣ ਵਾਲੀਆਂ ਰੂੜੀਵਾਦੀ ਨੀਤੀਆਂ ਰੱਦ ਕਰਕੇ ਆਪਣੇ ਆਪ ਨੂੰ ਤੇ ਦੂਸਰਿਆਂ ਨੂੰ ਵਹਿਮਾਂ ਭਰਮਾਂ ਤੋਂ ਮੁਕਤੀ ਦਿਵਾਉਣੀ ਚਾਹੀਦੀ ਹੈ। ਇਨਸਾਨ ਆਪਣੀ ਸ਼ਖ਼ਸੀਅਤ ਨੂੰ ਚੰਗਾ ਬਣਾਉਣ ਲਈ ਪੈਦਾ ਹੋਇਆ ਹੈ ਨਾਂ ਕਿ ਆਪਣੇ ਕੰਮਾਂ ਦੇ ਬਦਲੇ ਦੁੱਖਾਂ ਦੀ ਸਜ਼ਾ ਪਾਉਣ ਜਾਂ ਇਨਾਮਾਂ ਦੀਆਂ ਖੁਸ਼ੀਆਂ ਪਾਉਣ ਲਈ। ਅਗਲੇ ਜਨਮ ਵਿਚ ਸਜ਼ਾ ਮਿਲਣ ਦਾ ਜਾਂ ਬਦਲਾ ਦੇਣ ਦਾ ਵਿਚਾਰ ਜਿੱਥੇ ਕਿਤੇ ਵੀ ਮਿਲੇ ਉਸਦਾ ਖਾਤਮਾ ਕਰਨਾ ਚਾਹੀਦਾ ਹੈ। ਸ਼ਖ਼ਸੀਅਤ ਦੀ ਮੰਜ਼ਿਲ ਵਿਕਾਸ ਕਰਨਾ ਹੈ ਨਾਂ ਭੋਗ ਵਿਲਾਸੀ ਹੋਣਾ ਜਾਂ ਰੜਕਾਂ ਕੱਢਣਾ ਜਾਂ ਬੁਰਾਈ ਦਾ ਬਦਲਾ ਲੈਣਾ ਹੈ। ਇਹ ਸਾਰਾ ਬ੍ਰਹਿਮੰਡ ਕਿਸੇ ਜ਼ਾਲਿਮ ਪੁਲਿਸ ਵਾਲੇ ਜਾਂ ਲਾਲਚੀ ਭਾੜੇ ਦੇ ਟੱਟੂਆਂ ਦੇ ਸਿਧਾਂਤ ਤੇ ਨਹੀਂ ਚਲਦਾ ਸਗੋਂ ਕ੍ਰਮਵਿਕਾਸ (ਵੋਲੂਤੋਨਿ) ਦੇ ਨਿਯਮਬੱਧ ਤਰੀਕੇ ਨਾਲ ਚਲਦਾ ਹੈ। ਕੋਈ ਵੀ ਇਨਸਾਨ ਮਰਨ ਤੋਂ ਬਾਦ ਕਿਸੇ ਵੀ ਤਰੀਕੇ ਨਾਲ ਕਿਸੇ ਕਿਸਮ ਦੇ ਇਨਾਮ ਜਾਂ ਸਜ਼ਾ ਦਾ ਭਾਗੀ ਨਹੀਂ ਬਣੇਗਾ। ਨੈਤਿਕਤਾ, ਸਦਾਚਾਰ ਅਤੇ ਉੱਚਤਾ ਇਸੇ ਜ਼ਿੰਦਗੀ ਦੇ ਹੀ ਅਸਲ ਪੁਰਸਕਾਰ ਹਨ ਕਿਉਂਕਿ ਇਨ੍ਹਾਂ ਦੇ ਵਿਕਾਸ ਨਾਲ ਸ਼ਖ਼ਸੀਅਤ ਦਾ ਵੀ ਵਿਕਾਸ ਨਾਲ ਨਾਲ ਹੁੰਦਾ ਹੈ। ਅਨੈਤਿਕਤਾ, ਬੁਰਾਈ ਅਤੇ ਨੀਚਤਾ ਆਪਣੇ ਆਪ ਵਿਚ ਹੀ ਸਜ਼ਾਵਾਂ ਹਨ ਕਿਉਂਕਿ ਇਹ ਵਿਕਾਸ ਨੂੰ ਰੋਕ ਦਿੰਦੀਆਂ ਹਨ। ਇਸ ਦੁਨੀਆਂ ਵਿਚ ਕਿਤੇ ਵੀ ਕੋਈ ਵਹੀ ਖਾਤਾ ਨਹੀਂ ਖੁੱਲਿਆ ਹੋਇਆ ਜਿਸ ਵਿਚ ਤੁਹਾਡੇ ਪਾਪਾਂ ਜਾਂ ਪੁੰਨਾਂ ਦਾ ਵੇਰਵਾ ਦਰਜ ਹੋਵੇ। ਇਹ ਬ੍ਰਹਿਮੰਡ ਤੁਹਾਡੇ ਚੰਗੇ ਜਾਂ ਮਾੜੇ ਕੰਮਾਂ ਨੂੰ ਯਾਦ ਨਹੀਂ ਰੱਖਦਾ ਸਗੋਂ ਇਹ ਹਰੇਕ ਛਿਣ ਨੂੰ ਆਪਣੇ ਆਪ ਵਿਚ ਸੰਪੂਰਨ ਮੰਨਦਾ ਹੈ ਅਤੇ ਵਿਕਾਸ ਦੇ ਰਾਹ ਤੇ ਤੇਜ਼ੀ ਨਾਲ ਵੱਧਦਾ ਜਾਂਦਾ ਹੈ। ਸੋ ਇਸ ਕਰਕੇ ਮੌਤ ਤੋਂ ਬਾਦ ਮਿਲਣ ਵਾਲੀ ਨਰਕ ਦੀ ਸਜ਼ਾ ਦੇ ਡਰ ਜਾਂ ਸਵਰਗ ਦੇ ਸੁੱਖਾਂ ਦੀ ਲਾਲਸਾ ਨੂੰ ਦਿਮਾਗ ਵਿਚੋਂ ਕੱਢ ਸਿੱਟੋ।

ਸੱਭ ਵਹਿਮਾਂ ਭਰਮਾਂ ਤੋਂ ਛੁਟਕਾਰਾ ਪਾਉਣ ਤੋਂ ਬਾਦ ਹੀ ਤੁਸੀਂ ਇਸ ਤੁਲਨਾਤਮਕ ਧਰਮ ਦੀ ਪੜ੍ਹਾਈ ਤੋਂ ਫ਼ਾਇਦਾ ਉਠਾ ਸਕਦੇ ਹੋ। ਮਹਾਨ ਗੁਰੂਆਂ ਅਤੇ ਆਗੂਆਂ ਦੀਆਂ ਜ਼ਿੰਦਗੀਆਂ ਨੂੰ ਤੇ ਉਨ੍ਹਾਂ ਦੇ ਵਚਨਾਂ ਨੂੰ ਚੰਗੀ ਤਰ੍ਹਾਂ ਮਨ ਵਿਚ ਵਿਚਾਰੋ। ਉਨ੍ਹਾਂ ਨੇ ਧੰਨ ਅਤੇ ਜਾਇਦਾਦ ਨੂੰ ਤੁੱਛ ਸਮਝਿਆ, ਤੁਸੀਂ ਵੀ ਇਹੋ ਕਰ ਸਕਦੇ ਹੋ। ਉਨ੍ਹਾਂ ਨੇ ਬਿਲਕੁਲ ਸਧਾਰਨ ਖਾਣ ਪੀਣ ਅਤੇ ਪਹਿਨਣ ਦੀਆਂ ਵਸਤਾਂ ਤੇ ਗੁਜ਼ਾਰਾ ਕੀਤਾ, ਤੁਸੀਂ ਵੀ ਇਹੋ ਕਰ ਸਕਦੇ ਹੋ। ਉਨ੍ਹਾਂ ਨੇ ਗਰੀਬ ਅਤੇ ਨਿਮਾਣੇ ਨੂੰ ਪਿਆਰ ਕੀਤਾ, ਤੁਸੀਂ ਵੀ ਇਹੋ ਕਰ ਸਕਦੇ ਹੋ। ਉਹ ਜਿਨਸੀ ਹਵਸ ਦੀ ਲਾਲਸਾ ਜਾਂ ਹੋਰ ਕਿਸੇ ਕਿਸਮ ਦੀ ਤਾਂਘ ਤੋਂ ਆਜ਼ਾਦ ਸਨ, ਤੁਸੀਂ ਵੀ ਇਹੋ ਕਰ ਸਕਦੇ ਹੋ। ਉਹ ਹਮੇਸ਼ਾ ਨਰਮ ਦਿਲ, ਹਲੀਮੀ ਵਾਲੇ ਤੇ ਧੀਰਜਵਾਨ ਸਨ, ਤੁਸੀਂ ਵੀ ਇਹੋ ਕਰ ਸਕਦੇ ਹੋ। ਉਨ੍ਹਾਂ ਨੇ ਆਪਣੇ ਦੋਸਤਾਂ ਤੇ ਸੰਗੀਆਂ ਸਾਥੀਆਂ ਨੂੰ ਸੰਪੂਰਨਤਾ ਵੱਲ ਪਹੁੰਚਣ ਦਾ ਹੌਸਲਾ ਦਿੱਤਾ, ਤੁਸੀਂ ਵੀ ਇਹੋ ਕਰ ਸਕਦੇ ਹੋ।

ਤੁਹਾਨੂੰ ਉਨ੍ਹਾਂ ਦੀਆਂ ਲਿਖਤਾਂ ਵਿਚੋਂ ਚੋਣਵੇਂ ਅਸੂਲਾਂ ਅਤੇ ਧਾਰਨਾਵਾਂ ਦੇ ਫੁੱਲਾਂ ਦਾ ਇਕ ਗੁਲਦਸਤਾ ਬਣਾਉਣਾ ਚਾਹੀਦਾ ਹੈ। ਇਹ ਫੁੱਲ ਤੁਹਾਡੇ ਮਨ ਨੂੰ ਨੇਕੀ ਦੀ ਸੁੰਦਰਤਾ ਅਤੇ ਸੁਗੰਧੀ ਨਾਲ ਤਰੋਤਾਜ਼ਾ ਕਰ ਦੇਣਗੇ।

ਪੁਰਾਣੇ ਮੱਤਾਂ ਵਿਚ ਵਹਿਮ ਭਰਮ ਆਮ ਤੌਰ ਤੇ ਕਿਸੇ ਨਾ ਕਿਸੇ ਧਰਮ ਸ਼ਾਸਤਰ ਦਾ ਹਿੱਸਾ ਹੁੰਦੇ ਹਨ। ਇਨ੍ਹਾਂ ਦਾ ਸੰਪਰਦਾਇ (ਸਿਧਾਂਤ) ਇਕ-ਈਸ਼ਵਰਵਾਦੀ ਜਾਂ ਬਹੁ-ਈਸ਼ਵਰਵਾਦੀ ਹੁੰਦਾ ਹੈ। ਸ਼ਿਵ, ਵਿਸ਼ਨੂੰ, ਬੁੱਧ, ਦੇਵਤਿਆਂ, ਦੈਂਤਾਂ ਜਾਂ ਰੱਬ ਦੀ ਪੂਜਾ ਇਨ੍ਹਾਂ ਵਿਚ ਵਹਿਮਾਂ ਤੇ ਭਰਮਾਂ ਨੂੰ ਭਰਦੀ ਹੈ। ਤੁਹਾਨੂੰ ਐਸੇ ਧਰਮ ਸ਼ਾਸਤਰ ਦੇ ਆਖਰੀ ਲੇਸ ਮਾਤਰ ਤੋਂ ਵੀ ਕਿਨਾਰਾ ਕਰ ਲੈਣਾ ਚਾਹੀਦਾ ਹੈ।

ਬਹੁ-ਈਸ਼ਵਰਵਾਦ ਅਜੇ ਵੀ ਭਾਰਤ, ਚੀਨ ਤੇ ਹੋਰ ਦੇਸ਼ਾਂ ਵਿਚ ਪ੍ਰਚੱਲਤ ਹੈ ਪਰ ਲੋਕਾਂ ਦੀ ਵਧ ਰਹੀ ਸੂਝ ਬੂਝ ਦਾ ਸਦਕਾ ਹੌਲੀ ਹੌਲੀ ਇਸਦਾ ਵਿਨਾਸ਼ ਹੋ ਰਿਹਾ ਹੈ। ਲੋਕਾਂ ਲਈ ਅਣਗਿਣਤ ਦੇਵੀਆਂ ਦੇਵਤਿਆਂ, ਜਿਨ੍ਹਾਂ ਵਿਚੋਂ ਕਿਸੇ ਦੇ ਚਾਰ ਮੂੰਹ, ਤਿੰਨ ਅੱਖਾਂ, ਸਿਰ ਹਾਥੀ ਦਾ ਲੱਗਾ ਹੋਇਆ ਵਰਗੀਆਂ ਗੱਲਾਂ ਤੇ ਸ਼ੱਕ ਕਰਨਾ ਸੌਖਾ ਹੈ। ਬਹੁ-ਈਸ਼ਵਰਵਾਦ, ਦੇਵਤਿਆਂ ਦੀਆਂ ਸ਼ਕਲਾਂ ਸੂਰਤਾਂ

ਇਨਸਾਨਾਂ ਵਰਗੀਆਂ ਬਣਾ ਕੇ ਪੇਸ਼ ਕਰਦਾ ਹੈ ਅਤੇ ਇਸ ਕਰਕੇ ਉਨ੍ਹਾਂ ਉਪਰ ਯਕੀਨ ਕਰਨਾ ਔਖਾ ਬਣਾ ਦਿੰਦਾ ਹੈ (ਸ਼ੱਕ ਕਰਨਾ ਸੌਖਾ ਬਣਾ ਦਿੰਦਾ ਹੈ) ਪਰ ਅਧਿਆਤਮਕ ਅਦਵੈਤਵਾਦ (ਇਕ-ਈਸ਼ਵਰਵਾਦ) ਜ਼ਿਆਦਾ ਖਤਰਨਾਕ ਤੇ ਲੁਕਵਾਂ ਦੁਸ਼ਮਣ ਹੈ ਕਿਉਂਕਿ ਇਹ ਸੂਖਮ ਦ੍ਰਿਸ਼ਟੀ ਅਤੇ ਤਰਕਸ਼ੀਲ ਹੋਣ ਦਾ ਢੋਂਗ ਕਰਦਾ ਹੈ। ਇਹ ਰੱਬ ਨੂੰ ਸਰੀਰ, ਭਾਵਨਾ, ਅਭਿਲਾਸ਼ਾ, ਬੀਵੀ-ਬੱਚਿਆਂ ਤੋਂ ਵਾਂਝਾ ਕਰ ਦਿੰਦਾ ਹੈ ਅਤੇ ਇਸਨੂੰ ਅਦਿੱਖ, ਸਪਰਸ਼ਹੀਣ, ਸਦੀਵੀ (ਅਨੰਤ), ਸਰਬਵਿਆਪਕ, ਬੁੱਧੀਮਾਨ, ਦਇਆਵਾਨ, ਤੇ ਸਰਬਸ਼ਕਤੀਮਾਨ ਪਰਮ ਹਸਤੀ ਬਣਾ ਕੇ ਪੇਸ਼ ਕਰਦਾ ਹੈ ਜਿਸਦੀ ਵਜਹ ਨਾਲ ਇਹ ਸਾਰਾ ਬ੍ਰਹਿਮੰਡ ਬਣਿਆ ਤੇ ਵਿਚਰ ਰਿਹਾ ਹੈ। ਇਹ ਸਿੱਖਿਆ ਬੇਢੰਗ ਬਹੁ-ਈਸ਼ਵਰਵਾਦ ਨਾਲੋਂ ਜ਼ਿਆਦਾ ਮੋਮੋਠੱਗਣੀ ਹੈ। ਇਹ ਸਿੱਖਿਆ ਯਹੂਦੀ, ਮੁਸਲਿਮ ਅਤੇ ਈਸਾਈ ਧਰਮ ਸ਼ਾਸਤਰ ਦਾ ਆਧਾਰ ਹੈ। ਚੰਗੀ ਕਿਸਮਤ ਨੂੰ ਬਹੁਤ ਸਾਰੇ ਯੂਨਾਨੀ, ਹਿੰਦੂ ਅਤੇ ਚੀਨੀ ਦਾਰਸ਼ਨਿਕ ਇਸ ਜਾਲ ਵਿਚ ਨਹੀਂ ਫਸੇ। ਚਾਰ ਮੁੱਖ ਧਾਰਮਿਕ ਧਾਰਾਵਾਂ ਵਿਚ ਸਿਰਫ਼ ਇਕ ਹੀ ਇਸ ਭਰਮ ਨਾਲ ਅਸ਼ੁੱਧ ਹੋਈ ਹੈ।

ਤੁਹਾਨੂੰ ਇਸ ਰੂੜੀਵਾਦ ਨੂੰ ਹੇਠ ਲਿਖੇ ਕਾਰਨਾਂ ਕਰਕੇ ਰੱਦ ਕਰਨਾ ਅਤੇ ਤਿਆਗ ਦੇਣਾ ਚਾਹੀਦਾ ਹੈ:

(1) ਅਰਸਤੂ ਅਤੇ ਸੰਤ ਟਾਮਸ ਅਕੁਇਨਾ ਦੁਨੀਆਂ ਦੇ ਜਿਸ ਤਰ੍ਹਾਂ ਦੇ ਇਕ ਚਾਲਕ ਦੀ ਕਲਪਨਾ ਕਰਦੇ ਹਨ ਉਸ ਤਰ੍ਹਾਂ ਦਾ ਕੋਈ ਵੀ ਕੁਦਰਤ ਨੂੰ ਅਰੰਭਣ ਅਤੇ ਚਲਾਉਣ ਵਾਲਾ ਨਹੀਂ ਹੋ ਸਕਦਾ। ਟਾਮਸ ਅਕੁਇਨਾ ਕਹਿੰਦਾ ਹੈ, "ਰੱਬ ਦੀ ਹੋਂਦ ਮਨਾਉਣ ਦਾ ਸੱਭ ਤੋਂ ਪਹਿਲਾ ਅਤੇ ਪ੍ਰਤੱਖ ਤਰੀਕਾ ਵੇਗ ਦੀ ਦਲੀਲ ਰਾਹੀਂ ਹੋ ਸਕਦਾ ਹੈ। ਹਰ ਚੀਜ਼ ਦੀ ਗਤੀ ਦੀ ਵਜਹ ਕੋਈ ਹੋਰ ਚੀਜ਼ ਹੁੰਦੀ ਹੈ। ਸੋ ਸਾਨੂੰ ਕਿਸੇ ਐਸੀ ਚੀਜ਼ ਦੀ ਖੋਜ ਕਰਨੀ ਪਵੇਗੀ ਜੋ ਕਿਸੇ ਹੋਰ ਚੀਜ਼ ਦੀ ਵਜਹ ਨਾਲ ਨਹੀਂ ਬਲਕਿ ਆਪਣੇ ਆਪ ਹੀ ਗਤਿਸ਼ੀਲ ਹੈ। ਹਰ ਕਿਸੇ ਦੀ ਸਮਝ ਮੁਤਾਬਕ ਐਸੀ ਚੀਜ਼ ਰੱਬ ਹੀ ਹੈ ਜੋ ਕਿਸੇ ਹੋਰ ਚੀਜ਼ ਨਾਲ ਨਹੀਂ ਬਲਕਿ ਆਪਣੇ ਆਪ ਹੀ ਗਤਿਸ਼ੀਲ ਹੈ।"

ਅਰਸਤੂ ਨੇ ਆਪਣੇ ਅਧਿਆਤਮਵਾਦ ਵਿਚ ਲਿਖਿਆ ਹੈ, "ਮੁੱਢਲੀ ਗਤੀ ਤਬਦੀਲੀ ਨਾਲ ਸਬੰਧ ਰੱਖਦੀ ਹੈ ਜਾਂ ਤਬਦੀਲੀ ਤੋਂ ਪੈਦਾ ਹੁੰਦੀ ਹੈ ਪਰ ਸੱਭ ਤੋਂ ਪਹਿਲਾਂ ਹਿਲਾਉਣ ਵਾਲਾ ਉਸਨੂੰ ਗਤੀ ਪ੍ਰਦਾਨ ਕਰਦਾ ਹੈ। ਸੋ ਇਸ ਕਰਕੇ ਇਸ ਸੱਭ ਤੋਂ ਪਹਿਲਾਂ ਹਿਲਾਉਣ ਵਾਲੇ ਵਿਅਕਤੀ ਦਾ ਅਸਤਿਤਵ (ਵਜੂਦ) ਹੋਣਾ ਜ਼ਰੂਰੀ ਹੈ।"

ਪਰ ਇਹ ਦਲੀਲ ਬਿਲਕੁਲ ਗਲਤ ਹੈ। ਅਸੀਂ ਗਤੀ ਦੇ ਜਾਂ ਇਸ ਬ੍ਰਹਿਮੰਡ ਦੇ ਸ਼ੁਰੂ ਹੋਣ ਦੀ ਕਲਪਨਾ ਨਹੀਂ ਕਰ ਸਕਦੇ। ਪਦਾਰਥ ਵਿਚ ਗਤੀ ਦਾ ਹੋਣਾ ਇਕ ਭੌਤਿਕ ਚਮਤਕਾਰ ਹੈ ਜਿਸਦੇ ਬਕਾਇਦਾ ਪੂਰਣ ਘਟਿਤ ਭੌਤਿਕ ਕਿਰਿਆਵਾਂ ਹੋਣਗੀਆਂ। ਇਹ ਅਸੰਭਵ ਹੈ ਕਿ ਇਨ੍ਹਾਂ ਭੌਤਿਕ ਕਿਰਿਆਵਾਂ ਦੀ ਕੜੀ ਬਾਹਰ ਛਾਲ ਮਾਰ ਕੇ 'ਰੱਬ' ਦੀ ਝੋਲੀ ਵਿਚ ਜਾ ਡਿੱਗੀਏ ਜੋ ਕਿ ਇਕ ਵਿਅਕਤੀ ਹੈ।

(2) ਇਹ ਬ੍ਰਹਿਮੰਡ ਰੱਬ ਨੇ ਨਹੀਂ ਪੈਦਾ ਕੀਤਾ। ਕੁੱਝ ਸੋਚਵਾਨ ਇਹ ਕਹਿੰਦੇ ਹਨ ਕਿ ਰੱਬ ਨੇ ਇਹ ਬ੍ਰਹਿਮੰਡ ਬਿਲਕੁਲ ਆਭਾਵ (out or nothing) ਪੈਦਾ ਕੀਤਾ ਹੈ। ਇਹ ਸਿੱਖਿਆ ਅੰਜੀਲ (ਬਾਈਬਲ) ਦੇ ਮੁੱਢਲੇ ਅਧਿਆਏ ਅਤੇ ਕੁਰਾਨ ਵਿਚ ਦਰਜ ਹੈ। ਹੋਰ ਦਾਰਸ਼ਨਿਕਾਂ ਜਿਵੇਂ ਲੈਬਨਿਜ਼ ਦੀ ਕਲਪਨਾ ਮੁਤਾਬਕ 'ਰੱਬ' ਬਿੱਲਕੁਲ ਸ਼ੂਨਯ (nothing) ਤੋਂ ਪੈਦਾ ਨਹੀਂ ਹੋਇਆ। ਇਸ ਗੱਲ ਦੇ ਨਾਲ ਪੂਰਨ ਤੋਰ ਤੇ ਆਸਤਿਕਾਂ ਦੇ ਜਨਮ ਹੋਣ ਅਤੇ ਸਰਬ ਈਸ਼ਵਰਵਾਦੀ (ਦੇਵ-ਪੁਜਾਰੀਆਂ) ਦੀ ਉਤਪਤੀ ਦੇ ਵਿਚ-ਵਿਚਾਲੇ ਜਿਹੇ ਦੀ ਵਿਧੀ ਨਾਲ ਇਕ ਭਟਕੀ ਜਿਹੀ ਸੋਚ ਦਾ ਜਨਮ ਹੋਇਆ।

ਪਲਾਟੋ, ਡੇਸਕਾਰਟਸ ਅਤੇ ਸੁਆਮੀ ਦਯਾਨੰਦ ਦੀ ਸਿੱਖਿਆ ਮੁਤਾਬਕ ਰੱਬ ਨੇ ਇਹ ਸੰਸਾਰ ਪਹਿਲਾਂ ਹੀ ਮੌਜੂਦ ਪਦਾਰਥ ਤੋਂ ਬਣਾਇਆ ਹੈ। ਜੇਕਰ 'ਰੱਬ' ਨੇ ਇਹ ਪਦਾਰਥ ਅਤੇ ਬ੍ਰਹਿਮੰਡ ਬਿਲਕੁੱਲ ਸ਼ੂਨਯ ਤੋਂ ਬਣਾਇਆ ਹੈ ਜਾਂ ਸਿਰਫ਼ ਅਨੰਤਤਾ ਤੋਂ (ਸਦੀਵੀ) ਮੌਜੂਦ ਪਦਾਰਥ ਨੂੰ ਹੀ ਮੁੜ ਵਿਵਸਥਿਤ (ਕ੍ਰਮ ਬੱਧ) ਕੀਤਾ ਤੇ ਸੁਰਜੀਤ ਕੀਤਾ ਹੈ ਤਾਂ ਇਨ੍ਹਾਂ ਦੋਹਾਂ ਹਾਲਤਾਂ ਵਿਚ ਇਹ ਅੰਦਾਜ਼ਾ ਲਗਾਉਣਾ ਅਸੰਭਵ ਹੈ ਕਿ ਐਸਾ ਕਰਨ ਪਿੱਛੇ ਉਸਦਾ ਕੀ ਮਨੋਰਥ ਹੋ ਸੀ। ਕਿਸੇ ਵਸਤੂ ਦੀ ਸਰਗਰਮੀ ਉਸਦੀ ਇੱਛਾ ਦਾ ਅਤੇ ਉਸਦੀ ਅਣ-ਪਹੁੰਚੀ ਮੰਜ਼ਿਲ ਵੱਲ ਨੂੰ ਪੈਰਵੀ ਦਾ ਸੰਕੇਤਕ ਹੁੰਦੀ ਹੈ। ਪ੍ਰੰਤੂ 'ਰੱਬ' ਤਾਂ ਹਰ ਅਨੰਤਤਾ ਤੋਂ ਸੰਪੂਰਣ ਹੋਣਾ ਚਾਹੀਦਾ ਹੈ। ਕੋਈ ਵੀ ਐਸੀ ਚੀਜ਼ ਨਹੀਂ ਹੋਣੀ ਚਾਹੀਦੀ ਜੋ ਉਸਦੇ ਕੋਲ ਨਾ ਹੋਵੇ ਜਾਂ ਉਸਨੂੰ ਚਾਹੀਦੀ

> **"ਜੇਕਰ ਮੈਂ ਕਿਸੇ ਚੀਜ਼ ਦੀ ਹੋਂਦ ਦੀ ਕਲਪਨਾ ਕਰ ਲਵਾਂ ਤਾਂ ਉਸਦਾ ਇਹ ਮਤਲਬ ਤਾਂ ਨਹੀਂ ਕਿ ਉਹ ਚੀਜ਼ ਅਸਲੀਅਤ ਵਿਚ ਵੀ ਮੌਜੂਦ ਹੈ।"**

ਹੋਵੇ। ਫ਼ਿਰ ਉਸਨੇ ਕੋਈ ਵੀ ਚੀਜ਼ ਪੈਦਾ ਕਰਨ ਦਾ ਕਸ਼ਟ ਕਿਉਂ ਉਠਾਇਆ? ਜੇਕਰ ਐਸਾ ਕਰਨ ਨਾਲ 'ਰੱਬ' ਦੀ ਖ਼ੁਸ਼ੀ ਵਿੱਚ ਵਾਧਾ ਹੋਇਆ ਹੈ ਤਾਂ ਉਹ ਸੱਭ ਕੁੱਝ ਪੈਦਾ ਕਰਨ ਤੋਂ ਪਹਿਲਾਂ ਸੰਪੂਰਨ (ਪੇਰੋਚਤ) ਨਹੀਂ ਸੀ। ਕਿਸੇ ਵੀ ਚੀਜ਼ ਦੀ ਸੰਪੂਰਨਤਾ ਵਿਚ ਵਾਧਾ ਨਹੀਂ ਕੀਤਾ ਜਾ ਸਕਦਾ। ਜੇਕਰ ਇਸ ਬ੍ਰਹਿਮੰਡ ਦੀ ਪੈਦਾਇਸ਼ ਉਸਦੀ ਨਿਸੁਆਰਥਵਾਦੀ ਸਰਗਰਮੀ ਵਾਸਤੇ ਜ਼ਰੂਰੀ ਸੀ ਤਾਂ ਵੀ ਉਹ ਇਸ ਬ੍ਰਹਿਮੰਡ ਦੀ ਪੈਦਾਇਸ਼ ਤੋਂ ਪਹਿਲਾਂ ਸੰਪੂਰਨ ਨਹੀਂ ਸੀ ਕਿਉਂਕਿ ਪ੍ਰਹਿਮੰਡ ਦੀ ਪੈਦਾਇਸ਼ ਹੋਣ ਦੇ ਨਾਲ ਉਸਦੇ ਵਿਅਕਤੀਤਵ ਵਿਚ ਇਕ ਹੋਰ ਅੰਸ਼ ਦਾ ਵਾਧਾ ਹੋਇਆ ਹੈ।

ਸੋ ਇਸ ਬ੍ਰਹਿਮੰਡ ਦੀ ਪੈਦਾਇਸ਼ ਬਗੈਰ ਕਿਸੇ ਮਨੋਰਥ ਦੇ ਕੀਤੀ ਗਈ ਲੱਗਦੀ ਹੈ। ਪਰ ਕੋਈ ਮੂਰਖ ਵੀ ਕੋਈ ਕੰਮ ਕਿਸੇ ਮਨੋਰਥ-ਪੂਰਤੀ ਤੋਂ ਬਗੈਰ ਨਹੀਂ ਕਰਦਾ। ਜਾਂ ਤਾਂ ਰੱਬ ਬ੍ਰਹਿਮੰਡ ਦੇ ਪੈਦਾ ਹੋਣ ਤੋਂ ਪਹਿਲਾਂ ਸੰਪੂਰਨ ਨਹੀਂ ਸੀ ਤੇ ਜਾਂ ਉਸਨੇ ਕੁੱਝ ਪੈਦਾ ਹੀ ਨਹੀਂ ਕੀਤਾ। ਫ਼ਿਰ ਜੇਕਰ 'ਰੱਬ' ਨੇ ਸੰਸਾਰ ਨੂੰ ਪੈਦਾ ਕੀਤਾ ਹੈ ਤਾਂ 'ਰੱਬ' ਨੂੰ ਕਿਸਨੇ ਪੈਦਾ ਕੀਤਾ? ਰੱਬ ਕਿਥੋਂ ਆਇਆ? ਉਸਦੇ ਅਰੰਭ ਹੋਣ ਦਾ ਮੂਲ ਮੰਤਰ ਕੀ ਹੈ?

(3)ਸਾਨੂੰ ਕਿਸੇ ਐਸੇ ਸੰਪੂਰਨ ਪ੍ਰਾਣੀ ਦਾ ਗਿਆਨ ਨਹੀਂ ਹੈ ਜੋ ਕਿ ਨਾਂ ਤਾਂ ਔਰਤ ਹੋਵੇ ਤੇ ਨਾਂ ਹੀ ਮਰਦ। ਰੱਬ ਦੀ ਹੋਂਦ ਬਾਰੇ ਜੋ ਤੱਤ-ਵਿਗਿਆਨਿਕ (ਤੱਤ-ਸ਼ਾਸਤਰੀ) ਦਲੀਲ ਦਿੱਤੀ ਜਾਂਦੀ ਹੈ ਉਹ ਸਿਰਫ਼ ਇਕ ਸ਼ਬਦਾਂ ਦਾ ਤਾਣਾ-ਬਾਣਾ (ਜਾਲ) ਮਾਤਰ ਹੀ ਹੈ। ਸੈਂਟ ਐਨਸੈਲਮ ਕਹਿੰਦਾ ਹੈ, "ਸਾਡਾ ਵਿਸ਼ਵਾਸ਼ ਇਹ ਹੈ ਕਿ ਰੱਬ ਉਹ ਚੀਜ਼ ਹੈ ਜਿਸ ਤੋਂ ਵਡੇਰੀ ਚੀਜ਼ ਦੀ ਧਾਰਨਾ ਨਹੀਂ ਕੀਤੀ ਜਾ ਸਕਦੀ। ਪਰ ਉਹ ਆਦਮੀ ਜੋ ਇਹ ਗੱਲ ਸੁਣਦਾ ਹੈ ਇਸਨੂੰ ਸਮਝ ਸਕਦਾ ਹੈ। ਯਕੀਨਨ ਉਹ ਚੀਜ਼ ਜਿਸਤੋਂ ਵੱਡੀ ਚੀਜ਼ ਦੀ ਧਾਰਨਾ ਨਹੀਂ ਕੀਤੀ ਜਾ ਸਕਦੀ ਕੇਵਲ ਖਿਆਲਾਂ ਵਿਚ ਹੀ ਨਹੀਂ ਹੋ ਸਕਦੀ, ਕਿਉਂਕਿ, ਜੇਕਰ ਇਹ ਖਿਆਲਾਂ ਵਿਚ ਹੀ ਹੁੰਦਾ ਤਾਂ ਇਸਦੇ ਅਸਲੀਅਤ ਵਿਚ ਹੋਣ ਦੀ ਵੀ ਧਾਰਨਾ ਕਰਨੀ ਪੈਣੀ ਸੀ ਜੋ ਕਿ ਇਕ ਵਡੇਰੀ ਗੱਲ ਹੋਣੀ ਸੀ। ਸੋ ਬਗੈਰ ਕਿਸੇ ਸ਼ੱਕ ਤੋਂ ਕੋਈ ਐਸੀ ਚੀਜ਼ ਹੋਂਦ ਵਿਚ ਹੈ ਜਿਸਦੀ ਧਾਰਨਾਂ ਖਿਆਲਾਂ ਅਤੇ ਅਸਲੀਅਤ ਦੋਹਾਂ ਵਿਚ ਕੀਤੀ ਜਾ ਸਕਦੀ ਹੈ।" ਡੇਸਕਾਰਟਸ ਨੇ ਵੀ ਇਹੀ ਦਲੀਲ ਬਣਾ ਕੇ ਲਿਖਿਆ ਹੈ, "ਜਿਵੇਂ ਪਰਬਤ ਦੇ ਨਾਲੋਂ ਘਾਟੀ ਦਾ ਹੋਣਾ ਅਲੱਗ ਨਹੀਂ ਕੀਤਾ ਜਾ ਸਕਦਾ ਜਾਂ ਜਿਵੇਂ ਇਕ ਸਰਲ ਰੇਖਾਤਰ (ਸਿੱਧੀਆਂ ਲਕੀਰਾਂ ਵਾਲੀ) ਤਿਕੋਨ ਦੇ ਤਿੰਨਾਂ ਕੋਨਾਂ ਦਾ ਜੋੜ ਦੋ ਸਮਕੋਨ (180 ਡਿਗਰੀ) ਦੇ ਬਰਾਬਰ ਹੋਣ ਤੋਂ ਅਲੱਗ ਨਹੀਂ ਕੀਤਾ ਜਾ ਸਕਦਾ, ਇਸੇ ਤਰ੍ਹਾਂ ਰੱਬ ਦੀ ਹੋਂਦ ਉਸਦੀ ਵਾਸਤਵਿਕਤਾ (ਅਸਤਿਤਵਤਾ) ਤੋਂ ਜੁਦਾ ਨਹੀਂ ਕੀਤੀ ਜਾ ਸਕਦੀ। ਰੱਬ ਦੀ ਹੋਂਦ ਦਾ ਲਾਜ਼ਮੀ ਹੋਣਾ ਰੱਬ ਦੀ ਧਾਰਨਾ ਜਾਂ ਉਸਦੀ ਪ੍ਰਵਿਰਤੀ ਦਾ ਅੰਗ ਹੈ। ਮੇਰੀ ਸੋਚ ਵਿਚ ਰੱਬ ਦਾ ਸੱਭ ਤੋਂ ਸੰਪੂਰਨ ਹੋਣ ਦਾ ਵਿਚਾਰ ਉਤਨਾ ਹੀ ਯਕੀਨੀ ਹੈ ਜਿਤਨਾ ਕਿਸੇ ਹਿੰਦਸੇ ਜਾਂ ਅੰਕ ਦੇ ਸੰਪੂਰਨ ਹੋਣ ਦਾ।"

ਇਸ ਕਿਸਮ ਦੀਆਂ ਦਲੀਲਾਂ ਤਾਂ ਦੇਵ, ਦੈਂਤ, ਹਊਆ, ਨਰਸਿੰਘ, ਅੱਗ ਵਰਾਉਣ ਵਾਲੇ ਅਜਗਰਾਂ ਆਦਿ ਦੀ ਹੋਂਦ ਸਿੱਧ ਕਰਨ ਵਾਸਤੇ ਦਿੱਤੀਆਂ ਜਾ ਸਕਦੀਆਂ ਹਨ ਕਿਉਂਕਿ ਕੁੱਝ ਕੁ ਲੋਕਾਂ ਨੂੰ ਇਨ੍ਹਾਂ ਚੀਜ਼ਾਂ ਦੇ ਹੋਣ ਦਾ ਬੜਾ ਪ੍ਰਤੱਖ ਖਿਆਲ ਹੈ ਜਾਂ ਖਿਆਲ ਸੀ। ਜੇਕਰ ਮੈਂ ਕਿਸੇ ਚੀਜ਼ ਦੀ ਹੋਂਦ ਦੀ ਕਲਪਨਾ ਕਰ ਲਵਾਂ ਤਾਂ ਉਸਦਾ ਇਹ ਮਤਲਬ ਤਾਂ ਨਹੀਂ ਕਿ ਉਹ ਚੀਜ਼ ਅਸਲੀਅਤ ਵਿਚ ਵੀ ਮੌਜੂਦ ਹੈ। ਇਨਸਾਨ ਦਾ ਦਿਮਾਗ

ਸਾਰੇ ਬ੍ਰਹਿਮੰਡ ਦਾ ਇਕ ਲਘੂ ਕ੍ਰਿਤ (ਛੋਟਾ ਰੂਪ ਜਾਂ ਨਕਸ਼ਾ) ਨਹੀਂ ਹੈ।

(4) ਇਨਸਾਨ ਦੀ ਸਿੱਧੀ ਅੰਤਰ ਪ੍ਰੇਰਣਾ ਇਸ ਗੱਲ ਦਾ ਕੋਈ ਸਬੂਤ ਨਹੀਂ ਹੋ ਸਕਦੀ ਕਿ ਰੱਬ ਮੌਜੂਦ ਹੈ। ਕਈ ਰਹੱਸਵਾਦੀਆਂ ਅਤੇ ਦਾਰਸ਼ਨਿਕਾਂ ਨੇ ਨਿਸ਼ਚੇਪੂਰਵਕ ਕਿਹਾ ਕਿ 'ਰੱਬ' ਦੀ ਹੋਂਦ- ਉਹ ਜਿਸ ਤਰ੍ਹਾਂ ਆਪਣੇ ਦਿਲ ਅਤੇ ਆਤਮਾ ਦੇ ਅੰਦਰ ਮਹਿਸੂਸ ਕਰਦੇ ਹਨ ਜਾਂ ਸਮਝਦੇ ਹਨ- ਕਿਸੇ ਦਲੀਲਾਤਮਕ ਤਰੀਕੇ ਨਾਲ ਪੇਸ਼ ਕਰਨ ਦੀ ਕੋਈ ਜ਼ਰੂਰਤ ਨਹੀਂ। ਇਸ ਸਿਧਾਂਤ ਵਿਚ ਕਿਸੇ ਨਾ ਕਿਸੇ ਸੂਰਤ ਵਿਚ ਮੋਨਧਾਰੀ (ਕ੍ਰਿਸ਼ਚੀਅਨ ਗਰੁੱਪ), ਸੂਫ਼ੀ ਲੋਕ, ਜਾਂ ਏ. ਐਡਿੰਮਟਨ ਜਾਂ ਹੋਰ ਅਜੋਕੇ ਦਾਰਸ਼ਨਿਕ ਵੀ ਵਿਸ਼ਵਾਸ਼ ਰੱਖਦੇ ਹਨ। ਆਰ. ਏ. ਨਿਕਲਸਨ ਨੇ ਬਾਬਾ ਕੂਹੀ ਦਾ ਹਵਾਲਾ ਦਿੱਤਾ ਹੈ:

"ਨਾ ਰੂਹ, ਨਾ ਸਰੀਰ, ਨਾ ਘਟਨਾ, ਨਾ ਕੋਈ ਪਦਾਰਥ, ਨਾ ਕੋਈ ਗੁਣ ਨਾ ਕੋਈ ਸਬੱਬ ਦੇਖਿਆ, ਮੈਂ ਤਾਂ ਸਿਰਫ਼ ਰੱਬ ਦੇਖਿਆ।"

ਇਸ ਤਰ੍ਹਾਂ ਦੇ ਆਸਤਿਕ ਲੋਕ ਇਹ ਦਾਅਵਾ ਕਰਦੇ ਹਨ ਕਿ ਉਹ ਆਪਣੇ ਆਪ ਨਹੀਂ ਪਰ ਆਪਣੇ ਅੰਦਰ ਅਤੇ ਆਲੇ ਦਵਾਲੇ ਅਧਿਆਤਮਕ ਸ਼ਕਤੀ ਅਨੁਭਵ ਕਰਦੇ ਹਨ। ਜੋਸਫ਼ ਮਕਾਬੇ ਡਾਕਟਰ ਟੀ. ਜੀ. ਡਨਿੰਗ ਦਾ ਹਵਾਲਾ ਦਿੰਦਾ ਹੋਇਆ ਕਹਿੰਦਾ ਹੈ ਕਿ ਇਹ ਗੱਲ ਬੜੀ ਜ਼ਬਰਦਸਤ ਸਮੱਗਰੀ ਹੈ ਕਿ ਹਿੰਦੂਆਂ ਦਾ ਸੰਤ ਰਾਮਾ ਕ੍ਰਿਸ਼ਨਾ ਵਿਵੇਕਾਨੰਦ ਨੂੰ ਕਹਿੰਦਾ ਹੈ, "ਮੈਂ ਜਿਸ ਤਰ੍ਹਾਂ ਤੈਨੂੰ ਜਾਂ ਕੰਧ ਨੂੰ ਦੇਖ ਸਕਦਾ ਹਾਂ ਉਸੇ ਤਰ੍ਹਾਂ ਮੈਂ ਰੱਬ ਨੂੰ ਦੇਖ ਸਕਦਾ ਹਾਂ।" ਇਸ ਕਿਸਮ ਦੀ ਦਲੀਲ ਦਾ ਮਤਲਬ ਹੈ ਕਿ ਆਸਤਿਕ ਲੋਕ ਟੱਕਰ ਲੈਣ ਤੋਂ ਡੱਜਦੇ ਹਨ। ਜੋ ਆਦਮੀ ਦਲੀਲ ਨਾਲ ਗੱਲ ਨਹੀਂ ਕਰਦਾ ਤੁਸੀਂ ਉਸ ਨਾਲ ਬਹਿਸ ਨਹੀਂ ਕਰ ਸਕਦੇ। ਦਰਸ਼ਨ-ਸ਼ਾਸਤਰ ਵਾਦਵਿਵਾਦ ਅਤੇ ਦਲੀਲ ਉੱਤੇ ਅਧਾਰਿਤ ਹੈ। ਇਹ ਉਨ੍ਹਾਂ ਤੱਥਾਂ ਅਤੇ ਤਜ਼ਰਬਿਆਂ ਨੂੰ ਵਿਚਾਰਨ ਦੀ ਯਾਚਨਾ ਕਰਦਾ ਹੈ ਜਿਨ੍ਹਾਂ ਨੂੰ ਹਰ ਕੋਈ ਪਰਖ ਸਕੇ ਅਤੇ ਉਨ੍ਹਾਂ ਦੀ ਪੁਸ਼ਟੀ ਕਰ ਸਕੇ। ਪਰ ਜੇਕਰ ਕੋਈ ਮੈਨੂੰ ਸਿਰਫ਼ ਆਪਣੀ ਅੰਦਰਲੀ ਚੇਤਨਤਾ ਦਾ ਹਵਾਲਾ ਦੇਵੇ ਤਾਂ ਮੇਰਾ ਜਵਾਬ ਹੈ ਕਿ ਮੈਂ ਕਿਸੇ ਦੀਆਂ ਮਨਪਸੰਦ ਭਾਵਨਾਵਾਂ ਜਾਂ ਅੰਤਰ ਪ੍ਰੇਰਣਾ ਦੇ ਜ਼ਨਾਨਖਾਨੇ ਵਿਚ ਨਹੀਂ ਘੁਸੜ ਸਕਦਾ। ਜਿਵੇਂ ਮੈਂ ਉਸਦੀ ਤਸੱਲੀ ਨਹੀਂ ਕਰਵਾ ਸਕਦਾ ਉਸੇ ਤਰ੍ਹਾਂ ਉਹ ਮੈਨੂੰ ਬਦਲ ਨਹੀਂ ਸਕਦਾ। ਜੋ ਕੁੱਝ ਮੈਂ ਕਹਿੰਦਾ ਹਾਂ ਉਸਨੂੰ ਉਹ ਸੁਣਨਾ ਨਹੀਂ ਚਾਹੁੰਦਾ ਅਤੇ ਮੈਂ ਉਸਦੇ ਅੰਦਰੂਨੀ ਅਨੁਭਵ ਨੂੰ ਅਨੁਭਵ ਨਹੀਂ ਕਰ ਸਕਦਾ। ਸੋ ਸਾਨੂੰ ਦੋਨਾਂ ਨੂੰ ਇਸ ਗੱਲ ਨੂੰ ਵਿਚਾਲੇ ਹੀ ਛੱਡ ਦੇਣਾ ਚਾਹੀਦਾ ਹੈ। ਕਿਸੇ ਵਿਅਕਤੀ ਦਾ ਆਤਮ ਮੁੱਖ (subjective) ਤਜ਼ਰਬਾ ਰੱਬ ਦੀ ਹੋਂਦ ਦਾ ਸਬੂਤ ਨਹੀਂ ਹੋ ਸਕਦਾ ਕਿਉਂਕਿ ਰੱਬ ਤਾਂ ਬਾਹਰੀ ਤੌਰ ਤੇ ਮੌਜੂਦ ਹੋਣ ਵਾਲਾ ਮੰਨਿਆ ਗਿਆ ਹੈ।

ਲੂਥਰ ਨੇ ਨਾ ਸਿਰਫ਼ ਸ਼ੈਤਾਨ ਨੂੰ ਮਹਿਸੂਸ ਕੀਤਾ ਬਲਕਿ ਉਸਨੂੰ ਦੇਖਿਆ ਵੀ ਅਤੇ ਉਸਦੇ ਉਪਰ ਸਿਆਹੀ ਦੀ ਦਵਾਤ ਦੇ ਮਾਰੀ। ਕੋਈ ਹਿੰਦੂ ਸ਼ਰਧਾਲੂ ਇਹ ਦਾਅਵਾ ਕਰਦਾ ਹੈ ਕਿ ਉਹ ਆਪਣੇ ਪਿਆਰੇ ਦੇਵਤੇ ਸ਼ਿਵਾ ਅਤੇ ਵਿਸ਼ਨੂੰ ਨੂੰ ਉਸੇ ਤਰ੍ਹਾਂ ਅਨੁਭਵ ਕਰਦਾ ਹੈ ਜਿਵੇਂ ਇਹ ਸਹਿਜਬੋਧੀ ਆਪਣੇ ਇਕ ਰੱਬ ਨੂੰ ਮੰਨਦੇ ਹਨ। ਇਸ ਤਰ੍ਹਾਂ ਹਰ ਕੋਈ ਆਪਣੇ ਸੌੜੇ ਮਨ ਵਿਚ ਕੈਦ ਹੋ ਕੇ ਰਹਿ ਜਾਵੇਗਾ ਜਿਸ ਤਰ੍ਹਾਂ ਹਰ ਅਫ਼ੀਮੀ ਆਪਣੀ ਆਪਣੀ ਨਜ਼ਰ ਦੇ ਖੁਸ਼ਗਵਾਰ ਧੋਖੇ ਦਾ ਆਨੰਦ ਮਾਣਦਾ ਹੈ। ਸੋ ਇਹ ਲਾਜ਼ਮੀ ਹੈ ਕਿ ਅਸੀਂ ਸਾਂਝੀ ਸਰਬ ਵਿਆਪਕ ਮਨੁੱਖੀ ਦਲੀਲ ਨੂੰ ਬੇਨਤੀ ਕਰੀਏ ਜੋ ਕਿ ਵਿਗਿਆਨ ਅਤੇ ਦਰਸ਼ਨ ਸ਼ਾਸਤਰ ਦਾ ਅੰਤਮ ਨਿਆਇ-ਕਰਤਾ ਹੈ। ਇਕ ਦੋਸ਼ੀ ਠਹਿਰਾਇਆ ਗਿਆ ਅਪਰਾਧੀ ਇਹ ਕਹਿ ਸਕਦਾ ਹੈ, "ਮੈਂ ਮਹਿਸੂਸ ਕਰਦਾ ਹਾਂ ਕਿ ਮੈਂ ਬੇਗੁਨਾਹ ਹਾਂ।" ਪੁਲਿਸਵਾਲਾ ਉਸਦਾ ਮੂੰਹ ਤੋੜ ਜਵਾਬ ਦੇ ਸਕਦਾ ਹੈ, "ਮੈਂ ਮਹਿਸੂਸ ਕਰਦਾ ਹਾਂ ਕਿ ਤੂੰ ਗੁਨਾਹਗਾਰ ਏਂ।" ਸੋ ਜੇਕਰ ਦਲੀਲ ਨੂੰ ਨਿਆਂਕਰਤਾ ਨਾ ਮੰਨੀਏ ਤਾਂ ਹੋਰ ਕੌਣ ਫ਼ੈਸਲਾ ਕਰੇਗਾ? ਇਸ ਤੋਂ ਚੰਗਾ ਇਹ ਹੈ ਕਿ ਇਹ ਗੱਲ ਮੰਨ ਲਈਏ ਜਿਵੇਂ ਕਪਿਲਾ ਨੇ ਕਿਹਾ ਹੈ, 'ਰੱਬ ਦੇ ਹੋਣ ਦਾ ਅਜੇ ਤੱਕ ਸਬੂਤ ਨਹੀਂ ਮਿਲਿਆ।'

(5) ਕਈ ਆਸਤਿਕ ਲੋਕ 'ਸ੍ਰਿਸ਼ਟੀ ਤੋਂ ਪ੍ਰਮਾਤਮਾ ਦੀ ਹੋਂਦ' ਤੋਂ ਸਿੱਧੀਆਂ ਤੇ ਜਾਣੀਆਂ ਪਛਾਣੀਆਂ ਪਰ ਭਰਮਜਨਕ ਦਲੀਲਾਂ ਦਿੰਦੇ ਹਨ। ਹਿੰਦੂ ਦਾਰਸ਼ਨਿਕ ਉਦਾਯਨਾ ਕਹਿੰਦਾ ਹੈ, "ਇਹ ਸੰਸਾਰ ਕਈ ਛੋਟੇ ਛੋਟੇ ਹਿੱਸਿਆਂ ਦਾ ਗੁਣਨਫ਼ਲ (ਮਿਸ਼੍ਰਤ ਜੋੜ) ਹੈ। ਇਸ ਕਰਕੇ ਇਸਨੂੰ ਬਣਾਉਣ ਵਾਲਾ ਕੋਈ ਅਤਿ ਸਮਝਦਾਰ ਬੰਦਾ ਵੀ ਜ਼ਰੂਰ ਹੋਣਾ ਚਾਹੀਦਾ ਹੈ ਜਿਸ ਕੋਲ ਕੰਮ ਕਰਨ ਦੀ ਇੱਛਾ, ਕੰਮ ਕਰਨ ਦਾ ਸੰਕਲਪ ਅਤੇ ਕੰਮ ਕਰਨ ਦੇ ਠੀਕ ਤਰੀਕਿਆਂ ਦੇ ਹੁਨਰ ਹੋਣੇ ਚਾਹੀਦੇ ਹਨ ਜਿਨ੍ਹਾਂ ਨਾਲ ਛੋਟੇ ਛੋਟੇ ਹਿੱਸਿਆਂ ਨੂੰ ਜੋੜਨ ਦਾ ਕੰਮ ਪੂਰਾ ਹੋ ਸਕੇ।" ਹਜ਼ਰਤ ਮੁਹੰਮਦ ਨੇ ਕੁਰਾਨ ਵਿਚ ਲਿਖਿਆ ਹੈ, "ਰੱਬ ਦਾ ਜੱਸ ਗਾਉ ਉਸਨੇ ਇਸ ਸ੍ਰਿਸ਼ਟੀ ਦੇ ਮਰ ਜਾਣ ਉਪਰੰਤ ਦੁਬਾਰਾ ਇਸ ਵਿਚ ਜਾਨ ਪਾਈ ਹੈ। ਉਸਨੇ ਤੁਹਾਡੇ ਲਈ ਤੁਹਾਡੇ ਹੀ ਵਿਚੋਂ ਪਤਨੀਆਂ ਬਣਾਈਆਂ ਹਨ ਜਿਨ੍ਹਾਂ ਨੂੰ ਉਹ

> **"ਰੱਬ ਦੇ ਹੋਣ ਦਾ ਅਜੇ ਤੱਕ ਸਬੂਤ ਨਹੀਂ ਮਿਲਿਆ।"**

ਆਪਣੀਆਂ ਪਤਨੀਆਂ ਵੀ ਬਣਾ ਸਕਦਾ ਹੈ।" ਐਡਵਿਨ ਕੋਲਿਨਜ਼ ਯਹੂਦੀ ਤਾਲਮੂਦ ਦਾ ਹਵਾਲਾ ਦਿੰਦਾ ਹੈ, "ਰੱਬ ਨੇ ਸੁੰਦਰਤਾ ਅਤੇ ਤਰਤੀਬ ਨਾਲ ਭਰਪੂਰ ਸੰਸਾਰ ਬਣਾਇਆ ਹੈ। ਇਹ ਬ੍ਰਹਿਮੰਡ ਪੂਰਨ ਤੌਰ ਤੇ ਉੱਤਮ ਤਰੀਕੇ ਨਾਲ ਤਰਤੀਬ ਕੀਤੇ ਹੋਏ ਨਿਯਮਾਂ ਨਾਲ ਭਰਪੂਰ ਹੈ ਜੋ ਹਮੇਸ਼ਾਂ ਲਈ ਠੀਕ ਕੰਮ ਕਰਦੇ ਹਨ। ਇਸ ਬ੍ਰਹਿਮੰਡ ਵਿਚ ਕੁੱਝ ਵੀ ਫ਼ਾਲਤੂ, ਬੁਰਾ ਜਾਂ ਨਿਰਾਰਥਕ ਨਹੀਂ ਹੈ।" ਐਪਿਕਟੀਟਸ ਕਹਿੰਦਾ ਹੈ, "ਰੱਬ ਨੇ ਇਸ ਬ੍ਰਹਿਮੰਡ ਦੀਆਂ ਸਾਰੀਆਂ ਚੀਜ਼ਾਂ ਆਪ ਬਣਾਈਆਂ ਹਨ ਜੋ ਕਿ ਸੰਪੂਰਨ ਅਤੇ ਨਿਰਵਿਘਨ ਹਨ ਅਤੇ ਇਸਦੇ ਸੱਭ ਹਿੱਸੇ ਸਮੁੱਚੀ ਲੋਕਤਾ ਦੇ ਵਰਤਣ ਵਾਸਤੇ ਹਨ।" ਸਿਸਰੋ ਦੈਵਨੈਤ (ਅਗੋਤਰੀ ਸੂਝ) ਦੇ ਸਹਿਜ ਮਾਰਗੀ ਫ਼ਲਸਫ਼ੇ ਦੀ ਵਿਆਖਿਆ ਕਰਦਾ ਹੈ, "ਕੁਦਰਤ ਕਿਤਨੀ ਮਹਾਨ ਹੈ ਜਿਸਨੇ ਸਾਨੂੰ ਭਿੰਨ ਭਿੰਨ ਕਿਸਮ ਦੇ ਸੁਆਦੀ ਖਾਣਿਆਂ ਦੀ ਭਰਮਾਰ ਬਖ਼ਸ਼ੀ ਹੈ। ਜਿਸਨੇ ਦਰਿਆਵਾਂ ਦੀ ਮਹਾਨ ਉਪਯੋਗਤਾ, ਸਮੁੰਦਰ ਦਾ ਉਤਰਾਅ ਚੜ੍ਹਾਅ, ਸਮੁੰਦਰਾਂ ਦੇ ਤੱਟਾਂ ਤੋਂ ਦੂਰ ਪਾਰ ਲੂਣ ਦੀਆਂ ਖਾਨਾਂ ਅਤੇ ਧਰਤੀ ਜੋ ਕਿ ਸਿਹਤ ਬਖ਼ਸ਼ ਦਵਾਈਆਂ ਨਾਲ ਭਰਪੂਰ ਹੈ, ਬਖ਼ਸ਼ੀ ਹੈ। ਮਨੁੱਖੀ ਸਰੀਰ ਦੀ ਬਣਤਰ ਦਾ ਪੂਰੀ ਤਰ੍ਹਾਂ ਨਿਰੀਖਣ ਕਰੋ ਅਤੇ ਮਨੁੱਖੀ ਤਬੀਅਤ ਦੀ ਸ਼ੈਲੀ ਅਤੇ ਸੰਪੂਰਨਤਾ ਦੇਖੋ; ਦੰਦ ਭੋਜਨ ਨੂੰ ਚਿੱਥਣ ਅਤੇ ਤੋੜਨ ਲਈ ਬਿੱਲਕੁਲ ਠੀਕ ਜਗਾਹ ਲਗਾਏ ਗਏ ਹਨ, ਮਿਹਦਾ ਕਿਸ ਹੈਰਾਨੀਜਨਕ ਤਰੀਕੇ ਨਾਲ ਨਿਰਮਾਣਿਆ ਗਿਆ ਹੈ। ਜਿਸ ਤਰ੍ਹਾਂ ਇਕ ਸ਼ਿਲਪਕਾਰ, ਇਮਾਰਤ ਵਿਚ ਰਹਿ ਗਈਆਂ ਤਰੁੱਟੀਆਂ ਆਪਣੇ ਆਕਾ ਦੀ ਨਜ਼ਰ ਵਿਚ ਆਉਣ ਤੋਂ ਬਚਾ ਲੈਂਦਾ ਹੈ ਇਸੇ ਤਰ੍ਹਾਂ ਕੁਦਰਤ ਨੇ ਅਜਿਹੀਆਂ ਤਰੁੱਟੀਆਂ ਜਾਂ ਕਮੀਆਂ ਨੂੰ - ਜੋ ਕਿ ਮਨੁੱਖੀ ਸਰੀਰ ਵਿਚ ਰਹਿ ਗਈਆਂ ਹਨ- ਮਨੁੱਖ ਦੀਆਂ ਭਾਵਨਾਵਾਂ ਤੋਂ ਦੂਰ ਰੱਖਿਆ ਹੈ। ਸੂਰਜ ਚੰਨ ਅਤੇ ਤਾਰਿਆਂ ਨੂੰ ਅਜਿਹੀਆਂ ਵਸਤੂਆਂ ਸਮਝਿਆ ਜਾ ਸਕਦਾ ਹੈ ਜੋ ਕਿ ਮਨੁੱਖ ਦੇ ਦੇਖਣ ਅਤੇ ਘੋਖਣ ਲਈ ਬਣਾਈਆਂ ਗਈਆਂ ਹੋਣ। ਉਨ੍ਹਾਂ ਤੋਂ ਬਿਨਾਂ ਭੇਤ ਕਿਸ ਕੰਮ ਦੀ? ਬਲਦਾਂ ਦੀ ਗੱਲ ਕਰ ਲਉ! ਸਾਨੂੰ ਪਤਾ ਹੈ ਕਿ ਉਨ੍ਹਾਂ ਦੀਆਂ ਪਿੱਠਾਂ ਭਾਰ ਢੋਣ ਲਈ ਨਹੀਂ ਬਣੀਆਂ ਪਰ ਉਨ੍ਹਾਂ ਦੀਆਂ ਧੌਣਾਂ ਕੁਦਰਤੀ ਤੌਰ ਤੇ ਪੰਜਾਲੀ ਵਿਚ ਫਿੱਟ ਹੋਣ ਵਾਸਤੇ ਬਣੀਆਂ ਹਨ। ਸੂਰ ਇਨਸਾਨ ਦੀ ਖੁਰਾਕ ਦੇ ਤੌਰ ਤੇ ਕੰਮ ਆਉਣ ਤੋਂ ਇਲਾਵਾ ਕਿਸ ਕੰਮ ਦਾ ਹੈ? ਇਹ ਇਨਸਾਨ ਲਈ ਸਹੀ ਭੋਜਨ ਹੈ। ਕੁਦਰਤ ਨੇ ਇਸ ਤੋਂ ਵਧੀਆ ਲਾਹੇਵੰਦ ਜਾਨਵਰ ਹੋਰ ਕੋਈ ਬਣਾਇਆ ਹੀ ਨਹੀਂ ਹੈ। ਇਸ ਸੰਸਾਰ ਵਿਚ ਜੋ ਵੀ ਚੀਜ਼ ਸਾਡੀ ਨਜ਼ਰ ਵਿਚ ਆਉਂਦੀ ਹੈ ਉਹ ਵਿਉਂਤ ਨਾਲ ਸਾਡੇ ਵਾਸਤੇ ਹੀ ਬਣਾਈ ਗਈ ਹੈ।" ਲੈਬਨਿਜ਼ ਇਸ ਵਿਚਾਰ ਉਪਰ ਜ਼ੋਰ ਪਾਉਂਦਾ ਹੈ ਕਿ ਬ੍ਰਹਿਮੰਡ ਇਕ ਪ੍ਰਣਾਲੀ ਹੈ। ਉਹ ਆਖਦਾ ਹੈ, "ਇਤਫ਼ਾਕੀਆਂ ਤੱਥਾਂ ਵਿਚ ਭਾਵ ਪਦਾਰਥਾਂ ਦੇ ਤਾਣੇ ਬਾਣੇ ਵਿਚ -ਜੋ ਕਿ ਉਪਜੇ ਹੋਈ ਬ੍ਰਹਿਮੰਡ ਵਿਚ ਖਿਲਰੇ ਪਸਰੇ ਪਏ ਹਨ ਅਤੇ ਜਿਨ੍ਹਾਂ ਵਿਚੋਂ ਕਿਸੇ ਇਕ ਦਾ ਵੀ ਵਿਸ਼ਲੇਸ਼ਣ ਕਰਨਾ ਉਨ੍ਹਾਂ ਦੇ ਅਸੰਖ ਛੋਟੇ ਛੋਟੇ ਹਿੱਸਿਆਂ ਦੇ ਹੋਣ ਕਰਕੇ ਇਕ ਨਾ ਮੁੱਕਣ ਵਾਲਾ ਕੰਮ ਹੋ ਸਕਦਾ ਹੈ-ਦੇ ਪਿੱਛੇ ਕੋਈ ਖਾਸ ਵਜਹ ਹੈ। ਕਿਉਂਕਿ ਇਹ ਸਾਰੇ ਤਾਣੇ ਬਾਣੇ ਇਕ ਦੂਸਰੇ ਨਾਲ ਬੱਝੇ ਹੋਏ ਹਨ ਤੇ ਇਹ ਚੀਜ਼ ਹੀ ਉਸਦੀ ਵਜਹ ਹੈ ਤੇ ਇਸ ਕਰਕੇ ਇਹ ਖਾਸ ਚੀਜ਼ ਭਾਵ ਰੱਬ ਇਕ ਹੈ ਤੇ ਕਾਫ਼ੀ ਹੈ।" (ਚਲਦਾ)

**ਸੰਖੇਪ ਅਨੁਵਾਦ: ਅਮਨਪਾਲ ਸਾਰਾ**

# ਦੋਸਤੀ

## ਸ਼ਸ਼ੀ ਸਮੁੰਦਰਾ

ਕੈਲੇਫ਼ੋਰਨੀਆਂ ਦੇ ਸਕੂਲਾਂ ਵਿਚ ਗਰਮੀਆਂ ਦੀਆਂ ਛੁੱਟੀਆਂ ਸਨ। ਇਕ ਦਿਨ ਮੈਂ ਆਪਣੀ ਅਪਾਰਟਮੈਂਟ ਅੱਗੇ ਖਲੋਤੀ ਸਾਂ ਕਿ ਸਾਈਕਲਾਂ 'ਤੇ ਚੜ੍ਹੇ ਮੇਰੇ ਗੁਆਂਢ ਦੇ ਚਾਰ ਮੁੰਡੇ ਮੇਰੇ ਕੋਲ ਆ ਕੇ ਰੁੱਕ ਗਏ। ਮੈਂ ਉਨ੍ਹਾਂ ਨੂੰ ਹਾਲ-ਚਾਲ ਪੁੱਛਣ ਹੀ ਲੱਗੀ ਸਾਂ ਕਿ ਉਨ੍ਹਾਂ ਦੇ ਹੱਥਾਂ ਵਿਚ ਕਿਰਲੀਆਂ ਫੜੀਆਂ ਵੇਖ ਚੁੱਪ ਰਹਿ ਗਈ। ਇਕ ਮੁੰਡਾ ਆਪਣੀ ਉਂਗਲ 'ਤੇ ਚੜ੍ਹਾਈ ਹੋਈ ਕਿਰਲੀ ਮੈਨੂੰ ਵਿਖਾਉਣ ਲਈ ਜਦ ਮੇਰੇ ਨੇੜੇ ਹੋਇਆ ਤਾਂ ਮੈਂ ਟੱਪ ਕੇ ਪਰ੍ਹਾਂ ਜਾ ਖਲੋਤੀ। ਮੇਰੇ ਏਸ ਰੀਐਕਸ਼ਨ 'ਤੇ ਉਹ ਹੱਸਣ ਲੱਗ ਪਏ ਤੇ ਬੋਲੇ, 'ਡੋਂਟ ਵਰੀ। ਦੇ ਵੋਂਟ ਹਰਟ ਯੂ।'

'ਆਈ ਨੋਂ', ਮੈਂ ਕਿਹਾ 'ਪਰ ਦੂਰ ਲੈ ਜਾਓ ਇਨ੍ਹਾਂ ਨੂੰ ਮੇਰੇ ਤੋਂ। ਆਈ ਹੇਟ ਦੈੱਮ। ਆਈ ਹੇਟ ਦੈੱਮ।' ਮੈਂ ਨਾ ਚਾਹੁੰਦਿਆਂ ਵੀ ਚਿੱਲਾ ਰਹੀ ਸਾਂ। ਜਦ ਉਹ ਸਾਈਕਲਾਂ 'ਤੇ ਚਲੇ ਗਏ ਤਾਂ ਮੈਂ ਸ਼ੁਕਰ ਕੀਤਾ।

ਫ਼ੇਰ ਇਕ ਦਿਨ ਮੈਂ ਵੇਖਿਆ ਕਿ ਇਕ ਮੋਟੀ-ਸਾਰੀ ਕਿਰਲੀ ਮੇਰੇ ਘਰ ਦੀਆਂ ਦਲ੍ਹੀਜਾਂ ਕੋਲ ਧੁੱਪ ਸੇਕ ਰਹੀ ਹੈ। ਉਹਨੂੰ ਉੱਥੇ ਵੇਖ ਮੈਂ ਚੀਖ਼ ਉੱਠੀ। ਛੇਤੀਂ ਹੀ ਮੇਰੇ ਗੁਆਂਢ ਦੇ ਛੋਟੇ ਬੱਚੇ ਇਕੱਠੇ ਹੋ ਗਏ, ਤੇ ਕਿਰਲੀ ਨੂੰ ਵੇਖ ਲੁੱਡੀਆਂ ਪਾਉਣ ਲੱਗੇ। ਮੇਰੀ ਦੋ ਸਾਲ ਦੀ ਧੀ ਵੀ ਖੇਡਦੀ ਖੇਡਦੀ ਉੱਥੇ ਆ ਗਈ ਤੇ ਆਪਣੀ ਤੋਤਲੀ ਜ਼ੁਬਾਨ ਨਾਲ 'ਲਿੱਜ਼ਡ! ਲਿੱਜ਼ਡ!' ਆਖਦੀ ਟਪੂਸੀਆਂ ਮਾਰਨ ਲੱਗੀ। ਮੈਂ ਡਰ ਰਹੀ ਸਾਂ ਕਿ ਜੇ ਇਹ ਕਿਰਲੀ ਮੇਰੀ ਅਪਾਰਟਮੈਂਟ ਵਿਚ ਜਾ ਵੜੀ ਤਾਂ ਮੈਂ ਇਹਨੂੰ ਬਾਹਰ ਕਿਵੇਂ ਕੱਢਾਂਗੀ? ਪਰ ਕੁੱਝ ਬੱਚਿਆਂ ਨੇ ਮੈਨੂੰ ਬੜੀ ਖੁਸ਼ੀ ਵਿਚ ਦਿਲਾਸਾ ਦਿੱਤਾ ਕਿ ਜੇ ਉਹ ਅੰਦਰ ਚਲੀ ਗਈ ਤਾਂ ਉਹ ਉਹਨੂੰ ਫੜ੍ਹਕੇ ਬਾਹਰ ਲੈ ਆਉਣਗੇ। ਪਰ ਉਹ ਛੇਤੀਂ ਹੀ ਘਾਹ ਵੱਲ ਦੌੜ੍ਹ ਗਈ, ਤੇ ਅਲੋਪ ਹੋ ਗਈ।

ਮੈਨੂੰ ਬਹੁਤੇ ਜੀਵ-ਜੰਤੂਆਂ ਨਾਲ, ਖ਼ਾਸ ਕਰਕੇ ਕਿਰਲੀਆਂ ਨਾਲ, ਬਚਪਨ ਤੋਂ ਹੀ ਨਫ਼ਰਤ ਰਹੀ ਹੈ। ਪੰਜਾਬ ਵਿਚ ਇਮਤਿਹਾਨਾਂ ਦੇ ਦਿਨੀ ਅਕਸਰ ਰਾਤ ਨੂੰ ਪੜ੍ਹਦੀ ਮੈਂ ਕਮਰੇ ਵਿਚ ਕਿਰਲੀ ਵੇਖਕੇ ਝੱਟ ਹੀ ਮੂੰਹ ਲਪੇਟ ਕੇ ਪੈ ਜਾਇਆ ਕਰਦੀ ਸਾਂ। ਫ਼ੇਰ ਵੀ ਕਿਰਲੀ ਦੇ ਆਪਣੇ ਉੱਪਰ ਡਿੱਗ ਪੈਣ ਦੀ ਸੰਭਾਵਨਾ ਤੋਂ ਕਲੇਜਾ ਧੱਕ ਧੱਕ ਕਰਦਾ ਰਹਿੰਦਾ ਸੀ। ਮੈਨੂੰ ਕਿਰਲੀ ਦੇ ਜਿਸਮ ਤੋਂ ਨਫ਼ਰਤ ਸੀ, ਤੇ ਉਹਦੇ ਥੁੱਕ ਤੋਂ ਹੁੰਦੇ ਕੋਹੜ ਤੇ ਖਾਣੇ 'ਚ ਡਿੱਗਣ 'ਤੇ ਫ਼ੂਡ ਪੁਆਏਜ਼ਨਿੰਗ ਹੋ ਜਾਣ ਤੋਂ। (ਪਰ ਮੇਰੀ ਮਾਂ ਨੂੰ ਕਿਰਲੀ ਤੋਂ ਕੁੱਝ ਹੋਰ ਕਾਰਣਾਂ ਕਰਕੇ ਵੀ ਨਫ਼ਰਤ ਸੀ। ਉਹ ਆਖਦੀ: 'ਜੇ ਕਿਰਲੀ ਛੂਹ ਹੋ ਜਾਵੇ ਤਾਂ ਨਹਾ ਲੈਣਾ ਚਾਹੀਦਾ ਹੈ। ਇਹ ਚੂੜ੍ਹੀ ਹੁੰਦੀ ਹੈ।' ਹੁਣ ਮੈਂ ਮਾਂ ਦੀ ਆਖੀ ਇਹ ਗੱਲ ਯਾਦ ਕਰਕੇ ਕਈ ਵਾਰੀ ਸੋਚਦੀ ਹਾਂ ਕਿ ਇਨਸਾਨ ਨੇ ਸਿਰਫ਼ ਇਨਸਾਨਾਂ ਨੂੰ ਹੀ ਜਾਤਾਂ ਵਿਚ ਨਹੀਂ ਵੰਡਿਆ ਉਹਨੇ ਤਾਂ ਵਿਚਾਰੇ ਜੀਵ-ਜੰਤੂਆਂ ਨਾਲ ਵੀ ਜਾਤਾਂ ਮੜ੍ਹ ਦਿੱਤੀਆਂ।

ਖ਼ੈਰ, ਕਿਰਲੀਆਂ ਪ੍ਰਤੀ ਆਪਣੀ ਨਫ਼ਰਤ ਬਾਰੇ ਮੈਂ ਇਕ ਦਿਨ ਆਪਣੀ ਮੈਕਸੀਕਨ ਸਹੇਲੀ ਤਰੇਸਾ ਨੂੰ ਦੱਸਿਆ। ਮੇਰੀ ਗੱਲ ਸੁਣ ਕੇ ਉਹ ਹੱਸ ਪਈ ਤੇ ਕਹਿਣ ਲੱਗੀ: 'ਕਿਰਲੀਆਂ ਤਾਂ ਸਗੋਂ ਚੰਗੀਆਂ ਹੁੰਦੀਆਂ; ਮੱਖੀਆਂ ਤੇ ਮੱਛਰ ਖਾ ਜਾਂਦੀਆਂ ਹਨ। ਇੰਡੀਅਨ ਘਰਾਂ ਵਾਂਗ ਮੈਕਸੀਕੋ ਵਿਚ ਵੀ ਸਾਡੇ ਘਰਾਂ ਵਿਚ ਕਿਰਲੀਆਂ ਹੁੰਦੀਆਂ ਹਨ ਪਰ ਅਸੀਂ ਤਾਂ ਉਨ੍ਹਾਂ ਨੂੰ ਇੰਜ ਨਫ਼ਰਤ ਨਹੀਂ ਕਰਦੇ। ਬਸ ਖਾਣਾ ਵਗੈਰਾ ਢੱਕ ਕੇ ਰੱਖੋ। ਹੋਰ ਕਾਹਦਾ ਫ਼ਿਕਰ।'

ਮੈਂ ਕਿਹਾ: 'ਕਈ ਵਾਰੀ ਰਿੰਨਦੇ ਸਮੇਂ ਖਾਣਾ ਢੱਕਣ ਦਾ ਖਿਆਲ ਨਹੀਂ ਰਹਿੰਦਾ ਜਾਂ ਕਈ ਚੀਜ਼ਾਂ ਨੂੰ ਬਗੈਰ ਢੱਕਣ ਦਿੱਤਿਆਂ ਪਕਾਉਣਾ ਹੁੰਦਾ ਹੈ। ਉਸ ਵੇਲੇ ਕੰਧ 'ਤੇ ਜਾਂ ਛੱਤ ਅੰਦਰ ਘੁੰਮਦੀ ਕਿਰਲੀ ਨੂੰ ਜੇ ਭਾਫ਼ ਲੱਗ ਜਾਵੇ ਤਾਂ ਉਹ ਰਿੱਝਦੇ ਖਾਣੇ ਵਿਚ ਡਿੱਗ ਪਏਗੀ। ਅਜਿਹਾ ਖਾਣਾ ਜੇ ਲੋਕ ਖਾ ਲੈਣ ਤਾਂ ਉਨ੍ਹਾਂ ਨੂੰ ਫ਼ੂਡ ਪੁਆਏਜ਼ਨਿੰਗ ਹੋ ਜਾਏਗੀ।

'ਤੈਨੂੰ ਕਿਵੇਂ ਪਤੈ?' ਉਹਨੇ ਸਵਾਲ ਕੀਤਾ।

'ਇੰਡੀਆ ਬਹੁਤ ਕੇਸ ਅਜਿਹੇ ਹੁੰਦੇ ਹਨ' ਮੈਂ ਦੱਸਿਆ। 'ਅਖਬਾਰਾਂ ਵਿਚ ਆਮ ਪੜ੍ਹਣ ਨੂੰ ਮਿਲੇਗਾ ਕਿ ਫ਼ਲਾਣੀ ਥਾਂ ਐਨੇ ਬੰਦੇ ਫ਼ੂਡ ਪੁਆਏਜ਼ਨਿੰਗ ਨਾਲ ਮਰ ਗਏ ਤੇ ਮੁਆਇਨਾ ਕਰਨ ਤੇ ਖਾਣੇ ਵਿਚੋਂ ਕਿਰਲੀ ਨਿਕੱਲੀ।' ਪਰ ਇਹ ਦੱਸਦਿਆਂ ਮੇਰੇ ਮਨ ਵਿਚ ਸਾਡੇ ਮੀਡੀਆ ਪ੍ਰਤੀ ਕੁਝ ਕੁਝ ਸ਼ੱਕ ਉੱਭਰਣ ਲੱਗਾ: ਏਥੇ ਯੂ.ਐਸ.ਏ ਵਿਚ ਵੀ ਲੋਕਾਂ ਨੂੰ ਫ਼ੂਡ ਪੁਆਏਜ਼ਨਿੰਗ ਹੋ ਜਾਂਦੀ ਹੈ। ਏਥੇ ਤਾਂ ਖਾਣੇ ਦੇ ਨੇੜੇ ਕਿਰਲੀਆਂ ਨਹੀਂ ਹੁੰਦੀਆਂ... ਤੇ ਜੇ ਕਿਰਲੀ ਦੇ ਥੁੱਕ ਤੋਂ ਕੋਹੜ ਹੁੰਦਾ ਹੋਵੇ ਤਾਂ ਇਨ੍ਹਾਂ ਅਮਰੀਕਨ ਬੱਚਿਆਂ ਨੂੰ ਇਹ ਕਿਉਂ ਨਹੀਂ ਹੁੰਦਾ ਜੋ ਇਨ੍ਹਾਂ ਨੂੰ ਬਗੀਚਿਆਂ 'ਚੋਂ ਫੜ੍ਹਕੇ ਪਾਲਤੂ ਜਾਨਵਰਾਂ ਵਾਂਗ ਰੱਖਦੇ ਹਨ? ਕਿਤੇ ਇਹ ਸਾਡੀ ਕਿਰਲੀਆਂ ਬਾਰੇ ਅਗਿਆਨਤਾ ਤਾਂ ਨਹੀਂ ਕਿ ਅਸੀਂ ਇਹ ਸਭ ਉਨ੍ਹਾਂ ਬਾਰੇ ਸੋਚਦੇ ਹਾਂ? ਪਰ ਫ਼ੇਰ ਇਕ ਖ਼ਿਆਲ ਇਹ ਵੀ ਆਇਆ ਕਿ ਹੋ ਸਕਦਾ ਹੈ ਉਹ ਕਿਰਲੀਆਂ ਜੋ ਸਾਡੇ ਘਰਾਂ ਅੰਦਰ ਰਹਿੰਦੀਆਂ ਹਨ ਇਨ੍ਹਾਂ ਕਿਰਲੀਆਂ ਤੋਂ ਵੱਖਰੀ ਕਿਸਮ ਦੀਆਂ ਹੋਣ?

'ਮੈਨੂੰ ਤਾਂ ਕਿਰਲੀ ਤੋਂ ਹੁੰਦੀ ਫ਼ੂਡ ਪੁਆਏਜ਼ਨਿੰਗ ਬਾਰੇ ਨਹੀਂ ਪਤਾ' ਆਖਦੀ ਤਰੇਸਾ ਨੇ ਮੋਢੇ ਛੰਡੇ।

'ਮੈਂ ਵੀ ਸੋਚ ਰਹੀ ਹਾਂ ਕਿ ਸ਼ਾਇਦ ਇਹ ਸਹੀ ਨਾ ਹੋਵੇ' ਮੈਂ ਕਿਹਾ। ਉਹਨੇ ਹਾਂ ਵਿਚ ਸਿਰ ਹਿਲਾਇਆ ਤੇ ਬੋਲੀ: 'ਕਈ ਵਾਰੀ ਅਸੀਂ ਦੂਜਿਆਂ ਦੇ ਆਖੇ ਹੀ ਕਿਸੇ ਚੀਜ਼ ਨੂੰ ਨਫ਼ਰਤ ਕਰਨ ਲੱਗਦੇ ਹਾਂ।' 'ਹਾਂ' ਮੈਂ ਕਿਹਾ 'ਤੂੰ ਠੀਕ ਕਹਿੰਦੀ ਹੈਂ।'

ਉਹ ਗੱਲ ਮੁਕਾ ਕੇ ਚਲੀ ਗਈ। ਮੈਂ ਪਿੱਛੋਂ ਏਸ ਬਾਰੇ ਸੋਚਦੀ ਰਹੀ। ਮੈਂ ਹੁਣ ਵੀ ਕਈ ਵਾਰੀ ਏਸ ਬਾਰੇ ਸੋਚਦੀ ਹਾਂ ਕਿ ਦੂਜਿਆਂ ਪ੍ਰਤੀ ਸਾਡੀ ਨਫ਼ਰਤ ਅਕਸਰ ਸਾਡੀ ਆਪਣੀ ਅਗਿਆਨਤਾ ਤੋਂ ਹੀ ਪੈਦਾ ਹੁੰਦੀ ਹੈ। ਅਮਰੀਕਾ ਵਿਚ ਦੁਨੀਆਂ ਭਰ ਦੇ ਜੀਵ-ਜੰਤੂਆਂ, ਪੰਛੀਆਂ ਤੇ ਜਾਨਵਰਾਂ ਬਾਰੇ ਢੇਰ ਸਾਰਾ ਬਾਲ ਸਾਹਿਤ ਛਪਦਾ ਹੈ। ਜੇ ਮੈਨੂੰ ਬਚਪਨ ਵਿਚ ਅਜਿਹਾ ਸਾਹਿਤ ਪੜ੍ਹਨ ਨੂੰ ਮਿਲਦਾ ਤਾਂ ਮੈਂ ਵੀ ਇਨ੍ਹਾਂ ਜੀਵ-ਜੰਤੂਆਂ ਨੂੰ ਏਨੀ ਨਫ਼ਰਤ ਨਾਲ ਨਾ ਵੇਖਦੀ।

ਹੁਣ ਬਹੁਤ ਕੁੱਝ ਜਾਂਚ ਸਮਝ ਲੈਣ ਪਿੱਛੋਂ ਮੈਂ ਏਸ ਨਿਰਣੇ 'ਤੇ ਪਹੁੰਚੀ ਹਾਂ ਕਿ ਅਸਲ 'ਚ ਏਸ ਧਰਤੀ 'ਤੇ ਇਨਸਾਨ ਤੋਂ ਵੱਧ ਖ਼ਤਰਨਾਕ ਹੋਰ ਕੋਈ ਨਹੀਂ ਹੈ। ਅਸੀਂ ਸ਼ੇਰ ਨੂੰ ਏਨਾ ਖ਼ਤਰਨਾਕ ਸਮਝਦੇ ਹਾਂ। ਪਰ ਉਹਦੀ ਉਦਾਹਰਣ ਜ਼ਰਾ ਲੈ ਕੇ ਵੇਖੋ। ਸ਼ੇਰ ਸਿਰਫ਼ ਆਪਣੇ ਢਿੱਡ ਦੀ ਭੁੱਖ ਮਿਟਾਉਣ ਲਈ ਆਦਮੀ ਤੇ ਹਮਲਾ ਕਰਦਾ ਹੈ। ਉਹ ਸ਼ੌਕ ਵਜੋਂ ਆਦਮੀਂ ਦਾ ਸ਼ਿਕਾਰ ਨਹੀਂ ਕਰਦਾ ਜਿਵੇਂ ਆਦਮੀਂ ਉਹਦਾ ਕਰਦਾ ਹੈ। ਤੇ ਜ਼ਹਿਰੀਲੇ ਤੋਂ ਜ਼ਹਰੀਲਾ ਸੱਪ ਵੀ ਰਾਹ ਜਾਂਦੇ ਆਦਮੀ ਨੂੰ ਨਹੀਂ ਡੰਗਦਾ। ਜਦ ਉਹ ਡੰਗਦਾ ਹੈ ਤਾਂ ਸਿਰਫ਼ ਆਪਣੀ ਹਿਫ਼ਾਜ਼ਤ ਵੱਜੋਂ ਯਾਨੀ ਜਦੋਂ ਉਹਨੂੰ ਆਦਮੀਂ ਤੋਂ ਖ਼ਤਰਾ ਮਹਿਸੂਸ ਹੁੰਦਾ ਹੈ ਉਦੋਂ।

ਮੇਰੀ ਨਵੀਂ ਸੋਚ ਨੇ ਸੱਚਮੁੱਚ ਇਕ ਚਮਤਕਾਰ ਕਰ ਵਿਖਾਇਆ ਹੈ। ਹੁਣ ਮੈਨੂੰ ਇਹ ਜੀਵ-ਜੰਤੂ ਤੇ ਜੰਗਲੀ ਜਾਨਵਰ ਆਪਣੇ ਦੁਸ਼ਮਣ ਨਹੀਂ ਬਲਕਿ ਮੇਰੀ ਹਮਦਰਦੀ ਦੇ (ਹੱਕਦਾਰ) ਪਾਤਰ ਜਾਪਣ ਲੱਗ ਪਏ ਹਨ। ਹੁਣ ਤਾਂ ਮੇਰੇ ਗੁਆਂਢੀਆਂ ਦੀ ਸੱਤ, ਅੱਠ ਵਰ੍ਹਿਆਂ ਦੀ ਕੁੜੀ ਜਦ ਆਪਣੇ ਪਾਲਤੂ ਸੱਪ ਨੂੰ ਬਾਂਹ ਤੇ ਵਲੇਟ ਕੇ ਬਾਹਰ ਖੇਡਦੀ ਹੈ ਤਾਂ ਮੈਂ ਵੀ ਕਈ ਵਾਰੀ ਉਹਦੇ ਕੂਲੇ ਤੇ ਚਮਕੀਲੇ ਸਰੀਰ 'ਤੇ ਆਪਣੇ ਪੋਟਿਆਂ ਨਾਲ ਪੋਲਾ-ਪੋਲਾ ਪਿਆਰ ਦੇ ਦਿੰਦੀ ਹਾਂ।

ਹੁਣ ਸੋਚਦੀ ਹਾਂ ਕਿ ਕੁਦਰਤ ਜਾਂ ਰੱਬ ਨੇ ਇਹੋ ਧਰਤੀ ਸਾਡੇ ਲਈ ਬਣਾਈ ਸੀ ਤੇ ਇਹੋ ਜੀਵ-ਜੰਤੂ, ਪੰਛੀ, ਜਾਂ ਜਾਨਵਰ, ਰੁੱਖ, ਦਰਿਆ ਤੇ ਹੋਰ ਬਹੁਤ ਕੁੱਝ ਲਈ। ਫ਼ੇਰ ਕਿਉਂ ਨਾ ਅਸੀਂ ਧਰਤੀ ਦੇ ਹੋਰ ਵਸਨੀਕਾਂ ਪ੍ਰਤੀ ਆਪਣਾ ਵਤੀਰਾ ਚੰਗਾ ਬਣਾ ਕੇ ਰਹੀਏ।



ਕਿਕਲੀ ਕਲੀਰ ਦੀ। ਫੋਟੋ - ਜਨਮੇਜਾ ਸਿੰਘ ਜੌਹਲ

# Paul's

## Plumbing, Electrical & Heating Supply



Plumbing & Bathroom Hot Water Heating
Fixtures & Supplies
Hot Water Tanks
Supplies &Installation

**We also do new houses' Plumbing**

**4578 Main St., Vancouver**
**Ph: 872-3118, 872-7277**

---

## SIKANDER
## HAIR STYLING (Unisex)

**6605 Fraser St. Vancouver**
(ਫਰੇਜ਼ਰ ਅਤੇ 50 ਐਵੀਨਿਊ ਉੱਪਰ)

ਅਸੀਂ ਹਰ ਤਰ੍ਹਾਂ ਦਾ ਕਟਿੰਗ ਤੇ ਸਟਾਇਲਿੰਗ ਦਾ ਕੰਮ ਕਰਦੇ ਹਾਂ। (Ladies & Gents)

* Colour
* Perms
* Facials Threadings
* Eyebrows Arching
* Lightening



**ਫੋਨ: 327-1483**

ਅਸੀਂ ਵਿਆਹਾਂ ਵਾਸਤੇ ਦੁਲਹਨ ਨੂੰ ਸਜਾਉਣ ਦਾ ਕੰਮ ਵੀ ਕਰਦੇ ਹਾਂ।

---

**The Catering King Since 1975**

Serving Indian & Canadian Cuisine
Complete wedding banquet centre

M·R MOTI RAJA

CITY Caterers & PARTY PLUS RENTALS

**8336 St. George St.**
**Vancouver**

Ph: 325-5014
Fax: 321-3223

City Kitchen
Ph: 322-2489

---

**Contact Your Friendly Realtor**

**Buying/Selling**

- Lots
- Home
- Acreage
- Commercial



**Karmjit S. Ghuman**
*(Member Executive Circle)*

List your home with me and it will be displayed on the **Real Estate Channel**

**Lakeview Realty Ltd.**
**7909 Scott Rd., Delta, B.C., V4C 6P6**

Phone: 590-3231 Fax: 590-0633
Residence: 596-7965

ਸਥਾਈ ਕਾਲਮ

# ਆਪਣੇ ਲੋਕ



## ਅਜਮੇਰ ਰੋਡੇ

# ਸੱਪ ਦੀ ਘੋੜੀ

ਬਿੱਕਰ ਬਾਰੇ ਦੀ ਭੂਆ ਦਾ ਪੁੱਤ ਸੀ। ਬਿੱਕਰ ਸਤਾਰਾਂ ਸਾਲਾਂ ਦਾ ਅਤੇ ਬਾਰਾ ਉਸ ਤੋਂ ਛੇ ਕੁ ਮਹੀਨੇ ਛੋਟਾ। ਦੋਹਾਂ ਦਾ ਆਪਸ ਵਿਚ ਚੰਗਾ ਮੋਹ ਸੀ ਪਰ ਇਹ ਮੋਹ ਖੂਹ ਦੇ ਡੂੰਘੇ ਪਾਣੀ ਵਾਂਗ ਲੁਕਵਾਂ ਸੀ। ਬਿੱਕਰ ਜਦੋਂ ਵੀ ਬਾਰੇ ਦੇ ਪਿੰਡ ਜਾਂਦਾ ਦੋਨੋਂ ਇਕੱਠੇ ਹੀ ਰਹਿੰਦੇ ਅਤੇ ਹਮੇਸ਼ਾਂ ਕਿਸੇ ਨਾ ਕਿਸੇ ਗੱਲ ਉਤੇ ਜਿਦਦੇ ਰਹਿੰਦੇ। ਜੋ ਗੱਲ ਬਾਰੇ ਨੇ ਕਹਿ ਦਿਤੀ ਉਹ ਬਿੱਕਰ ਨੇ ਨਹੀਂ ਮੰਨਣੀ ਜੋ ਬਿੱਕਰ ਨੇ ਕਹੀ ਬਾਰੇ ਨੇ ਉਸ ਤੋਂ ਜਰੂਰ ਉਲਟ ਕਹਿਣੀ ਹੈ। ਬਸ ਥੋੜਾ ਚਿਰ ਹੀ ਅਮਨ ਚੈਨ ਨਾਲ ਲੰਘਦਾ ਸੀ, ਉਹ ਧੱਕੋ ਧੱਕੀ ਅਤੇ ਮੁੱਕੀਓ ਮੁੱਕੀ ਹੋ ਪੈਂਦੇ ਅਤੇ ਇਕ ਦੂਜੇ ਦੇ ਮਗਰ ਭੱਜੇ ਫਿਰਦੇ। ਘਰ ਵਾਲੇ ਕੋਲ ਨਾ ਹੋਣ ਤਾਂ ਇਕ ਦੂਜੇ ਨੂੰ ਗਾਲਾਂ ਵੀ ਕਢ ਜਾਂਦੇ। ਗਰਮੀਆਂ ਦੀਆਂ ਬਹੁਤੀਆਂ ਛੁੱਟੀਆਂ ਬਿੱਕਰ ਇੱਥੇ ਨਾਨਕੀਂ ਹੀ ਕਟਦਾ।

ਰਾਤ ਨੂੰ ਬਾਕੀ ਸਾਰਾ ਟੱਬਰ ਖੁਲ੍ਹੇ ਵਿਹੜੇ ਵਿਚ ਪੈਂਦਾ, ਤਾਂ ਬਿੱਕਰ ਅਤੇ ਬਾਰਾ ਕੋਠੇ ਉਤੇ ਚੜ ਜਾਂਦੇ ਅਤੇ ਗੱਲਾਂ ਬਾਤਾਂ ਕਰਦੇ ਲੜਦੇ ਝਗੜਦੇ ਇਕੋ ਮੰਜੇ ਉਤੇ ਸੌਂ ਜਾਂਦੇ। ਕਈ ਵਾਰ ਤਾਂ ਦੁੱਧ ਵੀ ਬਾਰੇ ਦੀ ਮਾਂ ਉਹਨਾਂ ਨੂੰ ਓਥੇ ਹੀ ਜਗਾ ਕੇ ਪਿਉਂਦੀ।

ਪਰ ਇਸ ਵਾਰ ਗੱਲ ਹੋਰ ਸੀ। ਇਕ ਤਾਂ ਬਿੱਕਰ ਗਿਆ ਦੋ ਸਾਲਾਂ ਪਿੱਛੋਂ ਸੀ, ਦੂਜਾ ਉਹ ਗਿਆ ਕੈਨੇਡਾ ਤੋਂ ਵਾਪਸ ਸੀ। ਦੋਵੇਂ ਇਕ ਦੂਜੇ ਨੂੰ ਜੱਫੀ ਪਾ ਕੇ ਮਿਲੇ। ਰਾਤ ਨੂੰ ਪਹਿਲਾਂ ਵਾਂਗ ਹੀ ਕੋਠੇ ਉਤੇ ਚੜ੍ਹ ਗਏ। ਘਰ ਦੇ ਚਾਹੁੰਦੇ ਸਨ ਕਿ ਉਹ ਕੋਠੇ ਉਤੇ ਨਾ ਪੈਣ, ਸਮਾਂ ਬਹੁਤ ਭੈੜਾ ਹੈ ਪਰ ਉਹਨਾਂ ਦੀ ਜਿਦ ਅੱਗੇ ਚੁੱਪ ਕਰ ਗਏ। ਬਿੱਕਰ ਨੇ ਕੈਨੇਡਾ ਤੋਂ ਲਿਆਂਦੀ ਤਾਸ਼ ਦੀ ਡੱਬੀ ਬਾਰੇ ਨੂੰ ਦਿੱਤੀ ਜਿਸ ਦੇ ਪੱਤਿਆਂ ਦੇ ਪਿਛਲੇ ਪਾਸੇ ਅਧ-ਨੰਗੀ ਗੋਰੀ ਕੁੜੀ ਦੀ ਤਸਵੀਰ ਸੀ। ਨਾਲ ਹੀ ਇਕ ਨਿੱਕੀ ਜਿਹੀ ਸ਼ੀਸ਼ੀ ਜੇਬ ਚੋਂ ਕੱਢ ਕੇ ਬਿੱਕਰ ਬੋਲਿਆ, "ਆਹ ਵੇਖ ਤੂੰ?"

"ਇਹ ਕੀ ਚੀਜ ਐ ਕੋਈ ਦੁਆਈ ਦੂਈ ਖਾਣ ਲਗ ਪਿਐਂ? ਸ਼ੀਸ਼ੀ ਤਾਂ ਵੜੀ ਫੱਨੇ ਖਾਂ ਬਣਾਈ ਐ?" ਬਾਰੇ ਨੇ ਸ਼ੀਸ਼ੀ ਪਲੋਸਦਿਆਂ ਕਿਹਾ।

"ਉਏ ਦੁਆਈ ਨੀ ਇਹ ਦਾਰੂ ਐ। ਸਕਾਚ! ਸਭ ਤੋਂ ਉਤੇ ਦੀ ਸ਼ਰਾਬ ਐ ਇਹ। ਗੋਰੇ ਪੀਂਦੇ ਐ।

"ਲੈ ਬੱਸ ਆਹੀ! ਐਡੀ ਕ ਈ ਸੀਸੀ ਹੁੰਦੀ ਐ ਸਕਾਚ ਦੀ। ਨਾਂ ਤਾਂ ਇਹਦਾ..."

"ਨਹੀਂ ਨਹੀਂ ਇਹ ਤਾਂ ਮੈਂ ਜਹਾਜ ਚੋਂ ਲਈ ਸੀ। ਓਥੇ ਮਿਲਦੀਆਂ ਇਹ ਨਿਕੀਆਂ ਸੀਸੀਆਂ ਪੀਣ ਨੂੰ। ਬਾਪੂ ਦੀ ਅੱਖ ਲੱਗ ਗੀ ਮੈਂ ਚੁੱਪ ਕਰ ਕੇ ਗੋਰੀ ਤੋਂ ਫੜ੍ਹ ਕੇ ਜੇਬ ਚ ਪਾ ਲੀ।"

ਬਾਰੇ ਨੂੰ ਬਿੱਕਰ ਦੀ ਇਹ ਸ਼ਰਾਰਤ ਚੰਗੀ ਲੱਗੀ। "ਕਿਉਂ ਫੁੱਫੜ ਨੀ ਪੀਣ ਦਿੰਦਾ?"

"ਨਹੀਂ, ਜਦੋਂ ਦਾ ਬਾਪੂ ਨੇ ਅੰਮ੍ਰਿਤ ਛਕਿਐ, ਘਰ ਚ ਸ਼ਰਾਬ ਨੀ ਵੜ ਸਕਦੀ ਨਾ ਮੀਟ ਬਣ ਸਕਦੈ। ਸਾਰੇ ਟੱਬਰ ਨੂੰ ਫਾਹੇ ਟੰਗੀ ਰਖਦੈ। ਤੂੰ ਐਂ ਕਰ ਪਾਣੀ ਦਾ ਗਲਾਸ ਲਿਆ। ਆਪਾਂ ਇਹਦਾ ਨਜਾਰਾ ਵੇਖੀਏ।"

"ਮੈਂ ਤਾਂ ਯਾਰ ਅਜੇ ਤੱਕ ਕਦੇ ਇਹ ਪੀ ਕੇ ਈ ਨੀ ਵੇਖੀ।" ਬਾਰੇ ਨੇ ਕਿਹਾ।

"ਮੈਂ ਕਿਹੜਾ ਵੇਖੀ ਐ। ਐਨੀ ਕ ਨਾਲ ਕੁਸ਼ ਨੀ ਹੋਣ ਲੱਗਾ। ਇਹ ਤਾਂ ਮਸਾਂ ਦੋ ਪੇਗ ਹੋਣਗੇ।"

ਬਾਰਾ ਤਾਂ ਅੰਦਰੋਂ ਪਹਿਲਾਂ ਹੀ ਤਿਆਰ ਸੀ। ਉਹ ਛਾਲ ਮਾਰ ਕੇ ਉਠਿਆ ਤੇ ਥੱਲੇ ਚਲਿਆ ਗਿਆ। ਇਹ ਸ਼ਾਇਦ ਪਹਿਲੀ ਵਾਰ ਸੀ ਜਦੋਂ ਕਿਸੇ ਗਲ ਉਤੇ ਉਹ ਐਡੀ ਛੇਤੀ ਸਹਿਮਤ ਹੋ ਗਏ। ਬਾਰੇ ਨੇ ਥੱਲੇ ਜਾ ਕੇ ਪਾਣੀ ਦਾ ਗਲਾਸ ਪੀਤਾ ਅਤੇ ਬਿੱਕਰ ਨੂੰ ਅਵਾਜ ਮਾਰ ਕੇ ਪੁਛਿਆ, "ਓ ਬਿੱਕਰਾ ਪਾਣੀ ਪੀਣੈ?"

"ਆਹੋ ਪੀਣੈ। ਕੱਚ ਦੇ ਗਲਾਸ ਚ ਲਿਆਈਂ?"

ਬਿੱਕਰ ਨੇ ਪਾਣੀ ਦੇ ਅੱਧੇ ਗਲਾਸ ਵਿਚ ਸਕਾਚ ਦੀ ਸ਼ੀਸ਼ੀ ਉਲੱਦ ਦਿਤੀ, ਬਨੇਰੇ ਨਾਲ ਲੱਗੀ ਪੌੜੀ ਵਲ ਵੇਖਿਆ ਅਤੇ ਬਾਰੇ ਨੂੰ ਕਿਹਾ, "ਲੈ ਭਰ ਘੁੱਟ"।

"ਨਹੀਂ ਪਹਿਲਾਂ ਤੂੰ ਵੇਖ ਸੁਆਦ"।

ਉਹ ਗਲਾਸ ਵਿਚੋਂ ਵਾਰੀ ਵਾਰੀ ਘੁਟਾਂ ਭਰਨ ਲਗ ਪਏ ਤੇ ਨਾਲੇ ਗੱਲਾਂ ਕਰਨ ਲਗ ਪਏ। ਉਹਨਾਂ ਨੂੰ ਥੋੜਾ ਥੋੜਾ ਸਰੂਰ ਜਿਹਾ ਆਇਆ ਪਰ ਬਹੁਤਾ ਨਸ਼ਾ ਨਾ ਚੜ੍ਹਿਆ।

"ਲੈ ਵਈ ਬਾਹਰਲੀ ਚੀਜ ਬਾਹਰਲੀ ਹੁੰਦੀ ਐ। ਨਜਾਰਾ ਆ ਗਿਆ ਕੇਰਾਂ ਤਾਂ"। ਬਾਰਾ ਬੋਲਿਆ।

"ਤੈਨੂੰ ਕੀ ਪਤੈ ਨਜਾਰੇ ਦਾ? ਐਥੇ ਤਾਂ ਇਹਤੋਂ ਵੀ ਉਤੋਂ ਦੀ ਮਿਲਦੀਆਂ"। ਬਾਰੇ ਨੂੰ ਪਤਾ ਸੀ ਇਹ ਗੱਲ ਬਿੱਕਰ ਨੇ ਐਵੇਂ ਹੀ ਉਸ ਤੇ ਰੋਅਬ ਪਾਉਣ ਲਈ ਕਹੀ ਸੀ। ਉਸ ਦਾ ਚਿਹਰਾ ਤਣ ਗਿਆ ਪਰ ਉਸ ਦੇ ਜਵਾਬ ਦੇਣ ਤੋਂ ਪਹਿਲਾਂ ਹੀ ਬਿੱਕਰ ਫੇਰ ਬੋਲ ਪਿਆ, "ਪਰ ਕਨੇਡਾ ਕਨੇਡਾ ਈ ਐ, ਇਕ ਵਾਰ ਜੇ ਤੂੰ ਵੇਖ ਲੈਂ ਤਾਂ ਮੁੜ ਕੇ ਆਉਣ ਦਾ ਨਾਂ ਨਾ ਲਵੇਂ। ਸਭ ਤੋਂ ਨੰਬਰ ਵੰਨ ਮੁਲਕ ਐ ਦੁਨੀਆਂ ਦਾ"।

"ਮੈਂ ਤਾਂ ਕਹਿਨਾਂ ਕਨੇਡੇ ਵਰਗਾ ਭੈੜਾ ਮੁਲਕ ਨੀ ਦੁਨੀਆਂ ਤੇ। ਕੀ ਪਿਆ ਓਥੇ? ਐਵੇਂ ਕਨੇਡਾ ਕਨੇਡਾ ਲਾਈ ਐ?" ਬਾਰੇ ਨੇ ਬਿਨਾ ਸੋਚੇ ਸਮਝੇ ਤੁਰੰਤ ਜਵਾਬ ਦਿੱਤਾ।"

"ਲੈ, ਕੀ ਨੀ ਓਥੇ?" ਬਿੱਕਰ ਨੇ ਹੱਥ ਵਿਚਲੀ ਤਾਸ਼ ਦੀ ਡੱਬੀ ਮੰਜੇ ਤੇ ਸੁਟਦਿਆਂ ਕਿਹਾ, "ਜੇ ਕਿਤੇ ਬਾਹਰ ਨਿਕਲਿਆਂ ਹੋਵੇਂ ਤਾਂ ਪਤਾ ਹੋਵੇ। ਜਿਹੜੇ ਖਾਣੇ ਐਥੇ ਮਹਾਂਰਾਜੇ ਖਾਂਦੇ ਐ ਨਾ, ਓਥੇ ਸਰਦਾਰ ਜੀ ਉਹ ਕੁੱਤੇ ਨੀ ਖਾਂਦੇ, ਮਾਰੀ ਜਾਨਾਂ ਐਵੇਂ"।

"ਮੈਨੂੰ ਕਿਤੇ ਪਤਾ ਨੀ? ਕੱਲੀਆਂ ਦਾ ਘੱਲੀ ਮੁੜ ਕੇ ਆਇਆ ਕਨੇਡਾ ਤੋਂ। ਕਹਿੰਦਾ ਓਥੇ ਪਹਿਲਾਂ ਲੋਕ ਖਾ ਖਾ ਕੇ ਢਿੱਡ ਵਧਾਈ ਜਾਂਦੇ ਐ, ਫੇਰ ਕੰਵਲਿਆਂ ਆਂਗੂ ਕੋਈ ਵੀਹਾਂ ਚ ਭੱਜਿਆ ਫਿਰਦਾ ਕੋਈ ਪਾਰਕਾਂ ਚ ਕੋਈ ਸੜਕਾਂ ਤੇ। ਬੁਰੇ ਹਾਲ ਐ ਕਹਿੰਦਾ। ਮੈਨੂੰ ਯਾਰ ਇਹ ਨੀ ਪਤਾ ਲਗਦਾ ਉਹ ਪਹਿਲਾਂ ਐਨਾ ਖਾਂਦੇ ਈ ਕਿਉਂ ਐ ਪਸ਼ੂਆਂ ਆਂਗੂ। ਲੈ ਪਹਿਲਾਂ ਤੂੰ ਆਪਣਾ ਈ ਢਿੱਡ ਵੇਖ ਲਾ।" ਬਾਰੇ ਨੇ ਬਿੱਕਰ ਦੇ ਢਿੱਡ ਵਿਚ ਉਂਗਲ ਖੋਭਦਿਆਂ ਕਿਹਾ।

"ਓ ਰਹਿਣ ਦੇ ਤੂੰ," ਬਿੱਕਰ ਨੇ ਗੁੱਸੇ ਨਾਲ ਬਾਰੇ ਦਾ ਹੱਥ ਪਰੇ ਝਟਕਦਿਆਂ ਕਿਹਾ।" ਸਾਲੀ ਭੁੱਖ ਨੰਗ ਘੁਲੀ ਜਾਂਦੀ ਐ ਐਥੇ, ਲੱਗਾ ਪਿਉ ਆਲੀਆਂ ਗੱਲਾਂ ਮਾਰਨ। ਨ, ਜੀਹਦੇ ਕੋਲ ਹੈਗਾ ਓਹੀ ਖਾਊ..."

"ਨਾਂ, ਜੇ ਅੰਨ ਜਾਦੇ ਐ ਤਾਂ ਗਰੀਬਾਂ ਨੂੰ ਦੇ ਦੇਣਾ। ਕੱਲੀਆਂ ਦਾ ਘੱਲੀ ਤਾਂ ਕਹਿੰਦਾ ਓਥੇ ਵਾਧੂ ਕਣਕ ਅੱਗ ਲਾ ਕੇ ਸਾੜ ਦਿੰਦੇ ਐ, ਘਿਉ ਵਾਧੂ ਹੋਵੇ ਤਾਂ ਸਮੁੰਦਰ ਚ ਸਿੱਟ ਦਿੰਦੇ ਐ। ਹੈ ਕੰਜਰ ਦਿਆਂ ਦੀ ਪੁੱਠੀ ਮੱਤ। ਸਾਨੂੰ ਤਾਂ ਪਹਿਲਾਂ ਜਕੀਨ ਨਾ ਆਵੇ। ਘੱਲੀ ਕਹਿੰਦਾ ਹਜਾਰ ਹਜਾਰ ਦੀ ਸ਼ਰਤ ਲਾ ਲੋ।"

"ਹਾਂਅ, ਸਾੜਦੇ ਐ ਅੱਗਾਂ ਲਾ ਕੇ ਨਾਲੇ ਕੁਸ਼ ਹੋਰ। ਨਾਲੇ ਤੈਨੂੰ ਪੁੱਛ ਕੇ ਸਾੜਦੇ ਹੋਣੇ ਐਂ। ਨਾ ਤੈਨੂੰ ਕੀ ਪਤੈ ਐਥੇ ਬੈਠੇ ਨੂੰ ਐਵੇਂ ਭਕਾਈ ਮਾਰੀ ਜਾਨੈ?"

"ਚਲ ਸਿੱਟ ਹੱਥ ਫੇਰ, ਲਗੀ ਹਜਾਰ ਹਜਾਰ ਦੀ?" ਬਾਰੇ ਨੇ ਜੋਰ ਦੀ ਪੁਠਾ ਹੱਥ ਬਿੱਕਰ ਦੇ ਪੱਟ ਤੇ ਮਾਰਦਿਆਂ ਕਿਹਾ।

"ਸ਼ਰਤ ਤਾਂ ਤੂੰ ਲੱਖ ਲੱਖ ਦੀ ਲਾ ਲਾ, ਪਰ ਜੀਹਦੀ ਚੀਜ ਐ ਅਗਲਾ ਭਾਵੇਂ ਮਿੱਟੀ ਪਾ ਪਾ ਖੋਡੇ, ਤੇਰੇ ਕਾਹਤੋਂ..."ਚ ਪੀੜ ਹੁੰਦੀ ਐ, ਤੂੰ ਆਵਦੀ ਗੱਲ ਕਰ, ਡੋਲੇ ਵੇਖ ਕੇਰਾਂ ਭਲਵਾਨ ਦੇ ਕਿਵੇਂ ਬਣੇ ਐ"।

ਬਿੱਕਰ ਨੇ ਬਾਰੇ ਦਾ ਖੱਬਾ ਡੋਲਾ ਜੋਰ ਦੀ ਘੁਟਿਆ। ਬਾਰੇ ਨੇ ਸਾਰਾ ਜੋਰ ਲਾ ਕੇ ਡੋਲਾ ਛੁਡਾਇਆ ਤਾਂ ਮੰਜੇ ਤੋਂ ਥੱਲੇ ਜਾ ਪਿਆ। ਬਿੱਕਰ ਉਸ ਦੇ ਡਿੱਗਣ ਤੇ ਉਚੀ ਉਚੀ ਹੱਸਿਆ। ਪਰ ਬਾਰਾ ਚੁੱਪ ਕਰ ਗਿਆ ਤੇ ਗੁੱਸੇ ਵਿਚ ਉਸ ਨਾਲ ਬੋਲਣੋਂ ਹਟ ਗਿਆ।

ਇਸ ਸਮੇਂ ਥੱਲਿਓਂ ਕਿਸੇ ਦੇ ਪੌੜੀਆਂ ਤੇ ਚੜ੍ਹਨ ਦੀ ਅਵਾਜ ਆਈ। ਬਿੱਕਰ ਨੂੰ ਫਿਕਰ ਪੈ ਗਿਆ। ਉਸ ਨੇ ਫਟਾ ਫਟ ਬਾਰੇ ਨੂੰ ਮਨਾਉਣ ਲਈ ਸੋਚਿਆ। ਅਚਾਨਕ ਚੁਫੇਰੇ ਨਜਰ ਦੁੜਾਈ ਸਾਰੇ ਪਿੰਡ ਵਿਚ ਹਨੇਰਾ ਪਿਆ ਸੀ ਕੇਵਲ ਬਾਹਰ ਗੁਰਦੁਆਰੇ ਬਿਜਲੀ ਦੀ ਬੱਤੀ ਜਗਦੀ ਸੀ।

ਬਿੱਕਰ ਬੋਲਿਆ, "ਬਾਰਿਆ, ਔਹ ਵੇਖ ਓਇ ਕਨੇਡਾ ਆਂਗੂ ਬੱਤੀ ਜਗਦੀ ਐ।"

"ਨਾਲੇ....ਜਗਦੀ ਐ"। ਬਾਰੇ ਨੇ ਜੋਰ ਦੀ ਗਾਲ੍ਹ ਵਾਲਾ ਸ਼ਬਦ ਬੋਲਦਿਆਂ ਕਿਹਾ। ਇਸ ਸਮੇਂ ਬਾਰੇ ਦੀ ਬੇਬੇ ਉਹਨਾਂ ਵਾਸਤੇ ਪਾਣੀ ਦਾ ਜੱਗ ਹੱਥ ਵਿਚ ਲਈ ਪੌੜੀ ਦੇ ਆਖਰੀ ਟੰਬੇ ਉਤੇ ਸੀ। ਉਹਨੇ ਬਾਰੇ ਦੀ ਗਾਲ੍ਹ ਸੁਣ ਲਈ। ਅਸਲ ਵਿਚ ਬਾਰੇ ਨੇ ਗਾਲ੍ਹ ਕਢੀ ਹੀ ਉਸ ਨੂੰ ਵੇਖ ਕੇ ਸੀ। ਉਹ ਚਾਹੁੰਦਾ ਸੀ ਬੇਬੇ ਉਹਨਾਂ ਤੋਂ ਆ ਕੇ ਸਭ ਕੁਝ ਪੁੱਛੇ ਤੇ ਫੇਰ ਬਿੱਕਰ ਨੂੰ ਝਿੜਕਾਂ ਪੈਣ। ਬਲਵੰਤ ਕੁਰ ਨੂੰ ਬਹੁਤ ਗੁੱਸਾ ਆਇਆ ਪਰ ਥੱਲੇ ਜਗਤਾਰ ਸਿੰਘ ਬੈਠਾ ਹੋਣ ਕਰਕੇ ਉਸ ਨੇ ਗਾਲ ਨੂੰ ਅਣਸੁਣੀ ਕਰ ਦਿਤਾ ਅਤੇ ਓਥੇ ਬਨੇਰੇ ਉਤੇ ਹੀ ਜੱਗ ਰਖਦਿਆਂ ਖਰ੍ਹਵੀ ਅਵਾਜ ਵਿਚ ਬੋਲੀ:

"ਮੁੰਡਿਓ ਆਹ ਪਾਣੀ ਲੈ ਲੋ ਮੂੰਹ ਹੱਥ ਧੋਣ ਵਾਸਤੇ, ਫੇਰ ਰੋਟੀ ਖਾਣੀ ਐ"। ਇਹ ਕਹਿ ਕੇ ਉਹ ਥੱਲੇ ਉਤਰ ਗਈ।

ਬਿੱਕਰ ਨੇ ਬਾਰੇ ਨੂੰ ਫੇਰ ਖੁਸ਼ ਕਰਨ ਦਾ ਯਤਨ ਕੀਤਾ: "ਐਤਕੀਂ ਅਸੀਂ ਤੈਨੂੰ ਨਾਲ ਈ ਲੈ ਜਾਣਾ ਕਨੇਡੇ ਨੂੰ, ਤਿਆਰੀ ਕਰ ਲਾ"।

"ਰਹਿਣ ਦੇ ਆਪਾਂ ਨੀ ਜਾਣਾ ਥੋਡੇ ਕਨੇਡੇ। ਓਥੇ ਤੁਸੀਂ ਬਾਰਾਂ ਮਹੀਨੇ ਚੌਵੀ ਘੰਟੇ ਕੰਮ ਕਰਦੇ ਐਂ, ਐਥੇ ਆ ਕੇ ਐਵੇਂ ਰੋਅਬ ਮਾਰਦੇ ਐਂ। ਕੋਈ ਜਿੰਦਗੀ ਐ ਥੋਡੀ।"

"ਤੈਨੂੰ ਕੇਹੜਾ... ਕਹਿੰਦਾ ਅਸੀਂ ਓਥੇ ਬਾਰਾਂ ਮਹੀਨੇ ਕੰਮ ਕਰਦੇ ਐਂ। ਮਸਾਂ ਛੇ ਮਹੀਨੇ ਕੰਮ ਕਰੀਦਾ ਫੇਰ ਅਨਅੰਪਲਾਈਮੈਂਟ ਦੀਆਂ ਸਟੈਂਪਾਂ ਮਿਲ ਜਾਂਦੀਆਂ। ਛੇ ਮਹੀਨੇ ਘਰ ਬੈਠਿਆਂ ਨੂੰ ਪੈਸੇ ਆਉਂਦੇ ਐ। ਤੂੰ ਕਦੇ ਨਾਮ ਵੀ ਸੁਣਿਆਂ ਅਨਅੰਪਲਾਈਮੈਂਟ ਸਟੈਂਪਾਂ ਦਾ?"

"ਲੈ ਮੈਨੂੰ ਕਿਤੇ ਪਤਾ ਨੀ। ਐਥੇ ਸਾਰੇ ਪੰਜਾਬ ਰੌਲਾ ਪਿਆ ਹੋਇਆ ਕਨੇਡੇ ਦੀਆਂ ਸਟੈਂਪਾਂ ਦਾ। ਕੱਲੀਆਂ ਦਾ ਘੱਲੀ ਕਹਿੰਦਾ ਓਥੇ ਆਪਣੇ ਲੋਕ ਫਾਰਮਾਂ ਚ ਕੰਮ ਕਰਦੇ ਐ। ਕੰਮ ਕੋਈ ਹੋਰ ਕਰਦਾ ਸਟੈਂਪਾਂ ਕੋਈ ਹੋਰ ਲਈ ਜਾਂਦਾ, ਤੇ ਪੈਸੇ ਮੁਖਤ ਦੇ ਮਿਲੀ ਜਾਂਦੇ ਐ। ਪਹਿਲਾਂ ਤਾਂ ਅਸੀਂ ਜਕੀਨ ਨਾ ਕਰੀਏ। ਫੇਰ ਘੱਲੀ ਕਹਿੰਦਾ ਹਜਾਰ ਹਜਾਰ ਦੀ ਸ਼ਰਤ ਲਾ ਲੈ। ਉਂ ਇਹ ਗਲ ਤਾਂ ਯਾਰ ਵਧੀਆ ਕੇਨੇਡੇ ਦੀ"।

"ਕਿਉਂ ਹੁਣ ਕਰਦਾ ਕਨੇਡੇ ਜਾਣ ਨੂੰ ਚਿਤ ਕਿ ਨਹੀਂ?" ਬਿੱਕਰ ਨੇ ਪੁਛਿਆ,

"ਨਾਂਹ", ਬਾਰੇ ਨੇ ਸਿਰ ਹਲਾਉਂਦਿਆਂ ਕਿਹਾ।

ਬਿੱਕਰ ਨੂੰ ਬਾਰੇ ਦੀ ਗਲ ਤੇ ਗੁੱਸਾ ਆਇਆ। ਉਹਨੂੰ ਪਤਾ ਸੀ ਬਾਰਾ ਐਵੇਂ ਉਤੋਂ ਉਤੋਂ ਉਸਤੇ ਰੋਅਬ ਰੱਖਣ ਲਈ ਨਾਂਹ ਕਰਦਾ ਐ।

"ਆਵਦੇ ਪਿਓ ਨੂੰ ਪੁੱਛ ਕੇ ਵੇਖ। ਮਾਮਾ ਤਾਂ ਮਿੰਨਤਾਂ ਕਰੀ ਜਾਂਦਾ। ਕਹਿੰਦਾ ਜਿਵੇਂ ਮਰਜੀ ਕਰੋ, ਠੱਗੀ ਠੋਰੀ ਕਰੋ, ਹੇਰਾ ਫੇਰੀ ਮਾਰੋ, ਝੂਠ ਤੁਫਾਨ ਬੋਲੋ ਪਰ ਬਾਰੇ ਨੂੰ ਇਕ ਵਾਰ ਐਥੋਂ ਬਾਹਰ ਕੱਢ ਲੋ। ਤੂੰ ਐਵੇਂ ਕਿਰਲੇ ਆਂਗੂ ਧੌਣ ਅਕੜਾਈ ਫਿਰਦੈਂ"। ਬਿੱਕਰ ਨੇ ਬਾਰੇ ਦੀ ਧੌਣ ਤੇ ਧੌਲ ਮਾਰਦਿਆਂ ਕਿਹਾ।

"ਬਾਪੂ ਨੂੰ ਕੀ ਪਤੈ, ਕੱਲੀਆਂ ਦਾ ਘੱਲੀ ਕਹਿੰਦਾ..."

"ਇਹ ਕੀ ਤੂੰ ਐਵੇਂ ਘੱਲੀ ਘੱਲੀ ਲਾਈ ਐ। ਘੱਲੀ ਸਾਲਾ ਮੁਗਲੇ ਆਜਮ ਐ। ਘੱਲੀ ਯੇਹ ਕਹਿੰਦਾ। ਘੱਲੀ ਵੋਹ ਕਹਿੰਦਾ, ਘੱਲੀ ਕੋਈ ਬੰਦਾ ਐ? ਪਤਾ ਕਿਉਂ ਕੱਢਿਆ ਕਨੇਡੇ ਆਲਿਆਂ ਨੇ ਉਹਨੂੰ? ਓਥੇ ਰਹਿਣ ਦੇ ਮਾਰੇ ਨੇ ਜਾ ਕੇ ਗੋਰੀ ਨਾਂ ਵਿਆਹ ਕਰਵਾ ਲਿਆ। ਅਗਲਿਆਂ ਨੂੰ ਪਤਾ ਲੱਗ ਗਿਆ ਬਈ ਕੰਮ ਜਾਹਲੀ ਐ, ਡੈਰੀ ਦੇ ਤੀ ਕਿਸੇ ਨੇ। ਅਗਲਿਆਂ ਨੇ ਫੜ੍ਹ ਕੇ ਸਿੱਧਾ ਗੱਡੀ ਚਾੜ੍ਹ ਤਾ। ਨਾਲੇ ਇਹ ਗੌਰਮਿੰਟ ਦੇ ਵਰੁਧ ਭੜਕੌਂਦਾ ਬਹੁਤ ਸੀ ਲੋਕਾਂ ਨੂੰ।"

"ਐ ਤਾਂ ਪਤਾ ਨੀ ਪਰ ਗੱਲਾਂ ਤਾਂ ਖਰੀਆਂ ਕਰਦਾ ਘੱਲੀ। ਕਹਿੰਦਾ..."

ਬਿੱਕਰ ਨੇ ਅੱਕ ਕੇ ਬਾਰੇ ਦੀ ਬਾਂਹ ਮਰੋੜ ਲਈ ਤੇ ਪੁੱਛਿਆ, "ਤੂੰ ਮੇਰੇ ਮਗਰ ਲੱਗਣਾ ਕਿ ਘੱਲੀ ਮਗਰ?" ਬਾਰੇ ਨੇ ਝਟਕੇ ਨਾਲ ਬਾਂਹ ਛੁਡਾ ਕੇ ਮੰਜੇ ਤੋਂ ਉਠ ਖੜਿਆ ਤੇ ਬੋਲਿਆ "ਘੱਲੀ ਮਗਰ"। ਬਿੱਕਰ ਨੂੰ ਹੋਰ ਗੁੱਸਾ ਚੜ੍ਹ ਗਿਆ। ਉਸਨੇ ਉਠ ਕੇ ਬਾਰੇ ਦੀ ਖੱਬੀ ਬਾਂਹ ਫੜ੍ਹ ਲਈ ਅਤੇ ਸੱਜੇ ਹੱਥ ਨਾਲ ਉਹਦੇ ਘਸੁੰਨ ਲਾਉਂਦਾ ਹੋਇਆ ਬੋਲਿਆ, "ਮੇਰੇ ਮਗਰ ਕਿ ਘੱਲੀ ਮਗਰ?"

ਬਾਰਾ ਹੱਥ ਛੁਡਾਉਂਦਾ ਤੇ ਘਸੁੰਨ ਰੋਕਦਾ ਪਿੱਛੇ ਨੂੰ ਹਟਦਾ ਬੋਲੀ ਗਿਆ,

"ਘੱਲੀ ਮਗਰ, ਘੱਲੀ ਮਗਰ, ਘੱਲੀ ਮਗਰ..."

ਬਨੇਰੇ ਤੇ ਪਏ ਪਾਣੀ ਦੇ ਜੱਗ ਵਿਚ ਬਾਰੇ ਦਾ ਪੈਰ ਲੱਗਿਆ ਅਤੇ ਜੱਗ ਥੱਲੇ ਮੰਜੇ ਦੇ ਪਾਵੇ ਤੇ ਜਾ ਵੱਜਿਆ। ਮੰਜੇ ਤੇ ਬੈਠਾ ਬਿੱਕਰ ਦਾ ਪਿਓ, ਜਗਤਾਰ ਸਿਹੁੰ, ਭੜੱਕ ਕੇ ਉਠਿਆ:

"ਮਰੋ ਥੋਡੀ ਮਾਂ..."ਜਗਤਾਰ ਸਿਹੁੰ ਦੇ ਮੂਹੋਂ ਗਾਲ੍ਹ ਨਿਕਲੀ। ਪਾਣੀ ਦੀ ਪਲਕਾਰ ਉਸਦੇ ਗਲ ਵਿਚ ਜਾ ਪਈ ਸੀ।

"ਵੇ ਬਾਰਿਆ, ਵੇ ਕੀ ਹੋਇਆ ਥੋਨੂੰ ਦੋਜਕ ਜਾਣਿਓਂ, ਕਿਵੇਂ ਨ੍ਹੇਰੀ ਲਿਆਂਦੀ ਐ ਫਾਹੇ ਆਉਣਿਆਂ ਨੇ।"

ਬਾਰਾ ਤੇ ਬਿੱਕਰ ਇਕ ਦਮ ਸੁੰਨ ਜਿਹੇ ਹੋ ਕੇ ਖੜ੍ਹ ਗਏ। ਜੱਗ ਪਾਵੇ ਤੇ ਵੱਜਣ ਨਾਲ ਖੜਾਕ ਵੀ ਬਹੁਤ ਹੋਇਆ ਸੀ।

"ਅਸੀਂ ਕੁਝ ਨੀ ਕੀਤਾ ਬੇਬੇ ਔਹ ਜੀਤੇ ਕਾ ਕੁੱਤਾ ਸਿੱਟ ਗਿਆ"। ਸਾਹਮਣੇ ਵਾਲੀ ਛੱਤ ਉਤੇ ਬਘਿਆੜ ਵਰਗਾ ਕੁੱਤਾ ਖੜਾ ਸੀ ਜੋ ਅਕਸਰ ਰਾਤ ਨੂੰ ਛੱਤਾਂ ਤੇ ਭੌਂਜਿਆ ਫਿਰਦਾ ਰਹਿੰਦਾ ਸੀ। ਬਲਵੰਤ ਕੁਰ ਨੇ ਇਸ ਝੂਠ ਤੇ ਜਾਣ ਬੁੱਝ ਕੇ ਯਕੀਨ ਕਰ ਲਿਆ।

"ਮਾਰ ਕਤੀੜ੍ਹ ਦੇ ਸਿਰ ਚ ਇੱਟ ਚੱਕ ਕੇ, ਕਿਨ੍ਹਾ ਵਖਤ ਖੜਾ ਕੀਤਾ"। ਬਲਵੰਤ ਕੁਰ ਨੇ ਭਿਜੇ ਕੱਪੜੇ ਨਚੋੜਦੀ ਨੇ ਕਿਹਾ।

ਬਾਰਾ ਤੇ ਬਿੱਕਰ ਮੁਸ਼ਕੜੀਆਂ ਹਸਦੇ ਚੁਪ ਚਾਪ ਮੰਜੇ ਉਤੇ ਆ ਬੈਠੇ।

ਐਨ ਇਸ ਸਮੇਂ ਬਾਹਰਲੇ ਬੂਹੇ ਤੇ ਠੱਕ ਠੱਕ ਹੋਈ। ਘਰ ਵਿਚ ਇਕ ਦਮ ਸੰਨਾਟਾ ਛਾ ਗਿਆ। ਰਾਤ ਦੇ ਇਸ ਸਮੇਂ ਬੂਹੇ ਤੇ ਦਸਤਕ ਹੋਣੀ ਆਮ ਗਲ ਨਹੀਂ ਸੀ। ਬਿੱਕਰ ਤੇ ਬਾਰਾ ਵੀ ਇਸ ਸਮੇਂ ਚੁਪ ਬੈਠੇ ਹੋਣ ਕਰਕੇ ਉਹਨਾਂ ਨੂੰ ਬੂਹੇ ਦੀ ਠੱਕ ਠੱਕ ਸੁਣ ਗਈ ਤੇ ਨਾਲ ਹੀ ਬਲਵੰਤ ਕੁਰ ਦੇ ਇਹ ਬੋਲ ਵੀ:

"ਲੈ ਆ ਗੀ, ਹੁਣ ਕੀ ਬਣੂ? ਹੇ ਵਾਹਿਗੁਰੂ ਤੂੰ ਹੀ ਰਾਖਾ ਐਂ"।

ਜਗਤਾਰ ਸਿਹੁੰ ਨੇ ਉਤਾਂਹ ਨੂੰ ਕਰ ਕੇ ਹੱਥ ਜੋੜੇ ਜਿਵੇਂ ਅਰਦਾਸ ਕਰਨ ਲੱਗਾ ਹੋਵੇ।

"ਬਿੱਕਰਾ ਮੰਜੇ ਹੇਠ ਲੁਕ ਜਾ ਛੇਤੀ ਕਰ ਛੇਤੀ, ਬੋਲੀਂ ਨਾ, ਬਾਹਰ ਗੰਨਾਂ ਆਲੇ ਐ, ਮੈਨੂੰ ਲੈਣ ਆਏ ਹੋਣਗੇ, ਤੈਨੂੰ ਵੀ ਨੀ ਛੱਡਣਾ ਉਹਨਾਂ ਨੇ। ਛੇਤੀ ਕਰ, ਹਿੱਲੀਂ ਨਾ"। ਬਾਰੇ ਨੇ ਬੁਲ੍ਹਾਂ ਉਤੇ ਉਂਗਲ ਲਾ ਕੇ ਫੇਰ ਬਿੱਕਰ ਨੂੰ ਨਾ ਬੋਲਣ ਦੀ ਸਖਤ ਚਿਤਾਵਣੀ ਦਿੱਤੀ। ਦੋਵੇਂ ਜਣੇ ਸੂਤ ਦੇ ਵੱਡੇ ਮੰਜੇ ਹੇਠ ਪੇ ਗਏ। ਮੰਜੇ ਦੀ ਪੈਂਦ ਵਿਹੜੇ ਵਲ ਸੀ ਅਤੇ ਉਹਨਾਂ ਦੇ ਘੁਲਣ ਕਰਕੇ ਅੱਧਾ ਬਿਸਤਰਾ ਪੈਂਦ ਉਤੋਂ ਥੱਲੇ ਲਟਕਦਾ ਸੀ।

ਬਲਵੰਤ ਕੋਰ ਨੂੰ ਕਿਸੇ ਹੋਰ ਘਰ ਇਹੋ ਜਿਹੀ ਵਾਪਰੀ ਘਟਨਾ ਯਾਦ ਆਈ। ਉਸ ਨੇ ਇਕ ਦਮ ਆਪਣਾ ਡਰ ਵਾਲਾ ਮੂਡ ਬਦਲ ਲਿਆ ਅਤੇ ਸਹਿਜ ਸੁਭਾ ਜਾ ਕੇ ਬੂਹਾ ਖੋਲ ਦਿਤਾ: ਬਾਹਰ ਤਿੰਨ ਗੰਨਾਂ ਵਾਲੇ ਜਵਾਨ ਖੜ੍ਹੇ ਸਨ।

"ਆਓ ਪੁੱਤ ਜੀਅ ਆਇਆਂ ਨੂੰ, ਆਓ ਬੈਠੋ ਅੰਦਰ ਆ ਕੇ ਚਾਹ ਪਾਣੀ ਪੀਓ ਥੱਕੇ ਹੋਵੋਂਗੇ"। ਬੰਦੂਕਾਂ ਵਾਲਿਆਂ ਨੇ ਔਰਤ ਦਾ ਚੁਸਤ ਰਵੱਈਆ ਤਾੜ ਲਿਆ ਪਰ ਮਿੱਠੇ ਸ਼ਬਦਾਂ ਦਾ ਕੁਝ ਅਸਰ ਹੋ ਹੀ ਜਾਂਦਾ ਹੈ। ਉਹ ਤਿੰਨੇ ਬਿਨਾ ਕੁਝ ਬੋਲੇ ਕਾਹਲੇ ਕਦਮੀਂ ਅੰਦਰ ਆਏ ਅਤੇ ਆਸੇ ਪਾਸੇ ਨਿਗ੍ਹਾ ਮਾਰਨ ਲੱਗ ਪਏ।

"ਥੋਡਾ ਮੁੰਡਾ ਕਿੱਥੇ ਐ?" ਇਕ ਨੇ ਸਖਤ ਲਹਿਜੇ ਵਿਚ ਪੁੱਛਿਆ। ਬਲਵੰਤ ਕੋਰ ਦੇ ਉਤਰ ਦੇਣ ਤੋਂ ਪਹਿਲਾਂ ਹੀ ਦੂਸਰੇ ਨੇ ਬੰਦੂਕ ਦੀ ਨਾਲੀ ਜਗਤਾਰ ਸਿਹੁੰ ਦੇ ਗਲ ਨਾਲ ਲਾਈ ਅਤੇ ਬੋਲਿਆ, "ਇਹ ਕੌਣ ਐ?"

"ਇਹ ਤਾਂ ਪੁੱਤ ਸਾਡੇ ਬਾਰੇ ਦਾ ਫੁੱਫੜ ਐ ਮਿਲਣ ਆਇਆ ਸੀ ਸੁੱਖ ਨਾਲ, ਇਹਨੂੰ ਤਾਂ ਐਥੇ ਕਿਸੇ ਗੱਲ ਦਾ ਪਤਾ ਨੀ। ਬਾਰੇ ਦਾ ਪਿਉ ਤਾਂ ਬਾਹਰ ਐ, ਪਿੰਡ ਚ ਗਿਆ ਹੋਇਆ"। ਜਗਤਾਰ ਸਿਹੁੰ ਨੂੰ ਖਿਆਲ ਆਇਆ ਜੇ ਇਹਨਾਂ ਨੂੰ ਪਤਾ ਲਗ ਗਿਆ ਅਸੀਂ ਕਨੇਡਾ ਤੋਂ ਆਏ ਆਂ ਫੇਰ ਕੀ ਬਣੂ। ਇਸ ਸੋਚ ਨਾਲ ਉਹ ਉਕਾ ਭੈਭੀਤ ਹੋ ਗਿਆ। ਉਸ ਦੇ ਮੂਹੋਂ ਕੋਈ ਸ਼ਬਦ ਨਾ ਨਿਕਲਿਆ।

"ਮੈਂ ਪੁਛਦਾਂ ਮੁੰਡਾ ਕਿੱਥੇ ਆ ਥੋਡਾ?" ਪਹਿਲੇ ਨੇ ਹੋਰ ਸਖਤ ਲਹਿਜੇ ਵਿਚ ਪੁੱਛਿਆ। ਦੂਜੇ ਨੇ ਵਿਹੜੇ ਵਿਚ ਇਕ ਪਾਸੇ ਪਏ ਢੋਲ ਦੇ ਜੋਰ ਦੀ ਲੱਤ ਮਾਰੀ। ਢੋਲ ਵਿੱਚ ਕੁਝ ਨਹੀਂ ਸੀ। ਖਾਲੀ ਢੋਲ ਰੁੜ੍ਹਦਾ ਰੁੜਦਾ ਪਰ੍ਹੇ ਜਾ ਰੁਕਿਆ।

"ਉਹ ਤਾਂ ਪੁੱਤ ਘਰੇ ਹੈ ਨੀ, ਆਵਦੇ ਕਿਸੇ ਯਾਰਾਂ ਬੇਲੀਆਂ ਨਾਲ ਬਾਹਰ ਗਿਆ। ਐਸ ਵੇਲੇ ਪਤਾ ਨੀ ਕੀ

ਖੇਹ ਛਾਣਦੇ ਫਿਰਦੇ ਐ ਬਾਹਰ। ਕਿਹੜਾ ਦਸ ਕੇ ਜਾਂਦੇ ਐ ਘਰੇ।"

ਪਹਿਲੇ ਨੇ ਉਤਾਂਹ ਜਾਂਦੀ ਪੌੜੀ ਵੱਲ ਨਜਰ ਮਾਰੀ ਤੇ ਫੇਰ ਨਾਲ ਦਿਆਂ ਵੱਲ ਵੇਖਿਆ। ਉਸ ਨੇ ਇਸ਼ਾਰੇ ਨਾਲ ਤੀਸਰੇ ਨੂੰ ਉਪਰ ਚੜ੍ਹਨ ਲਈ ਕਿਹਾ। ਬਲਵੰਤ ਕੁਰ ਦਾ ਕਾਲਜਾ ਡੁੱਬ ਗਿਆ। ਪਰ ਉਹ ਉਸੇ ਤਰਾਂ ਮੂੰਹ ਦੂਜੇ ਪਾਸੇ ਕਰੀ ਗਲਾਸਾਂ ਵਿਚ ਦੁੱਧ ਪਾਈ ਗਈ। ਡਾਣਾ ਵਰਤਣ ਵਾਲਾ ਸੀ ਪਰ ਹੁਣ ਕੁਝ ਵੀ ਬੋਲਣ ਨਾਲ ਗਲ ਹੋਰ ਵੀ ਖਤਰਨਾਕ ਬਣ ਸਕਦੀ ਸੀ। ਜਗਤਾਰ ਸਿੰਘ ਅੰਦਰੇ ਅੰਦਰ ਅਰਦਾਸ ਕਰੀ ਜਾਂਦਾ ਸੀ: "ਹੇ ਸੱਚੇ ਪਾਤਸ਼ਾਹ ਜੇ ਅਜ ਹੱਥ ਦੇ ਕੇ ਬਚਾ ਲੈਂ ਤਾਂ ਮੁੜ ਐਸ ਦੇਸ ਪੈਰ ਨਾ ਪਾਈਏ"। ਉਸਨੂੰ ਆਪਣੀ ਜਨਮ ਭੂਮੀ ਕਿਸੇ ਦੁਸ਼ਮਣ ਦੀ ਧਰਤੀ ਲਗ ਰਹੀ ਸੀ।

ਪੌੜੀਆਂ ਤੇ ਚੜ੍ਹਨ ਵਾਲੇ ਨੇ ਬੰਦੂਕ ਸੱਜੇ ਹੱਥ ਵਿਚ ਥੰਮ ਲਈ, ਉਂਗਲ ਘੋੜੇ ਉੱਤੇ ਰੱਖ ਲਈ ਅਤੇ ਸਾਵਧਾਨੀ ਨਾਲ ਟੰਬੇ ਚੜ੍ਹਨ ਲੱਗਾ: "ਕੀ ਪਤਾ ਕੋਈ ਅੱਗੇ ਬੰਦੂਕ ਸਿੰਨ੍ਹੀ ਬੈਠਾ ਹੋਵੇ?" ਜਾਪਦਾ ਸੀ ਉਹ ਕਿਸੇ ਮਾਮੂਲੀ ਜਿਹੇ ਖੜਕੇ ਤੇ ਵੀ ਆਪਣੀ ਆਟੋਮੈਟਕ ਗੰਨ ਨਾਲ ਗੋਲੀਆਂ ਦਾ ਮੀਂਹ ਵਰ੍ਹਾ ਦੇਵੇਗਾ। ਇਸ ਸਮੇਂ ਇਕ ਸੱਪ ਦੀ ਘੋੜੀ (ਲੰਮੀਆਂ ਲੱਤਾਂ ਵਾਲੀ ਇਕ ਕਾਲੀ ਡੂੰਡੀ) ਬਾਰੇ ਦੀ ਗਰਦਣ ਉੱਤੇ ਚੜ੍ਹੀ ਅਤੇ ਹੌਲੀ ਹੌਲੀ ਉਸਦੀ ਠੋਡੀ ਵੱਲ ਨੂੰ ਤੁਰਨ ਲੱਗੀ। ਬਾਰੇ ਨੂੰ ਬਹੁਤ ਅਲਕਤ ਆਈ। ਉਹ ਛੋਟਾ ਹੁੰਦਾ ਸੱਪ ਦੀ ਘੋੜੀ ਤੋਂ ਬਹੁਤ ਡਰਦਾ ਹੁੰਦਾ ਸੀ। ਉਸਨੇ ਸੋਚਿਆ ਜੇ ਘੋੜੀ ਉਸਦੇ ਬੁਲ੍ਹਾਂ 'ਤੇ ਆ ਗੀ ਤਾਂ ਉਹ ਸਹਾਰ ਨਹੀਂ ਸਕੇਗਾ। ਬਾਰੇ ਦਾ ਹੱਥ ਉਠਦਾ ਉਠਦਾ ਰੁਕ ਗਿਆ ਅਤੇ ਉਹ ਜੀਭ ਦੰਦਾਂ ਹੇਠ ਨੱਪ ਕੇ ਅਹਿੱਲ ਪਿਆ ਰਿਹਾ। ਇਸ ਸਮੇਂ ਜਰਾ ਜਿਨੀ ਹਰਕਤ ਵੀ ਬਨੇਰੇ ਉਤੋਂ ਉਚੇ ਹੋਏ ਸਿਰ ਦਾ ਧਿਆਨ ਮੰਜੇ ਦੇ ਥੱਲੇ ਵੱਲ ਖਿੱਚ ਸਕਦੀ ਸੀ।

ਬਨੇਰੇ ਉਤੋਂ ਉਤਰੇ ਬੰਦੇ ਨੇ ਕਾਹਲ ਨਾਲ ਮੰਜੇ ਉੱਤੇ ਅਤੇ ਛੱਤ ਦੇ ਆਸ ਪਾਸ ਨਿਗਾਹ ਮਾਰੀ। ਫੇਰ ਗਰਦਨ ਘੁਮਾ ਕੇ ਥੱਲੇ ਆਪਣੇ ਸਾਥੀਆਂ ਵੱਲ ਵੇਖ ਸਿਰ ਮਾਰ ਦਿੱਤਾ। ਪਹਿਲੇ ਗੰਨ ਵਾਲੇ ਦਾ ਚਿਹਰਾ ਹੋਰ ਤਣ ਗਿਆ ਤੇ ਉਸਨੇ ਬਲਵੰਤ ਕੁਰ ਵੱਲ ਮੂੰਹ ਭੰਵਾਇਆ। ਪਰ ਬਲਵੰਤ ਕੁਰ ਨੇ ਉਸਦੇ ਕੁਝ ਬੋਲਣ ਤੋਂ ਪਹਿਲਾਂ ਹੀ ਹੁਸ਼ਿਆਰੀ ਨਾਲ ਅੰਦਰ ਦਾ ਬੂਹਾ ਖੋਲ੍ਹ ਦਿੱਤਾ ਤੇ ਬੋਲੀ, "ਜੇ ਪੁੱਤ ਮੇਰੇ ਤੇ ਨਹੀਂ ਜਕੀਨ ਆਉਂਦਾ ਤਾਂ ਆਹ ਸਾਰਾ ਘਰ ਖੁਲ੍ਹ ਪਿਆ, ਅੰਦਰ ਵੜ ਕੇ ਵੇਖ ਲੌ। ਪਰ ਤੁਸੀਂ ਆਹ ਦੁੱਧ ਦੇ ਗਲਾਸ ਪੀਓ ਮੈਂ ਥੋੜੇ ਵਾਸਤੇ ਰੋਟੀ ਲਾਹੁਨੀ ਆਂ, ਭੁੱਖੇ ਹੋਵੋਂਗੇ"। ਗੰਨ ਵਾਲੇ ਨੇ ਇਕ ਝਾਤ ਅੰਦਰ ਮਾਰੀ ਪਰ ਉਸਨੂੰ ਹੁਣ ਬਲਵੰਤ ਕੁਰ ਤੇ ਯਕੀਨ ਆ ਗਿਆ। ਜਗਤਾਰ ਸਿੰਹੁ ਔਧੀ ਕੁ ਗਰਦਨ ਝੁਕਾਈ ਪਾਠ ਕਰੀ ਜਾਂਦਾ ਸੀ। ਹੋਰ ਉਹ ਕਰ ਵੀ ਕੀ ਸਕਦਾ ਸੀ। ਜੇ ਆਉਣ ਵਾਲੇ ਆਮ ਬੰਦੇ ਹੁੰਦੇ ਤਾਂ ਉਸ ਨੇ ਸ਼ੇਰ ਵਾਂਗ ਉਠ ਕੇ ਉਹਨਾਂ ਦੇ ਗਲ ਪੈ ਜਾਣਾ ਸੀ। ਹੁਣ ਉਸਨੂੰ ਇਹ ਕੁਝ ਮਿੰਟਾਂ ਦਾ ਸਮਾਂ ਫਾਂਸੀ ਤੇ ਲਟਕਣ ਨਾਲੋਂ ਔਖਾ ਲਗਦਾ ਸੀ। ਉਸਨੂੰ ਜਾਪਦਾ ਸੀ ਜੇ ਉਸਦੇ ਮੂੰਹੋਂ ਕੋਈ ਵੀ ਗਲ ਨਿਕਲ ਗਈ ਤਾਂ ਗੋਲੀਆਂ ਦੀ ਬੁਛਾੜ ਪੈ ਜਾਵੇਗੀ। ਬੰਦੂਕਾਂ ਵਾਲਿਆਂ ਦੀਆਂ ਅੱਖਾਂ ਵਿਚ ਅਜੇ ਵੀ ਲਹੂ ਸੀ ਪਰ ਬਲਵੰਤ ਕੁਰ ਦੇ ਸਹਿਜ ਨੇ ਅਤੇ ਮਿੱਠੀ ਬੋਲੀ ਨੇ ਉਹਨਾਂ ਦਾ ਕ੍ਰੋਧ ਢਿੱਲਾ ਕਰ ਦਿੱਤਾ। ਉਹਨਾਂ ਦੁੱਧ ਦੇ ਗਲਾਸ ਪੀਤੇ ਅਤੇ ਬਿਨਾ ਕੁਝ ਹੋਰ ਪੁੱਛੇ ਦੱਸੇ ਬੂਹਿਓਂ ਬਾਹਰ ਨਿਕਲ ਗਏ।

ਘਰ ਵਿਚ ਅਜੇ ਵੀ ਸੰਨਾਟਾ ਸੀ। ਜਗਤਾਰ ਸਿੰਘ ਦਾ ਬਲਵੰਤ ਕੁਰ ਵੱਲ ਵੇਖਣ ਦਾ ਹੌਸਲਾ ਨਾ ਪਿਆ। ਉਸ ਨੂੰ ਅੱਜ ਜਿੰਦਗੀ ਵਿਚ ਪਹਿਲੀ ਵਾਰ ਮਹਿਸੂਸ ਹੋ ਰਿਹਾ ਸੀ ਜਿਵੇਂ ਉਹ ਬੰਦਾ ਹੀ ਨਾ ਹੋਵੇ। ਉਸ ਨੂੰ ਇਤਨੀ ਹੀਣਤਾ ਦਾ ਅਹਿਸਾਸ ਕਨੇਡੇ ਵਰਗੇ ਓਪਰੇ ਮੁਲਕ ਵਿਚ ਵੀ ਕਦੇ ਨਹੀਂ ਸੀ ਹੋਇਆ। ਬਲਵੰਤ ਕੁਰ ਮੁੜ ਮੁੜ ਬੂਹੇ ਵਲ ਵੇਖੀ ਜਾਂਦੀ ਸੀ: ਕਿਧਰੇ ਮੁੜ ਹੀ ਨਾ ਆਉਣ, ਕਿਤੇ ਬੂਹੇ ਨਾਲ ਹੀ ਨਾ ਖੜ੍ਹੇ ਹੋਣ। ਉੱਤੇ ਬਿੱਕਰ ਅਤੇ ਬਾਰੇ ਨੂੰ ਅਜੇ ਉਹਨਾਂ ਦੇ ਜਾਣ ਦਾ ਪੱਕਾ ਪਤਾ ਨਹੀਂ ਸੀ। ਉਹ ਉਸੇ ਤਰਾਂ ਛਾਪਲੇ ਪਏ ਰਹੇ।

ਕੁਝ ਦੇਰ ਪਿੱਛੋਂ ਬਲਵੰਤ ਕੁਰ ਪੌੜੀ ਉੱਤੇ ਚੜ੍ਹੀ। ਉਸ ਦੀਆਂ ਲੱਤਾਂ ਕੰਬ ਰਹੀਆਂ ਸਨ। ਅਸਲ ਵਿਚ ਹੋ ਚੁੱਕੇ ਹਾਦਸੇ ਦਾ ਅਸਰ ਉਸ ਤੇ ਹੁਣ ਪੂਰੀ ਤਰਾਂ ਹੋਇਆ ਸੀ। ਉਸ ਨੂੰ ਯਕੀਨ ਨਹੀਂ ਆ ਰਿਹਾ ਸੀ ਇਹ ਸਭ ਕੁਝ ਲੰਘ ਚੁੱਕਾ ਹੈ। ਨਾਂ ਹੀ ਉਸ ਨੂੰ ਪਤਾ ਸੀ ਮੁੰਡੇ ਛੱਤ ਉੱਤੇ ਹਨ ਵੀ ਕਿ ਨਹੀਂ। ਉਸਨੇ ਜਦੋਂ ਬਾਰੇ ਅਤੇ ਬਿੱਕਰ ਨੂੰ ਚੁਪ ਚਾਪ ਮੰਜੇ ਉੱਤੇ ਬੈਠੇ ਦੇਖਿਆ ਤਾਂ ਉਸਦਾ ਦਿਲ ਫੇਲ੍ਹ ਹੋਣ ਵਾਲਾ ਹੋ ਗਿਆ। ਉਸ ਨੇ ਕਿੰਨੀ ਦੇਰ ਉਹਨਾਂ ਨੂੰ ਹਿੱਕ ਨਾਲ ਘੁੱਟੀ ਰੱਖਿਆ। ਬਿੱਕਰ ਹੌਲੀ ਕੁ ਦੇਣੇ ਉਸਦੀ ਗਲਵੱਕੜੀ ਚੋਂ ਰਿਸਕ ਕੇ ਮੰਜੇ ਉੱਤੇ ਬੈਠ ਗਿਆ ਤਾਂ ਬਲਵੰਤ ਕੁਰ ਨੇ ਅੱਖਾਂ ਪੂੰਝਦੀ ਨੇ ਉਸਨੂੰ ਕਿਹਾ:

"ਵੇ ਪੁੱਤਾ, ਆਹ ਤੇਰੇ ਅੱਗੇ ਦੋਵੇਂ ਹੱਥ ਜੋੜਦੀ ਆਂ, ਬਾਰੇ ਨੂੰ ਐਥੋਂ ਕੱਢ ਲਾ, ਤੇਰਾ ਭਲਾ ਹੋਊ, ਸਾਰੀ ਉਮਰੇ ਤੇਰਾ ਗੁਣ ਨੀ ਭੁਲਾਉਂਦੀ। ਇਹਨੂੰ ਕਿਵੇਂ ਨਾ ਕਿਵੇਂ ਸਮਝਾ, ਸਾਰੀ ਦੁਨੀਆਂ ਬਾਹਰ ਤੁਰੀ ਜਾਂਦੀ ਐ, ਇਹ ਬਾਹਰ ਜਾਣ ਦਾ ਨਾਂ ਨੀ ਲੈਂਦਾ। ਖਵਰੇ ਇਸ ਚੰਦਰੇ ਨੂੰ ਐਥੇ ਖੇਤਾਂ ਦੀ ਮਿੱਟੀ ਵਿਚ ਕੀ ਮੋਹ ਪਿਆ ਹੋਇਆ। ਜੇ ਸਮੇਂ ਚੰਗੇ ਹੁੰਦੇ ਅਸੀਂ ਕਿਹੜਾ ਇਹਨੂੰ ਘਰੋਂ ਤੋਰ ਕੇ ਰਾਜੀ ਸੀ। ਇੱਕੋ ਇੱਕ ਤਾਂ ਸੁੱਖ ਨਾਲ ਸਾਡੇ ਕੋਲ ਮੁੰਡਾ ਐ। ਪਰਮਾਤਮਾਂ ਨੇ ਆਹ ਸਮੇ ਵੀ ਵਖੌਣੇ ਸੀ ਜਦੋਂ ਮਾਵਾਂ ਆਪ ਆਵਦੇ ਪੁੱਤਾਂ ਨੂੰ ਘਰੋਂ ਬਾਹਰ ਧਕੀ ਜਾਂਦੀਆਂ"।

ਉਸਦਾ ਬੋਲਦੀ ਬੋਲਦੀ ਦਾ ਗੱਚ ਭਰ ਆਇਆ। ਉਹ ਪੱਲੇ ਨਾਲ ਅੱਥਰੂ ਪੂੰਝਦੀ ਥੱਲੇ ਉਤਰ ਗਈ।

(ਸੁਰਿੰਦਰ ਧੰਜਲ, ਬਿੱਕਰ ਅਤੇ ਬਾਰੇ ਦੇ ਨਾਮ)

□■□■□■□■□■□■□■□■□■□□■□■

ਜੇਕਰ ਤੁਸੀਂ ਨਵਾਂ ਜਾਂ ਪੁਰਾਣਾ ਫਰਨੀਚਰ ਖ੍ਰੀਦਣਾ ਹੋਵੇ ਹਮੇਸ਼ਾਂ ਸਾਡੇ ਸਟੋਰ ਤੇ ਦਰਸ਼ਨ ਦਿਉ। ਅਸੀਂ ਤੁਹਾਨੂੰ ਚੰਗੀ ਡੀਲ ਦਾ ਭਰੋਸਾ ਦਿਵਾਉਂਦੇ ਹਾਂ।

* ਜੇ ਕਰ ਪੁਰਾਣਾ ਫਰਨੀਚਰ ਟ੍ਰੇਡ ਕਰਨਾ ਹੋਵੇ ਤਾਂ ਵੀ ਸਾਡੀਆਂ ਸੇਵਾਵਾਂ ਪ੍ਰਾਪਤ ਕਰੋ।

ਟੌਪ ਕੁਆਲਟੀ ਅਤੇ ਵਾਜਬ ਕੀਮਤਾਂ

*ਲਿਵਿੰਗ ਰੂਮ *ਡਾਇਨਿੰਗ ਰੂਮ * ਬੈਡ ਰੂਮ ਗੱਲ ਕੀ ਹਰ ਕਿਸਮ ਦਾ ਫਰਨੀਚਰ ਸਾਥੋਂ ਖ੍ਰੀਦੋ।

***New *Usaed * Trad-Ins** **Lowest Prices Guaranteed in B.C.**

ਫਰਨੀਚਰ ਦੀ ਦੁਨੀਆਂ 'ਚ 42 ਸਾਲ ਪੁਰਾਣਾ ਸਟੋਰ।

VISA **Royal Furniture Ltd.** MasterCard

**2607 Main St. (at 10 th. ave.), Vancouver, B.C.** **Tel. 874-9525**

**visa and master card accepted**

**LOWEST PRICES GURANTEED IN B.C.**

ਹਰ ਪ੍ਰਕਾਰ ਦੀ ਇਨਸ਼ੋਰੈਂਸ ਲਈ

# ਪੰਜਾਬੀ ਮਾਰਕੀਟ ਦੇ ਸੱਭ ਤੋਂ ਭਰੋਸੇਯੋਗ ਇਨਸ਼ੋਰੈਂਸ ਦਫਤਰ



ਦਲਜੀਤ ਸਿੰਘ ਸਿੱਧੂ

**S & S INSURANCE**
(Associated Professional
Insurance Services Inc
6656 Main St. ((upstairs)
Vancouver, B.C.
**Ph: 324-5711**

autoplan

**Auto - Home- Commercial Insurance**

ਅਸੀਂ ਵਿਜ਼ਟਿਰਾਂ ਦੀ ਮੈਡੀਕਲ ਇਨਸ਼ੋਰੈਂਸ ਵੀ ਕਰਦੇ ਹਾਂ।

*Business Cards - Wedding Cards*
*Letterheads - Envelopes - Brochures -*
*Menus - Business Forms - Flyers -*
*Etc.,*

Special Photocopies

1-10 copies 7 cents
11-30 copies 6 cents
31-75 copies 5 cents
76 & up 4.5 cents

B/W X 11
(price per original)

FULL COLOR COPIES

**BUSINESS CARDS**
**(BLACK ON WHITE)**
**$ 19.95**
**1000 Business Cards**

## SUPER PRINTERS
Stationery & Copy Centre Ltd.

5934 Fraser Street, Vancouver, B.C.
V5W 2Z7
**321-0220**

**Specializing in the finest**
**East Indian Cousine**

# Natraj Restaurant & Catering Services

**Contact your famous Chef**



*TARLOK SACHDEVA*
**5656 Fraser St.**
**(Between 40 & 41 Ave.)**
**Ph: 327-6141**

**Now Open for Lunch**
**12 to 2:30 pm**
**Dinner Served**
**5 to 11 pm**

# ਕਰਤਾਰ ਫੋਟੋ ਸਟੂਡੀਓ

## *Kartar Photo Studio*

6618 Fraser St.,
50th Ave.
Vancouver B.C.
V5X 3T5
**Ph: 327-1700**
**-We also do-**
Passport, Citizenship,
& Wedding Photos



Special rate for Video movies

ਹਰ ਤਰ੍ਹਾਂ ਦੇ ਗਾਣਿਆਂ ਦੀਆਂ ਟੇਪਾਂ ਤੇ ਵੀਡੀਉ ਮੂਵੀਆਂ ਹਰ ਹਫਤੇ ਰੀਲੀਜ਼ ਕਰਦੇ ਹਾਂ। ਹਰ ਮੁਲਕ ਦੀ ਬਣੀ ਮੂਵੀ ਕਨਵਰਟ ਕਰਦੇ ਹਾਂ।

**ਸ਼ਰਤੀਆ ਕਲੀਅਰ ਪ੍ਰਿੰਟ - $8.00/hr**

# ਜ਼ਹਿਰ ਦੇ ਵਪਾਰੀ

## III

## ਸੁਖਵੰਤ ਹੁੰਦਲ

ਤਕੜਾ ਮਾੜੇ ਤੇ ਜ਼ੁਲਮ ਕਰਦਾ ਹੈ। ਵੱਡੀ ਮੱਛੀ ਛੋਟੀ ਮੱਛੀ ਨੂੰ ਨਿਗਲ ਜਾਂਦੀ ਹੈ। ਇਹਨਾਂ ਗੱਲਾਂ ਦੀ ਸਚਾਈ ਤੋਂ ਕੋਈ ਵੀ ਮੁਨਕਰ ਨਹੀਂ। ਅਸੀਂ ਇਸ ਸਚਾਈ ਨੂੰ ਅੱਖਾਂ ਬੰਦ ਕਰਕੇ ਮੰਨਣ ਨੂੰ ਤਿਆਰ ਹਾਂ। ਕਿਉਂਕਿ ਅਸੀਂ ਇਸ ਨੂੰ ਅੱਖਾਂ ਬੰਦ ਕਰਕੇ ਮੰਨ ਲਿਆ ਹੈ ਇਸ ਲਈ ਇਸ ਵੱਲ ਬਹੁਤਾ ਧਿਆਨ ਨਹੀਂ ਦਿੰਦੇ। ਜੇ ਕੋਈ ਸਾਨੂੰ ਇਸ ਗੱਲ ਵੱਲ ਧਿਆਨ ਦੇਣ ਲਈ ਕਹੇ ਤਾਂ ਅਸੀਂ ਉਸਨੂੰ ਇਹ ਕਹਿ, "ਛੱਡ ਯਾਰ ਕੋਈ ਨਵੀਂ ਗੱਲ ਕਰ, ਇਹਦਾ ਤਾਂ ਸੱਭ ਨੂੰ ਪਤਾ ਹੈ" ਆਪਣੀਆਂ ਅੱਖਾਂ ਮੀਟਣ ਦਾ ਯਤਨ ਕਰਦੇ ਹਾਂ। ਕੋਈ ਸਨਸਨੀਖੇਜ਼ ਜਾਂ ਅਤਿ ਦੀ ਭਿਆਨਕ ਖਬਰ ਜਾਂ ਤੱਥ ਹੀ ਸਾਨੂੰ ਇਸ ਸਚਾਈ ਵੱਲ ਧਿਆਨ ਦੇਣ ਅਤੇ ਸੋਚਣ ਲਈ ਮਜ਼ਬੂਰ ਕਰਦੇ ਹਨ। ਇਸ ਲੇਖ ਦਾ ਮਕਸਦ ਅਜਿਹੇ ਹੀ ਤੱਥ ਪੇਸ਼ ਕਰਨਾ ਹੈ ਜੋ ਸਾਨੂੰ ਤਕੜੇ ਅਤੇ ਮਾੜੇ ਅਤੇ ਵੱਡੀ ਮੱਛੀ ਅਤੇ ਛੋਟੀ ਮੱਛੀ ਦੇ ਵਿਚਕਾਰ ਦੱਸੇ ਉਪਰਲੇ ਰਿਸ਼ਤੇ ਵਲ ਧਿਆਨ ਦੇਣ ਅਤੇ ਸੋਚਣ ਲਈ ਮਜ਼ਬੂਰ ਕਰਨਗੇ। ਇਹ ਤੱਥ ਅਮੀਰ ਮੁਲਕਾਂ (ਵਿਕਸਤ) ਦੀਆਂ ਵੱਡੀਆਂ ਕਾਰਪੋਰੇਸ਼ਨਾਂ ਵਲੋਂ ਫਾਇਦਾ ਕਮਾਉਣ ਲਈ ਗਰੀਬ ਮੁਲਕਾਂ (ਅਣਵਿਕਸਤ ਜਾਂ ਵਿਕਾਸਸ਼ੀਲ) ਦੇ ਲੋਕਾਂ ਦੀ ਸਿਹਤ ਅਤੇ ਜ਼ਿੰਦਗੀ ਨਾਲ ਕੀਤੇ ਜਾਂਦੇ ਖਿਲਵਾੜ ਨਾਲ ਸਬੰਧਤ ਹਨ। ਅਮੀਰ ਮੁਲਕਾਂ ਦੀਆਂ ਮਲਟੀ (ਵੱਡੀਆਂ) ਕਾਰਪੋਰੇਸ਼ਨਾਂ ਗਰੀਬ ਮੁਲਕਾਂ ਵਿਚ ਲੋਕਾਂ ਦੀ ਸਿਹਤ ਅਤੇ ਜ਼ਿੰਦਗੀ ਨਾਲ ਅਜਿਹਾ ਕੁੱਝ ਕਰ ਰਹੀਆਂ ਹਨ ਜਿਸ ਦੀ ਉਹਨਾਂ ਨੂੰ ਅਮੀਰ ਮੁਲਕਾਂ ਵਿਚ ਕਰਨ ਦੀ ਇਜ਼ਾਜਤ ਨਹੀਂ। ਉਹ ਅਜਿਹਾ ਕਿਵੇਂ ਕਰ ਰਹੀਆਂ ਹਨ ਇਹ ਦੇਖਣ ਲਈ ਅਸੀਂ ਹੇਠਾਂ ਦੱਸੇ ਖੇਤਰਾਂ ਤੇ ਨਜ਼ਰ ਮਾਰਾਂਗੇ:

1. ਉਹ ਸਨਅਤਾਂ ਜਿਹਨਾਂ ਵਿਚ ਕੰਮ ਕਰਨ ਵਾਲਿਆਂ ਅਤੇ ਉਹਨਾਂ ਸਨਅਤਾਂ ਦੇ ਆਲੇ ਦੁਆਲੇ ਦੇ ਵਾਤਾਵਰਣ ਵਿਚ ਰਹਿਣ ਵਾਲਿਆਂ ਲੋਕਾਂ ਦੀ ਸਿਹਤ ਉੱਪਰ ਮਾਰੂ ਪ੍ਰਭਾਵ ਪੈਂਦੇ ਹਨ।

2. ਖੇਤੀਬਾੜੀ ਵਿਚ ਵਰਤੀਆਂ ਜਾਣ ਵਾਲੀਆਂ ਕੀੜੇ ਮਾਰ ਦਵਾਈਆਂ (pesticides) ਅਤੇ ਮਨੁੱਖ ਦੇ ਰੋਗਾਂ ਦਾ ਇਲਾਜ ਕਰਨ ਵਾਲੀ ਦਵਾਈਆਂ ਨੂੰ ਬਣਾਉਣਾਂ ਅਤੇ ਉਹਨਾਂ ਦਾ ਵਪਾਰ।

ਇਸਦੇ ਨਾਲ ਅਸੀਂ ਇਹ ਵੀ ਦੇਖਾਂਗੇ ਕੀ ਕਿਵੇਂ ਅਮੀਰ ਮੁਲਕਾਂ ਦੀਆਂ ਸਰਕਾਰਾਂ ਵੀ ਇਹਨਾਂ ਕਾਰਪੋਰੇਸ਼ਨਾਂ ਦੀ ਸਿੱਧੇ ਜਾਂ ਅਸਿੱਧੇ ਰੂਪ ਵਿਚ ਮਦਦ ਕਰਦੀਆਂ ਹਨ।

ਕਈ ਸਨਅਤਾਂ ਅਜਿਹੀਆਂ ਹਨ ਜਿਹਨਾਂ ਵਿਚ ਕੰਮ ਕਰਨ ਵਾਲਿਆਂ ਲੋਕਾਂ ਦੀ ਸਿਹਤ ਤੇ ਬੜੇ ਮਾਰੂ ਅਸਰ ਪੈਂਦੇ ਹਨ। ਇਸ ਦੀ ਇਕ ਉਦਾਹਰਣ ਐਸਬਸਟਸ (asbestos) ਦੀ ਹੈ। ਇਸ ਨੂੰ ਪਾਈਪਾਂ ਅਤੇ ਬੁਆਲਿਰਾਂ ਵਿਚ 'ਇਨਸੁਲੇਟਰ' ਦੇ ਤੌਰ ਤੇ ਵਰਤਿਆ ਜਾਂਦਾ ਰਿਹਾ ਹੈ। ਹੁਣ ਇਸਦੀ ਵਰਤੋਂ

> "ਅਮੀਰ ਮੁਲਕਾਂ ਦੀਆਂ ਮਲਟੀ (ਵੱਡੀਆਂ) ਕਾਰਪੋਰੇਸ਼ਨਾਂ ਗਰੀਬ ਮੁਲਕਾਂ ਵਿਚ ਲੋਕਾਂ ਦੀ ਸਿਹਤ ਅਤੇ ਜ਼ਿੰਦਗੀ ਨਾਲ ਅਜਿਹਾ ਕੁੱਝ ਕਰ ਰਹੀਆਂ ਹਨ ਜਿਸ ਦੀ ਉਹਨਾਂ ਨੂੰ ਅਮੀਰ ਮੁਲਕਾਂ ਵਿਚ ਕਰਨ ਦੀ ਇਜ਼ਾਜਤ ਨਹੀਂ।"

ਅਸਬੇਸਟਸ ਦੀਆਂ ਸੀਮਿੰਟ-ਸ਼ੀਟਾਂ ਅਤੇ ਪਾਈਪ ਬਣਾਉਣ ਵਿਚ ਕੀਤੀ ਜਾਂਦੀ ਹੈ। ਇਸਦੀ ਧੂੜ ਅੰਦਰ ਜਾਣ ਨਾਲ ਫੇਫੜਿਆਂ ਦੀ ਬਿਮਾਰੀ 'ਐਸਬੇਸਟੋਸਿਸ' ਲੱਗਦੀ ਹੈ ਜਿਸਦਾ ਕੋਈ ਇਲਾਜ ਨਹੀਂ। ਇਸ ਤੋਂ ਬਿਨਾਂ ਐਸਬੇਸਟਸ ਦਾ ਫੇਫੜਿਆਂ, ਗੁਰਦੇ ਅਤੇ ਪੇਟ ਦੀ ਕੈਂਸਰ ਲਾਉਣ ਵਿਚ ਵੱਡਾ ਹੱਥ ਹੈ। ਐਸਬੇਸਟਸ ਦਾ ਸਿਰਫ ਇਸ ਸਨਅਤ ਵਿਚ ਕੰਮ ਕਰਨ ਵਾਲੇ ਲੋਕਾਂ ਤੇ ਹੀ ਅਸਰ ਨਹੀਂ ਹੁੰਦਾ ਸਗੋਂ ਇਸ ਸਨਅਤ ਵਿਚ ਕੰਮ ਕਰਨ ਵਾਲੇ ਮਜ਼ਦੂਰਾਂ ਦੇ ਕਪੜਿਆਂ ਤੇ ਲੱਗੀ ਧੂੜ ਘਰ ਆਉਣ ਨਾਲ ਘਰ ਦੇ ਮੈਂਬਰਾਂ ਤੇ ਵੀ ਅਸਰ ਪੈਂਦਾ ਹੈ ਅਤੇ ਇਸਦੇ ਨਾਲ ਹੀ ਉਹਨਾਂ ਲੋਕਾਂ ਤੇ ਵੀ ਇਸਦਾ ਮਾਰੂ ਅਸਰ ਹੁੰਦਾ ਹੈ ਜੋ ਅਸਬੇਸਟਸ ਦੀਆਂ ਫੈਕਟਰੀਆਂ ਦੇ ਨੇੜੇ ਰਹਿੰਦੇ ਹਨ। ਸੱਠਵਿਆਂ ਦੇ ਅਖੀਰ ਅਤੇ ਸੱਤਰਵਿਆਂ ਦੇ ਸ਼ੁਰੂ ਵਿਚ ਵਿਕਸਤ ਦੇਸ਼ਾਂ ਵਿਚ ਇਸ ਸਨਅਤ ਦੇ ਵਿਰੁੱਧ ਇਕ ਕਾਫੀ ਵੱਡਾ ਵਿਰੋਧ ਉੱਠਿਆ ਅਤੇ ਇਸ ਵਿਰੋਧ ਸਦਕਾ ਇਹਨਾਂ ਮੁਲਕਾਂ ਵਿਚ ਇਸ ਸਨਅਤ ਵਿਚ ਸੁਰੱਖਿਆ ਦੇ ਕਈ ਕਾਨੂੰਨ ਬਣੇ। ਨਤੀਜੇ ਵਜੋਂ ਇਹਨਾਂ ਮੁਲਕਾਂ ਵਿਚ ਐਸਬੇਸਟਸ ਦੇ ਕਾਰਖਾਨੇ ਚਲਾਉਣੇ ਔਖੇ ਹੋ ਗਏ ਅਤੇ ਮਹਿੰਗੇ ਪੈਣ ਲੱਗੇ। ਇਸ ਸਦਕਾ ਇਹਨਾਂ ਮੁਲਕਾਂ ਵਿਚ ਇਸ ਸਨਅਤ ਨਾਲ ਸਬੰਧਤ ਕੰਪਨੀਆਂ ਨੇ ਵਿਕਸਤ ਦੇਸ਼ਾਂ ਵਿਚ ਆਪਣੇ ਕਾਰਖਾਨੇ ਬੰਦ ਕਰਨੇ ਸ਼ੁਰੂ ਕਰ ਦਿੱਤੇ ਅਤੇ ਅਣਵਿਕਸਤ ਦੇਸ਼ਾਂ ਵਿਚ (ਜਿੱਥੇ ਸੁਰੱਖਿਆ ਦੇ ਕਾਨੂੰਨ ਨਾ ਹੋਣ ਬਰਾਬਰ ਸਨ) ਪਹਿਲਾਂ ਲੱਗੇ ਹੋਏ ਆਪਣੇ ਕਾਰਖਾਨਿਆਂ ਵਿਚ ਉਤਪਾਦਨ ਵਧਾ ਦਿੱਤਾ ਅਤੇ ਇਹਨਾਂ ਦੇਸ਼ਾਂ ਵਿਚ ਹੋਰ ਕਾਰਖਾਨੇ ਲਾਉਣੇ ਸ਼ੁਰੂ ਕਰ ਦਿੱਤੇ। ਉਦਾਹਰਣ ਲਈ ਕੈਨੇਡਾ ਦੀ ਇਕ ਕੰਪਨੀ 'ਕਿਊਬਿਕਸ ਐਸਬੇਸਟਸ ਕਾਰਪੋਰੇਸ਼ਨ ਲਿਮਟਿਡ' ਦੇ ਪ੍ਰੈਜ਼ੀਡੈਂਟ ਨੇ 1981 ਵਿਚ ਦਿੱਤੇ ਇਕ ਬਿਆਨ ਵਿਚ ਦੱਸਿਆ ਕਿ ਐਸਬੇਸਟਸ ਦੇ ਨਵੇਂ ਕਾਰਖਾਨੇ ਵਿਕਾਸਸ਼ੀਲ ਦੇਸ਼ਾਂ ਵਿਚ ਜਿਵੇਂ ਟੂਨੀਸਿਆ, ਮਿਡਲ ਈਸਟ, ਫਿਲਪਾਈਨ, ਨਾਈਜੀਰੀਆ, ਮਲੇਸ਼ੀਆ ਅਤੇ ਸ੍ਰੀ ਲੰਕਾ ਵਿਚ ਲਾਏ ਜਾ ਰਹੇ ਸਨ। ਪਰ ਇਸ ਸਮੇਂ ਉੱਤਰੀ ਅਮਰੀਕਾ ਵਿਚ ਅਜਿਹੇ ਕਾਰਖਾਨੇ ਬੰਦ ਕੀਤੇ ਜਾ ਰਹੇ ਸਨ। ਅਮਰੀਕਾ ਅਤੇ ਕੈਨੇਡਾ ਵਿਚ ਜੋਹਨ-ਮੈਨਵਿਲ ਅਤੇ ਸਰਟੇਨ-ਟੀਡ ਕਾਰਪੋਰੇਸ਼ਨ ਨੇ ਆਪਣੇ 7 ਕਾਰਖਾਨੇ ਬੰਦ ਕਰ ਦਿੱਤੇ। ਇਸੇ ਕੰਪਨੀ ਨੇ ਅਮਰੀਕਾ ਵਿਚ ਸੰਨ 1973 ਵਿਚ ਅਸਬੇਸਟਸ ਦੀ 'ਹੀਟ ਇਨਸੂਲੇਸ਼ਨ' ਲਈ ਵਰਤੀ ਜਾਂਦੀ ਸਮੱਗਰੀ ਬਣਾਉਣੀ ਬੰਦ ਕਰ ਦਿੱਤੀ ਸੀ। ਪਰ ਅੱਸੀਵਿਆਂ ਵਿਚ ਵੀ ਉਹ ਅਜਿਹੀ ਸਮੱਗਰੀ ਆਪਣੇ ਬਰਾਜ਼ੀਲ ਦੇ ਕਾਰਖਾਨੇ ਵਿਚ ਬਣਾਉਂਦੀ ਰਹੀ।

ਇਸੇ ਤਰ੍ਹਾਂ ਜੋਹਨ ਮੈਨਵਿਲ ਕਾਰਪੋਰੇਸ਼ਨ ਦੀ ਹਿੰਦੁਸਤਾਨ ਵਿਚ ਸ੍ਰੀ ਦਿਗ-ਵਿਜੇ ਸੀਮੈਂਟ ਕੰਪਨੀ ਨਾਲ ਸਾਂਝੀ ਸੀਮੈਂਟ ਦੀ ਫੈਕਟਰੀ ਅਹਿਮਦਾਬਾਦ ਵਿਚ ਹੈ। ਇਥੇ ਹਰ ਸਾਲ 50,000 ਟਨ ਅਸਬੇਸਟੋਸ ਦੇ ਸੀਮੈਂਟ ਦੇ ਪਾਈਪ ਅਤੇ ਸ਼ੀਟਾਂ ਬਣਦੀਆਂ ਹਨ। ਬੇਸ਼ਕ ਵਿਕਸਤ ਦੇਸ਼ਾਂ ਵਿਚ ਅਸਬੇਸਟਸ ਦੀ ਵਰਤੋਂ ਤੇ ਰੋਕ ਲੱਗ ਚੁੱਕੀ ਹੈ ਪਰ ਹਿੰਦੁਸਤਾਨ ਵਿਚ ਬਣਾਈਆਂ ਜਾਂਦੀਆਂ ਇਹ ਵਸਤਾਂ ਦੂਜੇ ਅਣਵਿਕਸਤ ਦੇਸ਼ਾਂ (ਜਿਵੇਂ ਅਫਰੀਕਾ ਅਤੇ ਮੱਧ ਪੂਰਬ) ਵਿਚ ਜੋਹਨ-ਮੈਨਵਿਲ ਕਾਰਪੋਰੇਸ਼ਨ ਵੇਚਦੀ ਹੈ। ਹਿੰਦੁਸਤਾਨ ਵਿਚ ਇਸ ਕਾਰਖਾਨੇ ਵਿਚ ਕੰਮ ਕਰਨ ਦੀਆਂ ਹਾਲਤਾਂ ਬਹੁਤ ਹੀ ਨਿਕੰਮੀਆਂ ਹਨ। ਅੱਸੀਵਿਆਂ ਦੇ ਸ਼ੁਰੂ ਵਿਚ ਇਸ ਕਾਰਪੋਰੇਸ਼ਨ ਦੇ ਆਪਣੇ ਇੰਜਨੀਅਰਾਂ ਦੀ ਰੀਪੋਰਟ ਮੁਤਾਬਕ ਜਦੋਂ ਉਹਨਾਂ ਨੇ ਇਸ ਫੈਕਟਰੀ ਦਾ ਮੁਆਇਨਾ ਕੀਤਾ ਤਾਂ ਉਥੇ ਅਸਬੇਸਟੋਸ ਦੇ ਰੇਸ਼ੇ ਦੀ ਧੂੜ ਆਮ ਉੜੀ ਫਿਰਦੀ ਸੀ ਅਤੇ ਕਾਮੇ ਕੰਮ ਕਰ ਰਹੇ ਸਨ। ਇਹ ਧੂੜ ਏਨੀ ਖਤਰਨਾਕ ਹੈ ਕਿ ਜੇ ਇਹ ਸਾਹ ਰਾਹੀਂ ਮਨੁੱਖ ਦੇ ਅੰਦਰ ਚਲੀ ਜਾਵੇ ਤਾਂ ਫੇਫੜਿਆਂ ਦੀ ਲਾਇਲਾਜ ਬਿਮਾਰੀ ਲਾ ਦਿੰਦੀ ਹੈ। ਅਜਿਹੀਆਂ ਹਾਲਤਾਂ ਵਿਚ ਇਹ ਫੈਕਟਰੀ ਵਿਕਸਤ ਦੇਸ਼ਾਂ ਵਿਚ ਕਦੇ ਨਾ ਚੱਲਣ ਦਿੱਤੀ ਜਾਵੇ।

ਹਿੰਦੁਸਤਾਨ ਵਿਚ ਹੀ ਇਸ ਨਾਲ ਦੀ ਇਕ ਹੋਰ ਉਦਾਹਰਣ ਬੰਬਈ ਵਿਚ ਹਿੰਦੁਸਤਾਨ ਫੈਰੀਡੋ ਦੀ ਹੈ ਜੋ ਅਸਬੇਸਟਸ ਦੀ ਟੈਕਸਟਾਈਲ ਅਤੇ ਬ੍ਰੇਕ ਲਾਈਨਿੰਗਜ਼ ਬਣਾਉਂਦੀ ਹੈ। 1984 ਵਿਚ ਮਿਲਦੀ ਜਾਣਕਾਰੀ ਮੁਤਾਬਕ ਬ੍ਰਿਟੇਨ ਦੀ ਕੰਪਨੀ ਟਰਨਰ ਅਤੇ ਨਿਊਵਾਲ ਇਸ ਕੰਪਨੀ ਦੇ 74 ਪ੍ਰਤੀਸ਼ਤ ਹਿੱਸੇ ਦੀ ਮਾਲਕ ਸੀ। ਅਮਰੀਕਾ ਅਤੇ ਯੂਰਪੀ ਦੇਸ਼ਾਂ ਵਿਚ ਅਸਬੇਸਟਸ ਦੀ

ਟੈਕਸਟਾਈਲ ਅਤੇ ਬ੍ਰੇਕ ਲਾਈਨਿੰਗਜ਼ ਬਣਾਉਣਾ ਬੰਦ ਕਰ ਦਿੱਤਾ ਗਿਆ ਹੈ ਪਰ ਹਿੰਦੁਸਤਾਨ ਵਿਚ ਬ੍ਰਿਟੇਨ ਦੀ ਕੰਪਨੀ ਦੀ ਮਾਲਕੀ ਹੇਠ ਇਹ ਵਸਤਾਂ ਅਜੇ ਵੀ ਬਣਾਈਆਂ ਜਾ ਰਹੀਆਂ ਹਨ। 1981-82 ਵਿਚ ਕੀਤੀ ਇਕ ਪੜਤਾਲ ਮੁਤਾਬਕ ਇਸ ਫੈਕਟਰੀ ਵਿਚ ਕੰਮ ਕਰਨ ਦੀਆਂ ਅਜਿਹੀਆਂ ਹਾਲਤਾਂ ਸਨ ਜੋ ਬ੍ਰਿਟੇਨ ਦੀਆਂ ਫੈਕਟਰੀਆਂ ਵਿਚ 50 ਸਾਲ ਪਹਿਲਾਂ ਸਨ ਅਤੇ ਅੱਜ ਦੇ ਮਾਪਾਂ ਮੁਤਾਬਕ ਇਹ ਫੈਕਟਰੀ ਬ੍ਰਿਟੇਨ ਵਿਚ ਚੱਲਣ ਦੀ ਬਿਲਕੁਲ ਇਜਾਜ਼ਤ ਨਾ ਦਿੱਤੀ ਜਾਵੇ। ਇਸ ਫੈਕਟਰੀ ਵਿਚ ਕੰਮ ਕਰਨ ਵਾਲੇ ਇਕ ਕਾਮੇ ਮੁਤਾਬਕ "ਇਸ ਫੈਕਟਰੀ ਵਿਚ ਇਨੀ ਗਾੜ੍ਹੀ ਧੂੜ ਸੀ ਜਿੰਨੀ ਇਕ ਕੱਚੀ ਸੜਕ ਤੇ ਜਾਣ ਵਾਲੀ ਬੱਸ ਦੇ ਪਿੱਛੇ ਹੁੰਦੀ ਹੈ।" ਪਰ ਮੈਨੇਜਮੈਂਟ ਨੇ ਕਾਮਿਆਂ ਨੂੰ ਇਸ ਧੂੜ ਦੇ ਖਤਰਨਾਕ ਅਸਰਾਂ ਬਾਰੇ ਨਹੀਂ ਦੱਸਿਆ। ਕੰਪਨੀ ਵਲੋਂ ਸਾਲ ਵਿਚ ਇਕ ਜਾਂ ਦੋ ਵਾਰ ਕਾਮਿਆਂ ਦੇ ਛਾਤੀ ਦੇ ਐਕਸਰੇ ਲਏ ਜਾਂਦੇ ਸਨ ਪਰ ਉਹਨਾਂ ਨੂੰ ਇਹਨਾਂ ਐਕਸਰਿਆਂ ਦੇ ਨਤੀਜਿਆਂ ਬਾਰੇ ਨਹੀ ਸੀ ਦੱਸਿਆ ਜਾਂਦਾ ਬੇਸ਼ੱਕ ਉਹਨਾਂ ਨੂੰ ਫੇਫੜਿਆਂ ਦੀ ਲਾਇਲਾਜ ਬਿਮਾਰੀ ਅਸਬੇਟੋਸਿਸ ਹੋਵੇ ਵੀ। ਮੈਨੇਜਮੈਂਟ ਦਾ ਦਾਅਵਾ ਸੀ ਕਿ ਕੰਪਨੀ ਦਾ ਮੈਡੀਕਲ ਰੀਕਾਰਡ ਚੰਗਾ ਹੈ। ਪਰ ਟਾਇਮਜ਼ ਆਫ ਇੰਡੀਆ ਵਿਚ ਛਪੀ ਇਕ ਰੀਪੋਰਟ ਮੁਤਾਬਕ ਕੰਪਨੀ ਅਜਿਹੇ ਕਾਮਿਆਂ ਨੂੰ ਜਿਹਨਾਂ ਦੇ ਐਕਸਰੇ ਦੱਸਦੇ ਸਨ ਕਿ ਉਹਨਾਂ ਨੂੰ ਐਸਬੇਸਟੋਸਿਸ ਲੱਗ ਚੁੱਕਾ ਹੈ ਕੰਮ ਤੋਂ ਹਟਾ ਦਿੰਦੀ ਸੀ। ਫਿਰ ਵੀ ਰੀਪੋਰਟ ਅਨੁਸਾਰ ਉਸ ਸਮੇਂ ਜਿੰਨੇ ਲੋਕ ਉੱਥੇ ਕੰਮ ਕਰਦੇ ਸਨ ਉਹਨਾਂ ਵਿਚੋਂ 35 ਪ੍ਰਤੀਸ਼ਤ ਲੋਕਾਂ ਨੂੰ ਐਸਬੇਸਟੋਸਿਸ ਦੀ ਲਾਗ ਲੱਗ ਚੁੱਕੀ ਸੀ।

ਇਸੇ ਤਰ੍ਹਾਂ ਦੀ ਇਕ ਹੋਰ ਉਦਾਹਰਣ ਬੈਨਜ਼ਾਈਡੀਨ ਦੇ ਰੰਗਾਂ (Benzidine dyes) ਬਣਾਉਣ ਦੀ ਸਨਅਤ ਦੀ ਹੈ। ਇਹ ਰੰਗ ਸੂਤੀ ਕੱਪੜੇ, ਕਾਗਜ਼ ਅਤੇ ਚਮੜੇ ਨੂੰ ਰੰਗਣ ਵਾਸਤੇ ਵਰਤੇ ਜਾਂਦੇ ਹਨ। ਮਾਹਰਾਂ ਦਾ ਕਹਿਣਾ ਹੈ ਕਿ ਵਿਕਸਤ ਦੇਸ਼ਾਂ ਵਿਚ ਇਹ ਰੰਗ ਬਣਾਉਣ ਦੀ ਸਨਅਤ ਨੂੰ ਅੱਜ ਬਿਲਕੁਲ ਨਾ ਚੱਲਣ ਦਿੱਤਾ ਜਾਵੇ। ਇਸ ਸਦੀ ਦੇ ਸ਼ੁਰੂ ਵਿਚ ਹੀ ਇਹ ਗੱਲ ਸਾਹਮਣੇ ਆ ਗਈ ਸੀ ਕਿ ਬੈਨਜ਼ਾਈਡੀਨ ਦਾ ਮਨੁੱਖ ਵਿਚ ਬਲੈਡਰ ਦੀ ਕੈਂਸਰ ਪੈਦਾ ਕਰਨ ਨਾਲ ਸਬੰਧ ਹੈ। ਸੰਨ 1978 ਵਿਚ ਆਕੂਪੇਸ਼ਨਲ ਸੇਫਟੀ ਐਂਡ ਹੈਲਥ ਦੇ ਨੈਸ਼ਨਲ ਇੰਸਟੀਚਿਊਟ ਅਤੇ ਨੈਸ਼ਨਲ ਕੈਂਸਰ ਇੰਸਟੀਚਿਊਟ (The National Institutes of Occupational Safety and Health and the National Cancer Institute) ਨੇ ਇਹ ਕਿਹਾ ਕਿ ਬੈਨਜ਼ਾਈਡੀਨ ਦੇ ਰੰਗਾਂ ਨੂੰ ਏਨੇ ਧਿਆਨ ਨਾਲ ਵਰਤਿਆ ਜਾਵੇ ਜਿਵੇਂ ਉਹ ਆਪ ਬੈਨਜ਼ਾਈਡੀਨ ਹੋਣ। ਲੋਕਾਂ ਦੀ ਸਿਹਤ ਤੇ ਪੈਂਦੇ ਇਸ ਤਰ੍ਹਾਂ ਦੇ ਅਸਰਾਂ ਨੂੰ ਧਿਆਨ ਵਿਚ ਰੱਖਦੇ ਹੋਏ ਸਵੀਡਨ, ਇੰਗਲੈਂਡ, ਇਟਲੀ, ਜਾਪਾਨ ਅਤੇ ਸਵਿਟਜ਼ਰਲੈਂਡ ਨੇ ਇਹ ਰੰਗ ਬਣਾਉਣ ਨੂੰ ਗੈਰਕਾਨੂੰਨੀ ਕਰਾਰ ਦੇ ਦਿੱਤਾ ਜਾਂ ਇਹਨਾਂ ਨੂੰ ਬਣਾਉਣਾ ਛੱਡ ਦਿੱਤਾ। 1976 ਵਿਚ ਅਮਰੀਕਾ ਵਿਚ ਵੀ ਸਿਰਫ ਇਕ ਹੀ ਕੰਪਨੀ ਰਹਿ ਗਈ ਸੀ ਜੋ ਇਹ ਰੰਗ ਬਣਾਉਂਦੀ ਸੀ। ਪਰ ਆਪਣੀ ਲੋੜ ਨੂੰ ਪੂਰਾ ਕਰਨ ਲਈ ਵਿਕਸਤ ਦੇਸ਼ਾਂ ਨੇ ਇਹ ਰੰਗ ਅਣਵਿਕਸਤ ਦੇਸ਼ਾਂ ਜਿਵੇਂ ਹਿੰਦੁਸਤਾਨ ਅਤੇ ਮਿਸਰ ਤੋਂ ਮੰਗਵਾਉਣੇ ਸ਼ੁਰੂ ਕਰ ਦਿੱਤੇ। ਇਸ ਤਰ੍ਹਾਂ ਅਣਵਿਕਸਤ ਦੇਸ਼ਾਂ ਵਿਚ ਇਸ ਸਨਅਤ ਨੂੰ ਅਸਿੱਧੇ ਰੂਪ ਉਤਸ਼ਾਹਿਤ ਕੀਤਾ।

ਅਣਵਿਕਸਤ ਦੇਸ਼ਾਂ ਦੇ ਲੋਕਾਂ ਅਤੇ ਮਜ਼ਦੂਰਾਂ ਦੀ ਸਿਹਤ ਤੇ ਪੈਂਦੇ ਅਸਰ ਇਕੱਲੀਆਂ ਉਹਨਾਂ ਸਨਅਤਾਂ ਤੱਕ ਹੀ ਸੀਮਤ ਨਹੀਂ ਜਿਹਨਾਂ ਸਨਅਤਾਂ ਤੇ ਵਿਕਸਤ ਦੇਸ਼ਾਂ ਵਿਚ ਰੋਕਾਂ ਲੱਗੀਆਂ ਹਨ ਜਾਂ ਜੋ ਵਿਕਸਤ ਦੇਸ਼ਾਂ ਵਿਚ ਗੈਰਕਾਨੂੰਨੀ ਹਨ। ਜੇ ਆਪਾਂ ਵਿਕਸਤ ਦੇਸ਼ਾਂ ਦੀਆਂ ਕਾਰਪੋਰੇਸ਼ਨਾਂ ਵਲੋਂ ਵਿਕਸਤ ਅਤੇ ਅਣਵਿਕਸਤ ਦੇਸ਼ਾਂ ਵਿਚ ਲਾਏ ਗਏ ਕਾਰਖਾਨਿਆਂ ਦੇ ਸੁਰੱਖਿਆ ਸਾਧਨਾਂ ਅਤੇ ਕੰਮ ਕਰਨ ਦੀਆਂ ਹਾਲਤਾਂ ਦੀ ਤੁਲਨਾ ਕਰੀਏ ਤਾਂ ਇਹ ਗੱਲ ਬੜੀ ਸਪੱਸ਼ਟ ਸਾਹਮਣੇ ਆਉਂਦੀ ਹੈ ਕਿ ਅਣਵਿਕਸਤ ਦੇਸ਼ਾਂ ਵਿਚ ਲਾਏ ਗਏ ਕਾਰਖਾਨਿਆਂ ਵਿਚ ਸੁਰੱਖਿਆ ਸਾਧਨ ਅਤੇ ਕੰਮ ਕਰਨ ਦੀਆਂ ਹਾਲਤਾਂ ਵਿਕਸਤ ਦੇਸ਼ਾਂ ਦੇ ਮੁਕਾਬਲੇ ਬਹੁਤ ਮਾੜੀਆਂ ਹਨ। ਜਿਸ ਦੇ ਨਤੀਜੇ ਵਜੋਂ ਕਈ ਵਾਰੀ ਅਣਵਿਕਸਤ ਦੇਸ਼ਾਂ ਦੇ ਲੋਕਾਂ ਨੂੰ ਆਪਣੀ ਜਾਨਮਾਲ ਨਾਲ ਇਕ ਵੱਡੀ ਕੀਮਤ ਤਾਰਨੀ ਪੈਂਦੀ ਹੈ। ਇਸ ਦੀ ਸੱਭ ਤੋਂ ਵੱਡੀ ਅਤੇ ਜਾਣੀ ਪਛਾਣੀ ਮਿਸਾਲ ਦਸੰਬਰ 1984 ਵਿਚ ਭੁਪਾਲ (ਹਿੰਦੁਸਤਾਨ) ਵਿਚ ਯੂਨੀਅਨ ਕਾਰਬਾਈਡ ਦੇ ਕੀੜੇ ਮਾਰ ਦਵਾਈਆਂ ਬਣਾਉਣ ਦੇ ਕਾਰਖਾਨੇ ਵਿਚ ਵਾਪਰੀ ਗੈਸ ਲੀਕ ਦੀ ਦੁਰਘਟਨਾ ਹੈ। ਇਕ ਅੰਦਾਜ਼ੇ ਮੁਤਾਬਕ ਇਸ ਦੁਰਘਟਨਾ ਵਿਚ 2000 ਤੋਂ 10000 ਦੇ ਵਿਚਕਾਰ ਲੋਕ ਮਾਰੇ ਗਏ ਅਤੇ 20000 ਦੇ ਨੇੜੇ ਤੇੜੇ ਅਜਿਹੇ ਲੋਕ ਹਨ ਜੋ ਮਰੇ ਤਾਂ ਨਹੀਂ ਪਰ ਉਹਨਾਂ ਦੇ ਫੇਫੜਿਆਂ ਨੂੰ ਗੈਸ ਕਾਰਨ ਵੱਡਾ ਨੁਕਸਾਨ ਹੋ ਚੁੱਕਾ ਹੈ। ਜੇ ਯੂਨੀਅਨ ਕਾਰਬਾਈਡ ਵਲੋਂ ਅਮਰੀਕਾ ਵਿਚ ਵੈਸਟ ਵਿਰਜੀਨਿਆਂ ਵਿਚ ਭੁਪਾਲ ਵਰਗੇ ਕਾਰਖਾਨੇ ਵਰਗੇ ਹੀ ਕਾਰਖਾਨੇ ਨਾਲ ਭੁਪਾਲ ਵਿਚ ਲੱਗੇ ਕਾਰਖਾਨੇ ਦੀ ਤੁਲਨਾ ਕੀਤੀ ਜਾਵੇ ਤਾਂ ਇਹ ਗੱਲ ਬੜੀ ਸਾਫ਼ ਨਜ਼ਰ ਆਉਂਦੀ ਹੈ ਕਿ ਦੋਹਾਂ ਕਾਰਖਾਨਿਆਂ ਦੇ ਸੁਰੱਖਿਆਂ ਸਾਧਨਾਂ ਅਤੇ ਚਲਾਉਣ ਦੇ ਪ੍ਰਬੰਧ ਵਿਚ ਜ਼ਮੀਨ ਅਸਮਾਨ ਦਾ ਫਰਕ ਸੀ। ਜਿੱਥੇ ਅਮਰੀਕਾ ਵਿਚ ਸੰਕਟਕਾਲੀਨ ਹਾਲਤ ਵਿਚ ਕੰਪਿਊਟਰਾਂ ਨਾਲ ਚੱਲਣ ਵਾਲਾ ਪ੍ਰਬੰਧ ਕਈ ਸਾਲਾਂ ਤੋਂ ਚੱਲ ਰਿਹਾ ਸੀ ਉੱਥੇ ਭੁਪਾਲ ਦੇ ਕਾਰਖਾਨੇ ਵਿਚ ਸੰਕਟ ਕਾਲੀਨ ਹਾਲਤ ਵਿਚ ਆਟੋਮੈਟਿਕ ਚੱਲਣ ਵਾਲਾ ਸੁਰੱਖਿਆ ਪ੍ਰਬੰਧ ਨਹੀਂ ਸੀ। 1982 ਵਿਚ ਯੂਨੀਅਨ ਕਾਰਬਾਈਡ ਦੇ ਹੈਡਕੁਆਰਟਰ ਤੋਂ ਆਈ ਇੰਜਨੀਅਰਾਂ ਦੀ ਟੀਮ ਦੀ ਸੁਰੱਖਿਆ-ਪੜਤਾਲ ਦੌਰਾਨ ਭੁਪਾਲ ਦੇ ਕਾਰਖਾਨੇ ਵਿਚ ਕਈ ਖਤਰਨਾਕ ਕਿਸਮ ਦੀਆਂ ਤਰੁੱਟੀਆਂ ਸਾਹਮਣੇ ਆਈਆਂ। ਜਿਵੇਂ MIC (ਉਹ ਗੈਸ ਜਿਹੜੀ ਭੁਪਾਲ ਦੀ ਦੁਰਘਟਨਾ ਦੌਰਾਨ ਵਾਯੂਮੰਡਲ ਵਿਚ ਵੱਡੀ ਮਾਤਰਾ ਵਿਚ ਲੀਕ ਹੋਈ ਅਤੇ ਦੁਰਘਟਨਾ ਦਾ ਕਾਰਨ ਬਣੀ) ਨੂੰ ਬੰਦ ਕਰਨ ਵਾਲਾ 'ਵਾਲਵ' ਕਾਫੀ ਲੀਕ ਕਰਦਾ ਸੀ ਅਤੇ ਹੋਰ ਕਈ ਜ਼ਹਿਰੀਲੀਆਂ ਗੈਸਾਂ ਦੇ ਵਾਲਵ ਲੀਕ ਕਰਦੇ ਸਨ। ਜਿਸ ਹਿੱਸੇ ਵਿਚ ਇਸ ਗੈਸ ਦਾ ਕੰਮ ਹੁੰਦਾ ਸੀ ਅਤੇ ਜਿੱਥੇ ਉਹ ਸਟੋਰ ਕੀਤੀ ਜਾਂਦੀ ਸੀ ਉੱਥੇ ਅੱਗ ਲੱਗਣ ਅਤੇ ਗੈਸ ਦੇ ਇਕਦਮ ਨਿਕਲਨ ਕਾਰਨ ਪੈਦਾ ਹੋਣ ਵਾਲੇ ਖਤਰੇ ਦੇ ਬਚਾਅ ਲਈ ਪਾਣੀ ਦੇ ਸਪਰੇਅ ਦਾ ਕੋਈ ਪ੍ਰਬੰਧ ਨਹੀਂ ਸੀ। ਅਤੇ ਇਸ ਤਰ੍ਹਾਂ ਦੀਆਂ ਕਈ ਹੋਰ ਤਰੁੱਟੀਆਂ ਸਨ। ਅਜਿਹੀਆਂ ਤਰੁੱਟੀਆਂ ਨੂੰ ਠੀਕ ਕਰਨ ਲਈ ਅਮਰੀਕਾ ਵਿਚਲੇ ਕਾਰਖਾਨੇ ਵਿਚ ਫੌਰੀ (ਸੰਕਟਕਾਲੀਨ ਹਾਲਤ ਦੀ ਸਰਗਰਮੀ ਵਰਗਾ) ਐਕਸ਼ਨ ਲਿਆ ਜਾਂਦਾ ਹੈ ਪਰ ਭੁਪਾਲ ਵਿਚ ਅਜਿਹਾ ਨਹੀਂ ਕੀਤਾ ਗਿਆ। ਭੁਪਾਲ ਵਿਚ ਹੈਡਕੁਆਰਟਰ ਦੇ ਇੰਜਨੀਅਰਾਂ ਵਲੋਂ ਸੁਰੱਖਿਆ ਪੜਤਾਲ 7 ਸਾਲਾਂ ਵਿਚ ਇਕ ਵਾਰ ਕੀਤੀ ਗਈ ਪਰ ਅਮਰੀਕਾ ਵਿਚ ਟੈਕਸਸ ਵਿਚ ਯੂਨੀਅਨ ਕਾਰਬਾਈਡ ਦੇ ਪੈਟਰੋ-ਕੈਮੀਕਲ ਪਲਾਂਟ ਵਿਚ ਸੁਰੱਖਿਆ ਪੜਤਾਲ ਹਰ ਦੋ ਸਾਲਾਂ ਬਾਅਦ ਕੀਤੀ ਜਾਂਦੀ ਹੈ। ਹਿੰਦੁਸਤਾਨ ਦੀ ਸਰਕਾਰ ਦੇ ਵਿਗਿਆਨਕ-ਜਾਂਚ ਕਰਨ ਵਾਲਿਆਂ (Scientific investigators) ਨੇ ਦੋਸ਼ ਲਾਇਆ ਹੈ ਕਿ ਯੂਨੀਅਨ ਕਾਰਬਾਈਡ ਨੇ MIC ਗੈਸ ਨੂੰ ਠੰਡਾ ਕਰਨ ਵਾਲੇ ਪ੍ਰਬੰਧ (chiller) ਨੂੰ ਬੰਦ ਕਰਨ ਦੀ ਮਨਜ਼ੂਰੀ ਦਿੱਤੀ ਸੀ ਤਾਂਕਿ ਊਰਜਾ (energy) ਤੇ ਆਉਣ ਵਾਲੇ ਖਰਚਿਆਂ ਦੀ ਬੱਚਤ ਕੀਤੀ ਜਾ ਸਕੇ। ਮਾਹਰਾਂ ਅਨੁਸਾਰ ਅਜਿਹਾ ਸੋਚਿਆ ਵੀ ਨਹੀਂ ਜਾ ਸਕਦਾ ਕਿ ਅਮਰੀਕਾ ਵਿਚ ਇਸ ਤਰ੍ਹਾਂ ਦੇ ਸੁਰੱਖਿਆ ਸਾਧਨਾਂ ਨੂੰ ਬੰਦ ਕਰਨ ਦੀ ਇਜਾਜ਼ਤ ਦਿੱਤੀ ਜਾਵੇ। ਇਸ ਤਰ੍ਹਾਂ ਆਪਣੇ ਖਰਚੇ ਘਟਾਉਣ ਅਤੇ ਮੁਨਾਫੇ ਘਟਾਉਣ ਲਈ ਇਹ ਮਲਟੀਕਾਰਪੋਰੇਸ਼ਨਾਂ ਅਣਵਿਕਸਤ ਦੇਸ਼ਾਂ ਵਿਚ ਅਜਿਹਾ ਕੁੱਝ ਕਰਦੀਆਂ ਹਨ ਜਿਸਦਾ ਨਤੀਜਾ ਅਣਵਿਕਸਤ ਦੇਸ਼ਾਂ ਦੇ ਲੋਕਾਂ ਲਈ ਮੌਤ ਵੀ ਹੋ ਸਕਦਾ ਹੈ।

**"ਆਪਣੇ ਖਰਚੇ ਘਟਾਉਣ ਅਤੇ ਮੁਨਾਫੇ ਵਧਾਉਣ ਲਈ ਇਹ ਮਲਟੀਕਾਰਪੋਰੇਸ਼ਨਾਂ ਅਣਵਿਕਸਤ ਦੇਸ਼ਾਂ ਵਿਚ ਅਜਿਹਾ ਕੁੱਝ ਕਰਦੀਆਂ ਹਨ ਜਿਸਦਾ ਨਤੀਜਾ ਅਣਵਿਕਸਤ ਦੇਸ਼ਾਂ ਦੇ ਲੋਕਾਂ ਲਈ ਮੌਤ ਵੀ ਹੋ ਸਕਦਾ ਹੈ।"**

ਵਿਕਸਤ ਦੇਸ਼ਾਂ ਵਿਚ ਕਾਨੂੰਨੀ ਤੌਰ ਤੇ ਕਾਰਖਾਨੇਦਾਰਾਂ ਤੋਂ ਮੰਗ ਕੀਤੀ ਜਾਂਦੀ ਹੈ ਕਿ ਉਹ ਆਪਣੇ ਕਾਰਖਾਨਿਆਂ 'ਚ ਉਤਪਾਦਨ ਦੌਰਾਨ ਪੈਦਾ ਹੋਣ ਵਾਲੇ

ਨਾ-ਚਾਹੀਦੇ ਵਾਧੂ ਰੈਂਦ-ਮੈਂਦ ਜਦੋਂ ਬਾਹਰ ਸੁੱਟਣ ਤਾਂ ਉਹ ਇਹ ਜ਼ਿੰਮੇਵਾਰੀ ਲੈਣ ਕਿ ਇਸ ਨਾਲ ਵਾਤਾਵਰਣ ਅਤੇ ਦੇਸ਼ ਦੇ ਕੁਦਰਤੀ ਸੋਮਿਆਂ ਨੂੰ ਨੁਕਸਾਨ ਨਾ ਪਹੁੰਚੇ। ਉਦਾਹਰਣ ਲਈ ਜੇ ਕਿਸੇ ਰਸਾਇਣਕ ਕਾਰਖਾਨੇ ਵਿਚੋਂ ਕੋਈ ਰੈਂਦਾ ਵਾਧੂ ਰਸਾਇਣਕ ਮਿਸ਼ਰਣ ਪੈਦਾ ਹੁੰਦਾ ਹੈ ਤਾਂ ਕਾਰਖਾਨੇ ਦੀ ਜ਼ਿੰਮੇਵਾਰੀ ਬਣਦੀ ਹੈ ਕਿ ਉਸਨੂੰ ਬਾਹਰ ਸੁੱਟਣ ਤੋਂ ਪਹਿਲਾਂ ਉਸਨੂੰ ਰਸਾਇਣਕ ਜਾਂ ਹੋਰ ਢੰਗ ਵਰਤ ਕੇ ਹਾਨੀ-ਰਹਿਤ ਬਣਾਇਆ ਜਾਵੇ ਤਾਂ ਕਿ ਇਹ ਰਸਾਇਣਕ ਰੈਂਦ-ਮੈਂਦ ਵਾਤਾਵਰਣ ਨੂੰ ਦੂਸ਼ਿਤ ਨਾ ਕਰ ਸਕੇ। ਇਹ ਵੱਡੀਆਂ ਕੰਪਨੀਆਂ ਬਹੁਤੀ ਵਾਰ ਵਿਕਸਤ ਦੇਸ਼ਾਂ ਵਿਚ ਅਜਿਹੇ ਕਾਨੂੰਨਾਂ ਦੀ ਪਾਲਣਾ ਕਰਦੀਆਂ ਹਨ। ਅਣਵਿਕਸਤ ਦੇਸ਼ਾਂ ਵਿਚ ਅਜਿਹੇ ਰੈਂਦ ਮੈਂਦ ਨੂੰ ਸਿੱਧਾ ਹੀ ਵਾਤਾਵਰਣ ਵਿਚ ਜਾਣ ਦਿੰਦੀਆਂ ਹਨ ਜਿਸ ਨਾਲ ਵਾਤਾਵਰਣ, ਕੁਦਰਤੀ ਸੋਮਿਆਂ ਤੇ ਕਈ ਵਾਰੀ ਲੋਕਾਂ ਦੇ ਜੀਵਨ ਦੀਆਂ ਮੁੱਖ ਲੋੜਾਂ ਜਿਵੇਂ ਪੀਣ ਵਾਲੇ ਪਾਣੀ ਨੂੰ ਨੁਕਸਾਨ ਪਹੁੰਚਾਉਂਦੀਆਂ ਹਨ। ਇਸਦੀ ਇਕ ਉਦਾਹਰਣ ਅਮਰੀਕਾ ਅਤੇ ਮੈਕਸੀਕੋ ਦੇ ਬਾਰਡਰ ਦੇ ਲਾਗੇ ਮੈਕਸੀਕੋ ਵਿਚ ਅਮਰੀਕੀ ਕੰਪਨੀਆਂ ਵਲੋਂ ਲਾਈਆਂ ਫੈਕਟਰੀਆਂ ਦੀ ਹੈ। ਅਮਰੀਕਨ ਕੰਪਨੀਆਂ ਨੇ ਇਹ ਫੈਕਟਰੀਆਂ ਮੈਕਸੀਕੋ ਵਿਚ ਤਾਂ ਲਾਈਆਂ ਹਨ ਤਾਂਕਿ ਮੈਕਸੀਕੋ ਵਿਚ ਮਜ਼ਦੂਰਾਂ ਦੀਆਂ ਘੱਟ ਉਜਰਤਾਂ ਦਾ ਫਾਇਦਾ ਲੈ ਕੇ ਵਸਤਾਂ ਬਣਾਈਆਂ ਜਾਣ ਅਤੇ ਫਿਰ ਉਹਨਾਂ ਨੂੰ ਅਮਰੀਕਾ ਵਿਚ ਲੈ ਆਂਦਾ ਜਾਵੇ। ਇਹਨਾਂ ਫੈਕਟਰੀਆਂ ਵਿਚ ਪੈਦਾ ਹੋਈਆਂ ਵਸਤਾਂ ਤਾਂ ਅਮਰੀਕਾ ਲਿਆਂਦੀਆਂ ਜਾਂਦੀਆਂ ਹਨ ਪਰ ਇਹਨਾਂ ਫੈਕਟਰੀਆਂ ਕਾਰਨ ਪੈਦਾ ਹੋਣ ਵਾਲਾ ਰੈਂਦ ਮੈਂਦ ਸਿੱਧਾ ਹੀ ਨਾਲਿਆਂ ਤੇ ਖਾਲਾਂ ਵਿਚ ਸੁੱਟ ਦਿੱਤਾ ਜਾਂਦਾ ਹੈ। ਇਸ ਰੈਂਦ ਮੈਂਦ ਨੇ ਪਾਣੀ ਦੇ ਉਹਨਾਂ ਸੋਮਿਆਂ ਜਿਹਨਾਂ ਦੀ ਵਰਤੋਂ ਇਸ ਇਲਾਕੇ ਵਿਚ ਰਹਿਣ ਵਾਲੇ ਮੈਕਸੀਕਨ ਲੋਕ ਪੀਣ ਲਈ, ਨਹਾਉਣ ਲਈ ਅਤੇ ਕਪੜੇ ਧੋਣ ਲਈ ਕਰਦੇ ਸਨ ਨੂੰ ਕਾਫੀ ਨੁਕਸਾਨ ਪਹੁੰਚਾਇਆ ਹੈ। 1990 ਵਿਚ ਕੀਤੇ ਇਕ ਟੈਸਟ ਮੁਤਾਬਕ ਇਸ ਪਾਣੀ ਵਿਚ ਕੈਡਮੀਅਮ (ਇਕ ਧਾਤ) ਵੱਡੀ ਮਿਕਦਾਰ ਵਿਚ ਪਾਇਆ ਗਿਆ। ਕੈਡਮੀਅਮ ਅਜਿਹੀ ਧਾਤ ਹੈ ਜੋ ਕੈਂਸਰ ਅਤੇ ਗੁਰਦੇ ਅਤੇ ਜਿਗਰ ਦੀਆਂ ਬਿਮਾਰੀਆ ਲਾਉਣ ਨਾਲ ਸਬੰਧਤ ਹੈ। ਇਹਨਾਂ ਹੀ ਟੈਸਟਾਂ ਤੋਂ ਇਹ ਵੀ ਪਤਾ ਲੱਗਾ ਕਿ ਉਸ ਇਲਾਕੇ ਦੀ ਮਿੱਟੀ ਵਿਚ ਸਿੱਕੇ ਦੀ ਮਿਕਦਾਰ ਵੀ ਕਾਫੀ ਮਾਤਰਾ ਵਿਚ ਵਧੀ ਹੈ। ਸਿੱਕੇ ਦੀ ਥੋੜ੍ਹੀ ਜਿਹੀ ਮਾਤਰਾ ਵੀ ਬੱਚਿਆਂ ਦੇ ਦਿਮਾਗੀ ਪ੍ਰਬੰਧ ਤੇ ਨੁਕਸਾਨਦੇਹ ਅਸਰ ਪਾਉਂਦੀ ਹੈ।

## ਖੇਤੀਬਾੜੀ ਵਿਚ ਵਰਤੀਆਂ ਜਾਣ ਵਾਲੀਆਂ ਕੀੜੇ ਮਾਰ ਦਵਾਈਆਂ (pesticides) ਅਤੇ ਮਨੁੱਖ ਦੇ ਰੋਗਾਂ ਦਾ ਇਲਾਜ ਕਰਨ ਵਾਲੀਆਂ ਦਵਾਈਆਂ ਨੂੰ ਬਣਾਉਣਾ ਅਤੇ ਉਹਨਾਂ ਦਾ ਵਪਾਰ:

ਕੀੜੇਮਾਰ ਦਵਾਈਆਂ ਅਤੇ ਮਨੁੱਖ ਦੇ ਰੋਗਾਂ ਦਾ ਇਲਾਜ ਕਰਨ ਵਾਲੀਆਂ ਦਵਾਈਆਂ ਨੂੰ ਬਣਾਉਣ ਅਤੇ ਵੇਚਣ ਦੀ ਸਨਅਤ ਸਾਲ ਵਿਚ ਅਰਬਾਂ ਡਾਲਰਾਂ ਦਾ ਉਤਪਾਦਨ ਅਤੇ ਵਿਕਰੀ ਕਰਨ ਵਾਲੀ ਸਨਅਤ ਹੈ। ਇਸ ਸਨਅਤ ਦੇ 90 ਪ੍ਰਤੀਸ਼ਤ ਤੋਂ ਵੱਧ ਹਿੱਸੇ ਉਪਰ ਵਿਕਸਤ ਦੇਸ਼ਾਂ ਦੀਆਂ ਕੰਪਨੀਆਂ ਦੀ ਅਜ਼ਾਰੇਦਾਰੀ ਹੈ। ਇਹਨਾਂ ਵਿਚ ਕੁੱਝ ਵੱਡੀਆਂ ਕੰਪਨੀਆਂ ਦੇ ਨਾਂ ਹਨ: ਬੇਅਰ, ਕੈਸਲ ਐਂਡ ਕੁੱਕ, ਡੋ ਕੈਮੀਕਲ, ਸ਼ੇਵਰਨ, ਸ਼ੈੱਲ, ਡੂ-ਪੁਆਂਇੰਟ, ਯੂਨੀਅਨ ਕਾਰਬਾਈਡ, ਸੀਬਾ, ਰੋਚ, ਸਟਰਲਿੰਗ, ਸੈਨਡੋਜ਼, ਬੋਹਰਿੰਗਰ- ਇੰਗਲੀਹੇਮ, ਗਲੈਕਸੋ, ਟਾਕੇਡਾ, ਐਜਕੋ ਆਦਿ। ਮਨੁੱਖ ਦੀ ਭੁੱਖ ਦੂਰ ਕਰਨ ਅਤੇ ਸਿਹਤ ਨੂੰ ਤੰਦਰੁਸਤ ਕਰਨ ਲਈ ਬਣਾਈਆਂ ਜਾਂਦੀਆਂ ਇਹ ਦਵਾਈਆਂ ਆਮ ਲੋਕਾਂ ਖਾਸ ਕਰਕੇ ਅਣਵਿਕਸਤ ਦੇਸ਼ਾਂ ਦੇ ਲੋਕਾਂ ਨੂੰ ਗੰਭੀਰ ਕਿਸਮ ਦੀਆਂ ਬਿਮਾਰੀਆਂ ਲਾ ਰਹੀਆਂ ਹਨ। ਇਹ ਇਸ ਲਈ ਹੈ ਕਿਉਂਕਿ ਇਹਨਾਂ ਦਵਾਈਆਂ ਬਣਾਉਣ ਪਿੱਛੇ ਮੁੱਖ ਮਕਸਦ ਲੋਕਾਂ ਦੀ ਭਲਾਈ ਕਰਨਾ ਨਹੀਂ ਸਗੋਂ ਵੱਧ ਤੋਂ ਵੱਧ ਮੁਨਾਫਾ ਕਮਾਉਣਾ ਹੈ। ਇਹੀ ਕਾਰਨ ਹੈ ਅੱਜ ਅਣਵਿਕਸਤ ਦੇਸ਼ਾਂ ਵਿਚ ਹਰ ਮਿੰਟ ਵਿਚ ਇਕ ਵਿਅਕਤੀ ਜਾਂ ਹਰ ਸਾਲ 5 ਲੱਖ ਤੋਂ ਵੱਧ ਲੋਕ ਇਕੱਲੀਆਂ ਕੀੜੇ ਮਾਰ ਦਵਾਈਆਂ ਦੀ ਜ਼ਹਿਰ ਦਾ ਸ਼ਿਕਾਰ ਹੋ ਰਹੇ ਹਨ। ਮੁਨਾਫਾ ਕਮਾਉਣ ਲਈ ਇਹ ਕੰਪਨੀਆਂ ਗਰੀਬ ਦੇਸ਼ਾਂ ਵਿਚ ਕਿਸ ਤਰ੍ਹਾਂ ਦੇ ਢੰਗ ਵਰਤਦੀਆਂ ਹਨ ਆਉ ਉਹਨਾਂ ਤੇ ਇਕ ਨਜ਼ਰ ਮਾਰੀਏ।

**"ਅਣਵਿਕਸਤ ਦੇਸ਼ਾਂ ਵਿਚ ਹਰ ਮਿੰਟ ਵਿਚ ਇਕ ਵਿਅਕਤੀ ਜਾਂ ਹਰ ਸਾਲ ਵਿਚ 5 ਲੱਖ ਤੋਂ ਵੱਧ ਲੋਕ ਇਕੱਲੀਆਂ ਕੀੜੇ ਮਾਰ ਦਵਾਈਆਂ ਦੀ ਜ਼ਹਿਰ ਦਾ ਸ਼ਿਕਾਰ ਹੋ ਰਹੇ ਹਨ।"**

ਅਮੀਰ ਦੇਸ਼ਾਂ ਵਿਚ ਕੀੜੇਮਾਰ ਦਵਾਈਆਂ ਜਾਂ ਦੂਜੀਆਂ ਦਵਾਈਆਂ ਨੂੰ ਆਮ ਵਰਤੋਂ ਵਿਚ ਲਿਆਉਣ ਤੋਂ ਪਹਿਲਾਂ ਸਰਕਾਰੀ ਏਜੰਸੀਆਂ ਕੋਲ ਉਸ ਦਵਾਈ ਦੀ ਰਜਿਟਰੇਸ਼ਨ ਕਰਾਉਣੀ ਜ਼ਰੂਰੀ ਹੈ। ਜਿਵੇਂ ਅਮਰੀਕਾ ਵਿਚ ਇਨਵਾਇਰਮੈਂਟ ਪਰੋਟੈਕਸ਼ਨ ਏਜੰਸੀ (EPA) ਹੈ ਜਿਸ ਕੋਲ ਨਵੀਂਆਂ ਕੀੜੇਮਾਰ ਦਵਾਈਆਂ ਰਜਿਸਟਰ ਕਰਾਉਣੀਆਂ ਪੈਂਦੀਆਂ ਹਨ ਅਤੇ ਫੂਡ ਐਂਡ ਡਰੱਗ ਐਡਮਿਨਸਟਰੇਸ਼ਨ (FDA) ਨਾਂ ਦੀ ਏਜੰਸੀ ਹੈ ਜੋ ਮਨੁੱਖ ਦੇ ਇਲਾਜ ਲਈ ਵਰਤੀਆਂ ਜਾਣ ਵਾਲੀਆ ਦਵਾਈਆਂ ਨੂੰ ਰਜਿਸਟਰ ਕਰਦੀ ਹੈ। ਇਹਨਾਂ ਏਜੰਸੀਆਂ ਦਾ ਕੰਮ ਹੈ ਕਿ ਉਹ ਇਹ ਦੇਖਣ ਕਿ ਕਿਸੇ ਦਵਾਈ ਦੇ 'ਮਾਰਕੀਟ' ਵਿਚ ਆਉਣ ਤੋਂ ਪਹਿਲਾਂ ਚੰਗੀ ਤਰ੍ਹਾਂ ਟੈਸਟ ਹੋ ਚੁੱਕੇ ਹਨ? ਉਹ ਦਵਾਈਆਂ ਲੋਕਾਂ ਅਤੇ ਵਾਤਾਵਰਣ ਤੇ ਕਿਸ ਤਰ੍ਹਾਂ ਦੇ ਅਸਰ ਪਾਉਣਗੀਆਂ? ਦਵਾਈਆਂ ਦੇ ਕੋਈ'ਸਾਈਡ ਇਫੈਕਟਸ' (ਭੈੜੇ ਅਸਰ) ਤਾਂ ਨਹੀਂ ਹੋਣਗੇ? ਜੇ ਇਸ ਤਰ੍ਹਾਂ ਦੇ ਅਸਰ ਹੋਣ ਉਹ ਕਿੰਨੇ ਕੁ ਮਾੜੇ ਹੋਣਗੇ? ਆਦਿ। ਇਸ ਤਰ੍ਹਾਂ ਦੇ ਮਾਪ-ਦੰਡਾਂ ਤੇ ਦਵਾਈ ਨੂੰ ਪਰਖ ਕੇ ਜੇ ਇਹ ਲੱਗੇ ਕਿ ਦਵਾਈ ਦਾ ਮਾਰਕੀਟ ਵਿਚ ਆਉਣ ਸੁਰਖਿੱਅਤ ਹੈ ਤਾਂ ਹੀ ਉਸਨੂੰ ਮਾਰਕੀਟ ਵਿਚ ਆਉਣ ਦਿੱਤਾ ਜਾਂਦਾ ਹੈ। ਜੇ ਦਵਾਈ ਮਾਰਕੀਟ ਵਿਚ ਆ ਜਾਵੇ ਪਰ ਬਾਅਦ ਵਿਚ ਉਸਦੀ ਵਰਤੋਂ ਕਾਰਨ ਇਹ ਪਤਾ ਲੱਗੇ ਕਿ ਇਸ ਦਵਾਈ ਦੀ ਵਰਤੋਂ ਆਮ ਲੋਕਾਂ ਲਈ ਅਤੇ ਵਾਤਾਵਰਣ ਲਈ ਸੁਰੱਖਿਅਤ ਨਹੀਂ ਤਾਂ ਉਸ ਦਵਾਈ ਦੇ ਮਾਰਕੀਟ ਵਿਚ ਜਾਣ ਤੇ ਰੋਕ ਲਾ ਦਿੱਤੀ ਜਾਂਦੀ ਹੈ। ਜਦੋਂ ਅਮੀਰ ਮੁਲਕਾਂ ਦੀਆਂ ਵੱਡੀਆਂ ਕਾਰਪੋਰੇਸ਼ਨਾਂ ਵਲੋਂ ਬਣਾਈ ਕਿਸੇ ਦਵਾਈ ਤੇ ਅਮੀਰ ਮੁਲਕਾਂ ਵਿਚ ਵਰਤਣ ਤੇ ਰੋਕ ਲਾ ਦਿੱਤੀ ਜਾਂਦੀ ਹੈ ਤਾਂ ਬਹੁਤੀ ਵਾਰ ਇਹ ਕਾਰਪੋਰੇਸ਼ਨਾਂ ਉਸ ਦਵਾਈ ਨੂੰ ਗਰੀਬ ਮੁਲਕਾਂ ਵਿਚ ਵੇਚਣਾ ਸ਼ੁਰੂ ਕਰ ਦਿੰਦੀਆਂ ਹਨ। ਇਸ ਦੀਆਂ ਕਿੰਨੀਆਂ ਹੀ ਉਦਾਹਰਣਾਂ ਹਨ ਜਿਹਨਾਂ ਵਿਚ ਕੁੱਝ ਅੱਗੇ ਦਿੱਤੀਆਂ ਜਾ ਰਹੀਆਂ ਹਨ। ਉਦਾਹਰਣਾਂ ਤੋਂ ਪਹਿਲਾਂ ਇਹ ਗੱਲ ਨੋਟ ਕਰਨ ਵਾਲੀ ਹੈ ਕਿ ਬੇਸ਼ੱਕ ਗਰੀਬ ਦੇਸ਼ਾਂ ਵਿਚ ਵੀ ਅਜਿਹੀਆਂ ਏਜੰਸੀਆਂ ਹਨ ਜੋ ਦਵਾਈਆਂ ਨੂੰ ਆਮ ਵਰਤੋਂ ਵਿਚ ਲਿਆਉਣ ਤੇ ਨਿਗ੍ਹਾ ਰੱਖਦੀਆਂ ਹਨ ਪਰ ਉਹਨਾਂ ਦੇ ਸਾਧਨ ਏਨੇ ਸੀਮਤ ਹੁੰਦੇ ਹਨ ਕਿ ਉਹ ਵੱਡੀਆਂ ਕਾਰਪੋਰੇਸ਼ਨਾਂ ਦੀਆਂ ਦਵਾਈਆਂ ਨੂੰ ਚੰਗੀ ਤਰ੍ਹਾਂ ਟੈਸਟ ਨਹੀਂ ਕਰ ਸਕਦੀਆਂ। ਇਹਨਾਂ ਏਜੰਸੀਆਂ ਦੇ ਸੀਮਤ ਸਾਧਨਾ ਬਾਰੇ ਇਹ ਤੱਥ ਹੀ ਕਾਫੀ ਹੈ ਕਿ ਕਈ ਗਰੀਬ ਮੁਲਕਾਂ ਦੀਆਂ ਇਸ ਤਰ੍ਹਾਂ ਦੀਆਂ ਏਜੰਸੀਆਂ ਦੇ ਸਾਲਾਨਾ ਬੱਜਟ ਵੱਡੀਆਂ ਕਾਰਪੋਰੇਸ਼ਨਾਂ ਦੇ ਖੋਜ ਲਈ ਰੱਖੇ ਬੱਜਟਾਂ ਨਾਲੋਂ ਕਿਤੇ ਘੱਟ ਹੁੰਦੇ ਹਨ। ਇਸ ਲਈ ਬਹੁਤੀ ਵਾਰ ਉਹਨਾਂ ਨੂੰ ਵੱਡੀਆਂ ਕਾਰਪੋਰੇਸ਼ਨਾਂ ਵਲੋਂ ਦਿੱਤੇ ਟੈਸਟਾਂ ਦੇ ਨਤੀਜਿਆਂ ਅਤੇ ਰੀਪੋਰਟਾਂ ਦੇ ਆਧਾਰ ਤੇ ਹੀ ਉਹਨਾਂ ਨੂੰ ਆਪਣੇ ਫੈਸਲੇ ਕਰਨੇ ਪੈਂਦੇ ਹਨ।

ਰੋਕ ਲੱਗੀ ਜਾਂ ਬੈਨ ਹੋਈਆਂ ਦਵਾਈਆਂ ਗਰੀਬ ਮੁਲਕਾਂ ਨੂੰ ਭੇਜਣ ਬਾਰੇ ਮਾਹਰਾਂ ਦਾ ਮੱਤ ਹੈ ਕਿ ਜਿੰਨੀਆਂ ਕੀੜੇ ਮਾਰ ਦਵਾਈਆਂ ਅਮੀਰ ਮੁਲਕਾਂ ਵਲੋਂ ਗਰੀਬ ਮੁਲਕਾਂ ਨੂੰ ਭੇਜੀਆਂ ਜਾਂਦੀਆਂ ਹਨ ਉਹਨਾਂ ਵਿਚ 30 ਪ੍ਰਤੀਸ਼ੱਤ ਅਜਿਹੀਆਂ ਹੁੰਦੀਆਂ ਹਨ ਜਿਹਨਾਂ ਦੀ ਵਰਤੋਂ ਤੇ ਅਮੀਰ ਮੁਲਕਾਂ ਵਿਚ ਕਿਸੇ ਨਾਂ ਕਿਸੇ ਤਰ੍ਹਾਂ ਦੀ ਰੋਕ ਲੱਗੀ ਹੁੰਦੀ ਹੈ। ਇਸ ਸਬੰਧੀ ਪਹਿਲੀ ਉਦਾਹਰਣ ਡੀ.ਡੀ.ਟੀ. ਦੀ ਲਈ ਜਾ ਸਕਦੀ ਹੈ। ਡੀ.ਡੀ.ਟੀ. ਕਈ ਫਸਲਾਂ ਦੀ ਪੈਦਾਵਾਰ ਵਿਚ ਇਕ ਕੀੜੇ ਮਾਰ ਦਵਾਈ ਦੇ

ਤੌਰ ਤੇ ਵਰਤੀ ਜਾਂਦੀ ਹੈ ਅਤੇ ਇਸਦੇ ਨਾਲ ਹੀ ਇਹ ਮੱਛਰ ਮਾਰਨ ਲਈ ਵਰਤੀ ਜਾਂਦੀ ਰਹੀ ਹੈ। ਬੇਸ਼ੱਕ ਥੋੜ੍ਹੀ ਮਾਤਰਾ ਵਿਚ ਇਹ ਫੌਰੀ ਤੌਰ ਤੇ ਇਨਸਾਨਾਂ ਤੇ ਜ਼ਹਰੀਲਾ ਅਸਰ ਨਹੀਂ ਕਰਦੀ ਪਰ ਇਸ ਦੀ ਵੱਧ ਮਾਤਰਾ ਇਨਸਾਨਾਂ ਦੇ ਦਿਮਾਗੀ ਪ੍ਰਬੰਧ, ਦਿਲ, ਜਿਗਰ ਅਤੇ ਸਾਹ-ਪ੍ਰਣਾਲੀ ਤੇ ਖਤਰਨਾਕ ਅਸਰ ਪਾ ਸਕਦੀ ਹੈ। ਇਸਦੇ ਨਾਲ ਹੀ ਲੈਬਾਰਟੀਆਂ 'ਚ ਕੀਤੇ ਟੈਸਟਾਂ ਦੇ ਆਧਾਰ ਤੇ ਵਿਗਿਆਨੀਆਂ ਦਾ ਮੱਤ ਹੈ ਕਿ ਇਹ ਕੈਂਸਰ ਰੋਗ ਲਾਉਣ ਵਿਚ ਸਹਾਈ ਹੋ ਸਕਦੀ ਹੈ। ਡੀ.ਡੀ.ਟੀ. ਦਾ ਇਕ ਹੋਰ ਖਤਰਾ ਇਹ ਹੈ ਕਿ ਇਕ ਵਾਰ ਦੀ ਛਿੜਕੀ ਹੋਈ ਇਹ ਵਾਤਾਵਰਣ ਵਿਚ ਕਾਫੀ ਸਾਲਾਂ (ਕੁੱਝ ਹਾਲਤਾਂ ਵਿਚ 20 ਸਾਲਾਂ) ਤੱਕ ਰਹਿੰਦੀ ਹੈ ਅਤੇ ਵਾਤਾਵਰਣ ਤੇ ਕਈ ਤਰ੍ਹਾਂ ਦੇ ਭੈੜੇ ਅਸਰ ਪਾਉਂਦੀ ਹੈ। ਕਿਉਂਕਿ ਇਹ ਵਾਤਾਵਰਣ ਵਿਚ ਕਈ ਸਾਲਾਂ ਤੱਕ ਰਹਿੰਦੀ ਹੈ ਇਸ ਲਈ ਇਹ ਪੀਣ ਵਾਲੇ ਪਾਣੀ, ਖਾਣ ਵਾਲੇ ਖਾਣੇ ਅਤੇ ਜਿਸ ਹਵਾ ਵਿਚ ਅਸੀਂ ਸਾਹ ਲੈਂਦੇ ਹਨ ਉਸ ਵਿਚ ਰੱਚ ਮਿਚ ਜਾਂਦੀ ਹੈ ਅਤੇ ਮਨੁੱਖ ਅੰਦਰ ਜਾਕੇ ਉੱਪਰ ਦੱਸੇ ਖਤਰਨਾਕ ਅਸਰ ਪਾਉਂਦੀ ਹੈ। ਇਸ ਤਰ੍ਹਾਂ ਦੇ ਅਸਰਾਂ ਨੂੰ ਦੇਖਦਿਆਂ ਅਮਰੀਕਾ ਵਿਚ 1973 ਵਿਚ ਇਸਦੀ ਵਰਤੋਂ (ਕੁੱਝ ਖਾਸ ਕੁ ਸੰਕਟਕਾਲੀਨ ਹਾਲਤਾਂ ਨੂੰ ਛੱਡ ਕੇ) ਤੇ ਰੋਕ ਲਾ ਦਿੱਤੀ ਗਈ ਸੀ। ਇਸ ਰੋਕ ਤੋਂ ਬਾਅਦ ਵੀ ਅਮਰੀਕਾ ਵਿਚ ਇਸਦਾ ਉਤਪਾਦਨ ਹੁੰਦਾ ਰਿਹਾ। ਸੰਨ 80 (ਬੈਨ ਲੱਗਣ ਤੋਂ 7 ਸਾਲ ਬਾਅਦ ਵੀ) ਦੀ ਇਕ ਰੀਪੋਰਟ ਮੁਤਾਬਕ ਅਮਰੀਕਾ ਦੀ ਮੋਨਟਰੋਜ਼ ਕਾਰਪੋਰੇਸ਼ਨ ਨੇ ਸੰਨ 1980 ਦੇ ਦੌਰਾਨ ਇਹ ਦਵਾਈ ਦੁਨੀਆਂ ਦੇ 21 ਹੋਰ ਦੇਸ਼ਾਂ ਨੂੰ ਵੇਚੀ ਹੈ ਅਤੇ ਬੈਨ ਲੱਗਣ ਤੋਂ ਬਾਅਦ ਵੀ ਇਹ ਦਵਾਈ ਬਣਾਉਣ ਵਾਲੀਆਂ ਕਾਰਪੋਰੇਸ਼ਨਾਂ ਗਰੀਬ ਮੁਲਕਾਂ ਵਿਚ ਡੀ.ਡੀ.ਟੀ. ਦੀ ਸੁਰੱਖਿਅਤ ਵਰਤੋਂ ਦਾ ਪ੍ਰਚਾਰ ਕਰਦੀਆਂ ਰਹੀਆਂ ਹਨ।

ਇਸ ਸਬੰਧ ਵਿਚ ਅਗਲੀ ਉਦਾਹਰਣ ਡੀ.ਬੀ.ਸੀ.ਪੀ. (DBCP) ਦੀ ਹੈ। ਇਹ ਕੀਟਨਾਸ਼ਕ ਦਵਾਈ ਫਲਾਂ ਦੇ ਬੂਟਿਆਂ ਤੇ ਸਪਰੇਅ ਕੀਤੀ ਜਾਂਦੀ ਹੈ। ਇਸ ਦਵਾਈ ਦੀ ਸਪਰੇਅ ਕਰਨ ਨਾਲ ਸਪਰੇਅ ਕਰਨ ਵਾਲੇ ਮਜ਼ਦੂਰਾਂ ਤੇ ਅਜਿਹੇ ਅਸਰ ਪੈਂਦੇ ਹਨ ਕਿ ਉਹਨਾਂ ਦੀ ਬੱਚੇ ਪੈਦਾ ਕਰਨ ਦੀ ਸ਼ਕਤੀ ਖਤਮ ਹੋ ਜਾਂਦੀ ਹੈ ਅਤੇ ਇਸਦੇ ਨਾਲ ਹੀ ਇਸਦਾ ਸਬੰਧ ਕੈਂਸਰ ਲਾਉਣ ਨਾਲ ਦੱਸਿਆ ਜਾਂਦਾ ਹੈ। ਅਜਿਹੇ ਨਤੀਜਿਆਂ ਨੂੰ ਦੇਖਦੇ ਹੋਏ ਸੰਨ 1977 ਵਿਚ ਅਮਰੀਕਾ ਵਿਚ ਇਸ ਦੀ ਵਰਤੋਂ ਤੇ ਰੋਕ ਲਾ ਦਿੱਤੀ ਗਈ। ਇਹ ਰੋਕ ਲੱਗਣ ਨਾਲ ਅਮਰੀਕਾ ਵਿਚ ਇਹ ਦਵਾਈ ਬਣਾਉਣ ਵਾਲੀਆਂ ਕੰਪਨੀਆਂ ਡੋਅ ਕੈਮੀਕਲ ਅਤੇ ਸ਼ੈੱਲ (ਇਹਨਾਂ ਕੰਪਨੀਆਂ ਨੇ ਹੀ 1958 ਦੇ ਨੇੜੇ ਇਸ ਦਵਾਈ ਦੀ ਖੋਜ਼ ਕੀਤੀ ਸੀ) ਨੇ ਇਸ ਦੇ ਉਤਪਾਦਨ ਤੇ ਟੈਂਪਰੇਰੀ ਰੋਕ ਲਾ ਦਿੱਤੀ। ਪਰ ਉਸ ਹੀ ਸਮੇਂ ਅਮਰੀਕਾ ਦੀ ਇਕ ਕਾਰਪੋਰੇਸ਼ਨ ਐਮਵੈਕ (Amvac) ਨੇ ਇਸ ਨੂੰ ਬਣਾਉਣਾ ਅਤੇ ਗਰੀਬ ਦੇਸ਼ਾਂ ਨੂੰ ਵੇਚਣਾ ਸ਼ੁਰੂ ਕਰ ਦਿੱਤਾ। ਉਸ ਸਮੇਂ ਇਸ ਕੰਪਨੀ ਵਲੋਂ ਪੇਸ਼ ਕੀਤੀ ਇਕ ਰੀਪੋਰਟ ਵਿਚ ਇਸ ਦਵਾਈ ਨੂੰ ਬਣਾਉਣ ਪਿੱਛੇ ਕੰਪਨੀ ਆਪਣਾ ਮਕਸਦ ਇਸ ਤਰ੍ਹਾਂ ਦਸਦੀ ਹੈ, " ਸਾਡੀ ਰਾਇ ਸੀ ਉਸ ਸਮੇਂ ਮਾਰਕੀਟ ਵਿਚ ਇਸ ਦਵਾਈ ਦੀ ਘਾਟ ਹੈ ਅਤੇ ਇਸ ਘਾਟ ਨੂੰ ਅਸੀਂ ਪੂਰਾ ਕਰ ਸਕਦੇ ਹਾਂ ਅਤੇ ਇਸ ਦੇ ਨਾਲ ਹੀ ਅਸੀਂ ਇਸ ਤੋਂ ਮੁਨਾਫਾ ਕਮਾ ਸਕਦੇ ਹਾਂ"। ਅਤੇ ਇਸ ਕੰਪਨੀ ਦੇ ਇਕ ਹੋਰ ਅਧਿਕਾਰੀ ਅਨੁਸਾਰ, " ਇਸ ਦਵਾਈ ਨੂੰ ਜੇ ਐਮਵੈਕ ਨਾ ਵੇਚਦੀ ਤਾਂ ਉਸਦਾ ਦੀਵਾਲਾ ਨਿਕਲ ਜਾਣਾ ਸੀ"। ਸਾਫ ਜ਼ਾਹਿਰ ਹੈ ਕਿ ਇਸ ਕਾਰਪੋਰੇਸ਼ਨ ਲਈ ਆਪਣੇ ਆਪ ਨੂੰ ਦੀਵਾਲਿਏਪਨ ਤੋਂ ਬਚਾਉਣਾ ਵੱਡੀ ਗੱਲ ਸੀ ਅਤੇ ਉਸ ਲਈ ਜੇ ਗਰੀਬ ਮੁਲਕਾਂ ਦੇ ਲੋਕਾਂ ਦੀ ਸਿਹਤ ਦਾ ਨਾਸ਼ ਵੀ ਹੁੰਦਾ ਹੈ ਤਾਂ ਉਸਨੂੰ ਇਸਦੀ ਕੋਈ ਪਰਵਾਹ ਨਹੀਂ ਸੀ। ਦੂਜੀ ਗੱਲ ਇਥੇ ਇਹ ਨੋਟ ਕਰਨ ਵਾਲੀ ਹੈ ਕਿ ਬੇਸ਼ੱਕ ਡੋਅ ਕੈਮੀਕਲ ਨੇ ਇਹ ਦਵਾਈ ਬਣਾਉਣੀ ਬੰਦ ਕਰ ਦਿੱਤੀ ਸੀ ਪਰ ਕਿਉਂਕਿ ਉਸ ਕੋਲ ਇਸ ਦਵਾਈ ਦਾ ਪੇਟੇਂਟ ਸੀ ਇਸ ਕਰਕੇ ਐਮਵੈਕ (Amvac) ਵਲੋਂ ਇਸ ਦਵਾਈ ਨੂੰ ਤਿਆਰ ਕਰਕੇ ਵੇਚਣ ਤੇ ਜੋ ਮੁਨਾਫਾ ਹੋਇਆ ਉਸ ਮੁਨਾਫੇ ਦਾ 3 ਪ੍ਰਤੀਸ਼ਤ ਹਿੱਸਾ ਉਸਨੂੰ ਮਿਲਦਾ ਰਿਹਾ।

**"ਜਿੰਨੀਆਂ ਕੀੜੇ ਮਾਰ ਦਵਾਈਆਂ ਅਮੀਰ ਮੁਲਕਾਂ ਵਲੋਂ ਗਰੀਬ ਮੁਲਕਾਂ ਨੂੰ ਭੇਜੀਆਂ ਜਾਂਦੀਆਂ ਹਨ ਉਹਨਾਂ ਵਿਚ 30 ਪ੍ਰਤੀਸ਼ੱਤ ਅਜਿਹੀਆਂ ਹੁੰਦੀਆਂ ਹਨ ਜਿਹਨਾਂ ਦੀ ਵਰਤੋਂ ਤੇ ਅਮੀਰ ਮੁਲਕਾਂ ਵਿਚ ਕਿਸੇ ਨਾਂ ਕਿਸੇ ਤਰ੍ਹਾਂ ਦੀ ਰੋਕ ਲੱਗੀ ਹੁੰਦੀ ਹੈ।"**

ਰੋਕ ਲੱਗੀ ਵਾਲੀਆਂ ਕੀੜੇ ਮਾਰ ਦਵਾਈਆਂ ਨੂੰ ਗਰੀਬ ਮੁਲਕਾਂ ਵਿਚ ਵੇਚਣ ਦਾ ਕੰਮ ਇਕੱਲੇ ਅਮਰੀਕਾ ਦੀਆਂ ਕਾਰਪੋਰੇਸ਼ਨਾਂ ਹੀ ਨਹੀਂ ਕਰਦੀਆਂ ਸਗੋਂ ਦੂਜੇ ਅਮੀਰ ਮੁਲਕਾਂ ਦੀਆਂ ਕਾਰਪੋਰੇਸ਼ਨਾਂ ਉਤਨੀ ਸਰਗਰਮੀ ਨਾਲ ਹੀ ਕਰਦੀਆਂ ਹਨ। ਜਿਵੇਂ ਕੀਟਨਾਸ਼ਕ ਦਵਾਈਆਂ ਨੂੰ ਨਿਰਯਾਤ (ਦੂਜੇ ਦੇਸ਼ਾਂ ਵਿਚ ਭੇਜਣ) ਦੇ ਵਪਾਰ ਵਿਚ ਯੂ.ਕੇ. ਦਾ 15 ਪ੍ਰਤੀਸ਼ਤ ਹਿੱਸਾ ਹੈ। ਗਿਆਰਾਂ ਅਜਿਹੀਆਂ ਕੀਟਨਾਸ਼ਕ ਦਵਾਈਆਂ ਹਨ ਜੋ ਯੂ.ਕੇ. ਵਿਚ ਤਿਆਰ ਹੁੰਦੀਆਂ ਹਨ ਪਰ ਯੂ.ਕੇ. ਅਤੇ ਯੂਰਪੀਨ ਕਾਮਨ ਮਾਰਕੀਟ ਵਿਚ ਉਹਨਾਂ ਦੀ ਵਰਤੋਂ ਤੇ ਰੋਕ ਲਾਈ ਗਈ ਹੈ ਪਰ ਯੂ.ਕੇ. ਤੋਂ ਇਹ 11 ਦਵਾਈਆਂ ਗਰੀਬ ਮੁਲਕਾਂ ਨੂੰ ਭੇਜੀਆ ਜਾਂਦੀਆਂ ਹਨ।

ਮਨੁੱਖੀ ਬਿਮਾਰੀਆਂ ਦੇ ਇਲਾਜ ਲਈ ਬਣਾਈਆਂ ਜਾਂਦੀਆਂ ਦਵਾਈਆਂ ਦੀਆਂ ਦੋ ਉਦਾਹਰਣਾਂ ਇਸ ਤਰ੍ਹਾਂ ਹਨ। ਸੱਠਵਿਆਂ ਵਿਚ ਜਾਪਾਨ ਵਿਚ ਹਜਾਰਾਂ ਦੀ ਗਿਣਤੀ ਵਿਚ ਲੋਕ ਇਕ ਬਿਮਾਰੀ- ਸਬਐਕਿਊਟ ਮਾਈਲੋ-ਔਪਟਿਕ ਨਿਊਰੋਪੈਥੀ (subacute myelo-optic neuropath ਜਾਂ SMON)-ਦਾ ਸ਼ਿਕਾਰ ਹੋਏ। ਇਸ ਬਿਮਾਰੀ ਦੇ ਕੁੱਝ ਲੱਛਣ ਇਸ ਤਰ੍ਹਾਂ ਹਨ: ਪੇਟ ਵਿਚ ਦਰਦ, ਕਬਜ਼, ਮਹਿਸੂਸ ਕਰ ਸਕਣ ਦੀ ਯੋਗਤਾ ਦਾ ਖਾਤਮਾ, ਅਧਰੰਗ, ਅੰਨ੍ਹਾਪਣ, ਨਸਾਂ ਅਤੇ ਪੱਠਿਆਂ ਦਾ ਨਿੱਘਾਰ ਅਤੇ ਮੌਤ। ਜਾਪਾਨ ਵਿਚ ਇਸ ਬਿਮਾਰੀ ਨਾਲ 700 ਦੇ ਲੱਗਭਗ ਮੌਤਾਂ ਹੋਈਆਂ। ਵਿਗਿਆਨੀਆਂ ਨੂੰ ਸ਼ੱਕ ਸੀ ਇਸ ਬਿਮਾਰੀ ਦਾ ਕਾਰਨ ਸਵਿਟਜ਼ਰਲੈਂਡ ਦੀ ਕੰਪਨੀ ਸੀਬਾ-ਗੀਗੀ (Ciba-Giegy) ਵਲੋਂ ਬਣਾਈਆਂ ਜਾਂਦੀਆਂ ਉਹ ਦਵਾਈਆਂ ਸਨ ਜਿਹਨਾਂ ਵਿਚ ਕਲੀਓਕੀਨਲ (clioquinol) ਡਰੱਗ ਵਰਤੀ ਜਾਂਦੀ ਹੈ। ਇਹਨਾਂ ਵਿਚੋਂ ਦੋ ਦਵਾਈਆਂ ਸਨ ਐਂਟਰੋ ਵਾਇਉਫਾਰਮ (Entero-Vioform) ਅਤੇ ਮੈਕਸੇਜ਼ (Mexase)। ਇਹ ਦਵਾਈਆਂ ਅਤੇ ਇਸ ਡਰੱਗ ਤੋਂ ਬਣੀਆਂ ਦਵਾਈਆਂ ਨੂੰ ਹਰ ਤਰ੍ਹਾਂ ਦੇ ਦਸਤਾਂ ਦੇ ਇਲਾਜ ਲਈ ਵਰਤਿਆ ਜਾਂਦਾ ਸੀ। ਇਹ ਬਿਮਾਰੀ ਫੈਲਣ ਤੇ ਸੀਬਾ-ਗੀਗੀ ਕੰਪਨੀ ਨੇ ਸੰਨ 1970 ਵਿਚ ਜਾਪਾਨੀ ਮਾਰਕੀਟ ਵਿਚ ਇਹ ਦਵਾਈਆਂ ਵੇਚਣੀਆਂ ਬੰਦ ਕਰ ਦਿੱਤੀਆਂ। ਪਰ ਇਹ ਮੰਨਣੋਂ ਬਹਾਨੇਬਾਜੀ ਕੀਤੀ ਕਿ SMON ਦਾ ਅਸਲ ਕਾਰਨ ਇਹ ਦਵਾਈਆਂ ਹਨ। ਪਰ ਸੰਨ 1978 ਵਿਚ ਜਾਪਾਨ ਦੀ ਇਕ ਅਦਾਲਤ ਨੇ ਇਹ ਫੈਸਲਾ ਦਿੱਤਾ ਕਿ ਜਾਪਾਨ ਵਿਚ ਇਹ ਬਿਮਾਰੀ ਫੈਲਣ ਦਾ ਕਾਰਨ ਕਲੀਓਕੀਨਲ (clioquinol) ਡਰੱਗ ਤੋਂ ਬਣੀਆਂ ਦਵਾਈਆਂ ਹੀ ਸਨ। ਇਸ ਤੋਂ ਬਾਅਦ ਅਮਰੀਕਾ, ਨਾਰਵੇ, ਸਵੀਡਨ, ਡੈਨਮਾਰਕ ਅਤੇ ਬ੍ਰਿਟੇਨ ਵਿਚ ਇਹਨਾਂ ਦਵਾਈਆਂ ਦਾ ਵੇਚਿਆ ਜਾਣਾ ਬੰਦ ਕਰ ਦਿੱਤਾ ਗਿਆ। ਅਸਟਰੇਲੀਆ ਵਿਚ ਇਸ ਦਵਾਈ ਨੂੰ ਸਿਰਫ ਖਾਸ ਕਿਸਮ ਦੇ ਦਸਤਾਂ -ਐਮੋਬਿਕ ਡਾਇਸੈਂਟਰੀ (Amoebic Dysentry) ਵਿਚ ਹੀ ਵਰਤਿਆ ਜਾ ਸਕਦਾ ਹੈ। ਪਰ ਸੀਬਾ-ਗੀਗੀ ਅਤੇ ਹੋਰ ਕੰਪਨੀਆਂ ਨੇ ਇਸ ਡਰੱਗ ਤੋਂ ਬਣਨ ਵਾਲੀਆਂ ਦਵਾਈਆਂ ਨੂੰ ਬਣਾਉਣਾ ਜਾਰੀ ਰੱਖਿਆ ਅਤੇ ਦੂਜੇ ਦੇਸ਼ਾਂ ਵਿਚ ਇਹਨਾਂ ਦਾ ਪ੍ਰਚਾਰ ਹਰ ਤਰ੍ਹਾਂ ਦੇ ਦਸਤ ਹਟਾਉਣ ਵਾਲੀਆਂ ਦਵਾਈਆਂ ਦੇ ਤੌਰ ਤੇ ਕਰਨਾ ਜਾਰੀ ਰੱਖਿਆ। ਇਹ ਦਵਾਈਆਂ ਏਸ਼ੀਆ, ਅਫਰੀਕਾ ਅਤੇ ਲਾਤੀਨੀ ਅਮਰੀਕਾ ਦੇ ਦੇਸ਼ਾਂ ਵਿਚ ਆਮ ਵੇਚੀਆਂ ਜਾਂਦੀਆਂ ਹਨ।

ਇਸ ਤਰ੍ਹਾਂ ਦੀ ਇਕ ਉਦਾਹਰਣ ਦੋ ਦਵਾਈਆਂ ਐਮੀਨੋਪਾਈਰੀਨ (aminopyrine) ਅਤੇ ਡਾਈਪਾਈਰੋਨ (dipyrone) ਦੀ ਹੈ। ਇਹ ਦਵਾਈਆਂ ਵੈਸਟ ਜਰਮਨੀ ਦੀ ਕੰਪਨੀ ਹੋਚਸਟ (Hoechst) ਵਲੋਂ ਬਣਾਈਆਂ ਜਾਂਦੀਆਂ ਹਨ ਅਤੇ ਦਰਦ ਘਟਾਉਣ ਲਈ ਵਰਤੀਆਂ ਜਾਂਦੀਆਂ ਹਨ। ਪਰ ਇਹਨਾਂ ਦਵਾਈਆਂ ਦੇ ਬੜੇ ਖਤਰਨਾਕ 'ਸਾਈਡ ਅਫੈਕਟਸ' ਹਨ। ਅੰਕੜਿਆਂ ਅਨੁਸਾਰ ਇਹ ਦਵਾਈ ਖਾਣ ਵਾਲੇ 1000 ਲੋਕਾਂ ਵਿਚੋਂ 5-6 ਨੂੰ ਇਕ ਬਿਮਾਰੀ ਲੱਗੀ ਹੈ ਜਿਸਨੂੰ

ਐਗਰੈਨੂਲੋਸਾਈਟੋਸਿਸ (agranulocytosis) ਕਹਿੰਦੇ ਹਨ। ਇਸ ਬਿਮਾਰੀ ਕਾਰਨ ਰੋਗੀ ਦੇ ਖੂਨ ਵਿਚਲੇ ਚਿੱਟੇ ਸੈੱਲਾਂ ਨੂੰ ਨੁਕਸਾਨ ਪਹੁੰਚਦਾ ਹੈ ਅਤੇ ਨਤੀਜੇ ਵਜੋਂ ਰੋਗੀ ਵਿਚ ਛੂਤ ਨਾਲ ਲੱਗਣ ਵਾਲੀਆਂ ਬਿਮਾਰੀਆਂ ਤੋਂ ਬਚਾਅ ਕਰਨ ਦੀ ਸ਼ਕਤੀ ਘੱਟਦੀ ਹੈ। ਅਤੇ ਇਹ ਛੂਤ ਨਾਲ ਲੱਗਣ ਵਾਲੀਆਂ ਕਈ ਬਿਮਾਰੀਆਂ ਅਜਿਹੀਆਂ ਹਨ ਜੋ ਮਰੀਜ਼ ਦੀ ਮੌਤ ਦਾ ਕਾਰਨ ਬਣ ਸਕਦੀਆਂ ਹਨ। ਇਹਨਾਂ ਗੱਲਾਂ ਨੂੰ ਦੇਖਦਿਆਂ ਹੋਇਆਂ 1977 ਵਿਚ ਅਮਰੀਕਾ ਨੇ ਅਮਰੀਕਾ ਵਿਚ ਇਸ ਦਵਾਈ ਦੀ ਵਰਤੋਂ ਤੇ ਰੋਕ ਲਾ ਦਿੱਤੀ। ਹੋਰ ਦੇਸ਼ਾਂ ਜਿਵੇਂ ਅਸਟਰੇਲੀਆ ਅਤੇ ਸਵੀਡਨ ਨੇ ਵੀ ਇਹਨਾਂ ਦਵਾਈਆਂ ਦੀ ਵਰਤੋਂ ਤੇ ਰੋਕ ਲਾ ਦਿੱਤੀ। ਜਾਪਾਨ ਵਿਚ ਇਹ ਦਵਾਈਆਂ ਬਹੁਤ ਹੀ ਖਾਸ ਹਾਲਤਾਂ ਵਿਚ ਵਰਤੀਆਂ ਜਾ ਸਕਦੀਆਂ ਹਨ। ਪਰ ਲਾਤੀਨੀ ਅਮਰੀਕਾ, ਅਫਰੀਕਾ ਅਤੇ ਏਸ਼ੀਆ ਵਿਚ ਇਹ ਦਵਾਈਆਂ ਕਈ ਸਾਲ ਬਾਅਦ ਤੱਕ ਆਮ ਵੇਚੀਆਂ ਜਾਂਦੀਆਂ ਰਹੀਆਂ ਹਨ। ਇੱਥੇ ਕੁੱਝ ਲੋਕ ਸੋਚਣਗੇ ਕਿ ਜੇ ਇਹਨਾਂ ਦੇਸ਼ਾਂ ਵਿਚ ਇਹ ਦਵਾਈਆਂ ਕਈ ਸਾਲ ਬਾਅਦ ਤੱਕ ਆਮ ਵੇਚੀਆਂ ਜਾਂਦੀਆਂ ਰਹੀਆਂ ਹਨ ਤਾਂ ਇਸ ਵਿਚ ਕਸੂਰ ਇਹਨਾਂ ਦੇਸ਼ਾਂ ਦੀਆਂ ਸਰਕਾਰਾਂ ਦਾ ਹੈ । ਉਹ ਇਹਨਾਂ ਦਵਾਈਆਂ ਦੀ ਵਰਤੋਂ ਤੇ ਰੋਕ ਕਿਉਂ ਨਹੀਂ ਲਾ ਦਿੰਦੀਆਂ। ਜਿਵੇਂ ਪਹਿਲਾਂ ਦੱਸਿਆ ਗਿਆ ਹੈ ਕਿ ਗਰੀਬ ਦੇਸ਼ਾਂ ਦੀਆਂ ਸਰਕਾਰਾਂ ਕੋਲ ਏਨੇ ਸਾਧਨ ਨਹੀਂ ਕਿ ਉਹ ਇਹਨਾਂ ਦਵਾਈਆਂ ਦੇ ਹਾਣ-ਲਾਭਾਂ ਬਾਰੇ ਸਹੀ ਨਿਰਣਾ ਕਰਕੇ ਇਸ ਬਾਰੇ ਕੋਈ ਫੈਸਲਾ ਕਰ ਸਕਣ। ਦੂਜੀ ਗੱਲ ਇਹ ਹੈ ਦਵਾਈਆਂ ਬਣਾਉਣ ਵਾਲੀਆਂ ਕੰਪਨੀਆਂ ਇਹਨਾਂ ਦੇਸ਼ਾਂ ਦੀਆਂ ਸਰਕਾਰਾਂ ਨੂੰ ਧੋਖਾ ਦੇਣ ਲਈ ਕਈ ਤਰ੍ਹਾਂ ਦੇ ਢੰਗ ਵਰਤਦੀਆਂ ਹਨ। ਇਹਨਾਂ ਢੰਗਾਂ ਵਿਚੋਂ ਇਕ ਇਸ ਤਰ੍ਹਾਂ ਹੈ। ਰੋਕ ਲੱਗੀ ਦਵਾਈ ਇਸਦੇ ਸਹੀ ਰੂਪ ਵਿਚ ਭੇਜਣ ਦੀ ਥਾਂ ਇਹ ਕੰਪਨੀਆਂ ਗਰੀਬ ਦੇਸ਼ਾਂ ਨੂੰ ਇਸ ਤਰ੍ਹਾਂ ਦੀਆਂ ਦਵਾਈਆਂ ਬਣਾਉਣ 'ਚ ਚਾਹੀਦੇ ਰਸਾਇਣ (chemical) ਭੇਜਦੀਆਂ ਹਨ। ਫਿਰ ਉਹਨਾਂ ਦੇਸ਼ਾਂ 'ਚ ਇਹਨਾਂ ਕੰਪਨੀਆਂ ਦੇ ਆਪਣੇ ਜਾਂ ਉੱਥੋਂ ਦੀਆਂ ਕੰਪਨੀਆਂ ਨਾਲ ਸਾਂਝੇ ਕਾਰਖਾਨਿਆਂ ਵਿਚ ਇਹਨਾਂ ਰਸਾਇਣਾਂ ਨੂੰ ਮਿਲਾ ਕੇ ਉਹੀ ਦਵਾਈਆਂ ਪੈਦਾ ਕਰ ਲਈਆਂ ਜਾਂਦੀਆਂ ਹਨ ਪਰ ਉਹਨਾਂ ਦਾ ਨਵਾਂ ਨਾਂ ਰੱਖ ਲਿਆ ਜਾਂਦਾ ਹੈ।

ਸਿਰਫ ਉਹ ਦਵਾਈਆਂ, ਜਿਹਨਾਂ ਉੱਪਰ ਅਮੀਰ ਦੇਸ਼ਾਂ ਵਿਚ ਰੋਕ ਲੱਗੀ ਹੈ, ਹੀ ਗਰੀਬ ਮੁਲਕਾਂ ਵਿਚ ਜਾ ਕੇ ਨੁਕਸਾਨ ਨਹੀਂ ਕਰਦੀਆਂ ਸਗੋਂ ਉਹ ਦਵਾਈਆਂ, ਜਿਹਨਾਂ ਨੂੰ ਅਮੀਰ ਦੇਸ਼ਾਂ ਵਿਚ ਵਰਤੋਂ ਲਈ 'ਸੁਰੱਖਿਅਤ' ਸਮਝਿਆ ਜਾਂਦਾ ਹੈ, ਵੀ ਗਰੀਬ ਮੁਲਕਾਂ ਵਿਚ ਜਾਕੇ ਲੋਕਾਂ ਦਾ ਨੁਕਸਾਨ ਕਰਦੀਆਂ ਹਨ। ਇਸਦਾ ਸੱਭ ਤੋਂ ਵੱਡਾ ਕਾਰਨ ਇਹ ਹੈ ਕਿ ਦਵਾਈਆਂ ਬਣਾਉਣ ਵਾਲੀਆਂ ਕੰਪਨੀਆਂ ਵਲੋਂ ਗਰੀਬ ਮੁਲਕਾਂ ਵਿਚ ਦਵਾਈਆਂ ਬਾਰੇ ਪੂਰੀ ਜਾਣਕਾਰੀ ਨਹੀਂ ਦਿੱਤੀ ਜਾਂਦੀ ਅਤੇ ਕਈ ਹਾਲਤਾਂ ਵਿਚ ਗਲਤ ਜਾਣਕਾਰੀ ਦਿੱਤੀ ਜਾਂਦੀ ਹੈ। ਅਮੀਰ ਮੁਲਕਾਂ ਵਿਚ ਦਵਾਈਆਂ ਬਾਰੇ ਵੱਖਰੀ ਕਿਸਮ ਦੀ ਜਾਣਕਾਰੀ ਦਿੱਤੀ ਜਾਂਦੀ ਹੈ ਅਤੇ ਗਰੀਬ ਮੁਲਕਾਂ ਵਿਚ ਹੋਰ ਕਿਸਮ ਦੀ। ਇਸ ਤਰ੍ਹਾਂ ਦੀ ਪਹਿਲੀ ਉਦਾਹਰਣ ਰੋਗਾਣੂ ਨਾਸ਼ਕ (antibiotics) ਦਵਾਈ ਕਲੋਰੈਮਫਿਨੀਕੋਲ (chloramphenicol) ਦੀ ਹੈ। ਇਹ ਦਵਾਈ ਮਿਆਦੀ ਬੁਖਾਰ (typhoid) ਦੇ ਇਲਾਜ ਅਤੇ ਛੂਤ ਨਾਲ ਲੱਗਣ ਵਾਲੀਆਂ ਕੁੱਝ ਕੁ ਬਿਮਾਰੀਆਂ ਦੇ ਇਲਾਜ ਲਈ ਵਰਤੀ ਜਾਂਦੀ ਹੈ। ਇਸ ਦਵਾਈ ਦੇ 'ਸਾਈਡ ਇਫੈਕਟਸ ' (ਵਰਤਣ ਨਾਲ ਹੋਣ ਵਾਲੇ ਭੈੜੇ ਅਸਰ) ਬੜੇ ਗੰਭੀਰ ਹਨ। ਇਹਨਾਂ ਭੈੜੇ ਅਸਰਾਂ ਨੂੰ ਦੇਖਦੇ ਹੋਏ ਯੂ.ਕੇ. ਵਿਚ ਇਸ ਦਵਾਈ ਦੀ ਵਰਤੋਂ ਬਾਰੇ ਜੋ ਜਾਣਕਾਰੀ ਮਿਲਦੀ ਹੈ ਉਸ ਅਨੁਸਾਰ ਇਹ ਦਵਾਈ ਸਿਰਫ ਟਾਈਫਾਈਡ ਅਤੇ ਇਕ ਖਾਸ ਕਿਸਮ ਦੇ ਫਲੂ (haemophilus influenzae meningitis) ਲਈ ਹੀ ਵਰਤੀ ਜਾਣੀ ਚਾਹੀਦੀ ਹੈ ਅਤੇ ਇਸਦੇ ਨਾਲ ਹੀ 7-8 ਅਜਿਹੇ ਰੋਗ ਹਨ ਜਿਹਨਾਂ ਵਿਚ ਇਹਨਾਂ ਦੀ ਵਰਤੋਂ ਨਹੀਂ ਕਰਨੀ ਚਾਹੀਦੀ। ਪਰ ਇਹ ਦਵਾਈ ਬਣਾਉਣ ਵਾਲਿਆਂ ਜਦੋਂ ਇਹ ਦਵਾਈ ਗਰੀਬ ਮੁਲਕਾਂ ਜਿਵੇਂ ਸ੍ਰੀ ਲੰਕਾ ਅਤੇ ਮਿਸਰ ਵਿਚ ਵੇਚਣੀ ਸ਼ੁਰੂ ਕੀਤੀ ਤਾਂ ਸੱਭ ਤੋਂ ਪਹਿਲਾਂ ਤਾਂ ਇਸ ਦਵਾਈ ਦੀ ਵਰਤੋਂ ਉਪਰ ਦੱਸੇ ਦੋ ਰੋਗਾਂ ਤੋਂ ਵੱਧ ਕਈ ਹੋਰ ਰੋਗਾਂ ਦੇ ਇਲਾਜ ਲਈ ਠੀਕ ਦੱਸੀ ਅਤੇ ਇਸਦੇ ਨਾਲ ਹੀ ਉਹਨਾਂ 7-8 ਰੋਗਾਂ ਬਾਰੇ ਜਿਹਨਾਂ ਲਈ ਇਹ ਨਹੀਂ ਵਰਤੀ ਜਾਣੀ ਚਾਹੀਦੀ ਉਹਨਾਂ ਦਾ ਕੋਈ ਜਿਕਰ ਨਹੀਂ ਅਤੇ ਇਸਦੇ ਨਾਲ ਹੀ ਇਸ ਦਵਾਈ ਨਾਲ ਹੋਣ ਵਾਲੇ ਸਾਈਡ ਐਫਿਕਟਸ (ਮਾੜੇ ਅਸਰਾਂ) ਦਾ ਵੀ ਕੋਈ ਵੀ ਜਿਕਰ ਨਹੀਂ ਸੀ।

> **"ਦਵਾਈਆਂ ਬਣਾਉਣ ਵਾਲੀਆਂ ਕੰਪਨੀਆਂ ਵਲੋਂ ਗਰੀਬ ਮੁਲਕਾਂ ਵਿਚ ਦਵਾਈਆਂ ਬਾਰੇ ਪੂਰੀ ਜਾਣਕਾਰੀ ਨਹੀਂ ਦਿੱਤੀ ਜਾਂਦੀ ਅਤੇ ਕਈ ਹਾਲਤਾਂ ਵਿਚ ਗਲਤ ਜਾਣਕਾਰੀ ਦਿੱਤੀ ਜਾਂਦੀ ਹੈ।"**

ਇਸ ਸਬੰਧ ਵਿਚ ਅਗਲੀ ਉਦਾਹਰਣ 'ਐਨਾਬੋਲਿਕ ਸਟਰੋਇਡਜ਼' ਦੀ ਹੈ। ਗਰੀਬ ਦੇਸ਼ਾਂ ਜਿਵੇਂ ਅਫਰੀਕਾ ਦੇ ਦੇਸ਼ਾਂ, ਮਲੇਸ਼ੀਆ ਅਤੇ ਬਰਾਜ਼ੀਲ ਵਿਚ ਇਸ ਦਵਾਈ ਦਾ ਇਸ ਤਰ੍ਹਾਂ ਪ੍ਰਚਾਰ ਕੀਤਾ ਜਾਂਦਾ ਹੈ ਕਿ ਇਹ ਸਟਰੋਇਡਜ਼ ਭੁੱਖ ਚਮਕਾਉਣ, ਭਾਰ ਵਧਾਉਣ ਅਤੇ ਥਕਾਵਟ ਅਤੇ ਕਮਜ਼ੋਰੀ ਦੂਰ ਕਰਨ ਵਿਚ (ਖਾਸ ਕਰਕੇ ਬੱਚਿਆਂ ਵਿਚ) ਸਹਾਈ ਹੁੰਦੀ ਹੈ। ਇਹ ਦਵਾਈ ਇਹਨਾਂ ਦੇਸ਼ਾਂ ਵਿਚ ਆਮ ਹੀ ਮਿਲ ਜਾਂਦੀ ਹੈ। ਇਸ ਦਵਾਈ ਨਾਲ ਕਈ ਤਰ੍ਹਾਂ ਦੇ ਭੈੜੇ ਅਸਰ ਹੁੰਦੇ ਹਨ ਜਿਵੇਂ ਮੁੰਡਿਆਂ ਵਿਚ ਕਾਮ ਅਤੇ ਲਿੰਗ ਸਬੰਧੀ ਅਸਾਧਾਰਣ ਤਬਦੀਲੀਆਂ ਹੋਣਾ, ਅਤੇ 'ਬਲੈਡਰ' ਵਿਚ ਖਲਸ਼ ਪੈਦਾ ਕਰਨਾ ਅਤੇ ਕੁੜੀਆਂ ਵਿਚ ਮਰਦਾਂ ਵਾਲੇ ਚਿੰਨ ਪੈਦਾ ਕਰਨਾ ਜਿਵੇਂ ਵਾਲਾਂ ਦਾ ਉੱਗਣਾ, ਸਿਰ 'ਚ ਮਰਦਾਂ ਵਰਗਾ ਗੰਜਾਪਣ, ਆਵਾਜ਼ ਦਾ ਭਾਰਾ ਹੋਣਾ ਅਤੇ ਬਾਅਦ ਵਿਚ ਮਾਹਵਾਰੀ ਦੌਰਾਨ ਕਈ ਤਰ੍ਹਾਂ ਦੀਆਂ ਮੁਸ਼ਕਿਲਾਂ ਪੈਦਾ ਕਰਦੇ ਹਨ। ਇਹਨਾਂ ਵਿਚੋਂ ਕਈ ਅਸਰ ਅਜਿਹੇ ਹਨ ਜੋ ਇਕ ਵਾਰ ਹੋ ਜਾਣ ਤਾਂ ਉਹ ਠੀਕ ਨਹੀਂ ਕੀਤੇ ਜਾਂ ਸਕਦੇ। ਉਪਰ ਦੱਸੇ ਦੇਸ਼ਾਂ ਵਿਚ ਇਹਨਾਂ ਦਵਾਈਆਂ ਦੇ ਨਾਲ ਦਿੱਤੀ ਜਾਣ ਵਾਲੀ ਜਾਣਕਾਰੀ ਵਿਚ ਇਹਨਾਂ ਭੈੜੇ ਅਸਰਾਂ ਦਾ ਕੋਈ ਜ਼ਿਕਰ ਨਹੀਂ। ਦਵਾਈਆਂ ਬਣਾਉਣ ਵਾਲੀਆਂ ਕੰਪਨੀਆਂ ਨੂੰ ਭਾਰ ਵਧਾਉਣ ਅਤੇ ਥਕਾਵਟ ਦੂਰ ਕਰਨ ਵਰਗੇ ਦਾਅਵੇ ਕਰਨ ਦੀ ਅਮੀਰ ਦੇਸ਼ਾਂ ਵਿਚ ਇਜਾਜ਼ਤ ਨਹੀਂ ਦਿੱਤੀ ਜਾਂਦੀ। ਇਸਦੇ ਨਾਲ ਇਹ ਵੀ ਗੱਲ ਨੋਟ ਕਰਨ ਵਾਲੀ ਹੈ ਕਿ ਭਾਰ ਵਧਾਉਣ ਜਾਂ ਥਕਾਵਟ ਦੂਰ ਕਰਨ ਲਈ ਚੰਗੀ ਖੁਰਾਕ ਦਾ ਮਿਲਣਾ ਜ਼ਰੂਰੀ ਹੈ ਇਹਨਾਂ ਦਵਾਈਆਂ ਦਾ ਨਹੀਂ।

ਇਕ ਹੋਰ ਤਰੀਕਾ ਜਿਸ ਨਾਲ ਦਵਾਈਆਂ ਬਣਾਉਣ ਵਾਲੀਆਂ ਇਹ ਵੱਡੀਆਂ ਕੰਪਨੀਆਂ ਗਰੀਬ ਮੁਲਕਾਂ ਦੇ ਲੋਕਾਂ ਦੀ ਸਿਹਤ ਅਤੇ ਜਾਨ ਦਾ ਨੁਕਸਾਨ ਕਰਦੀਆਂ ਹਨ ਉਹ ਹੈ ਗਰੀਬ ਮੁਲਕਾਂ ਵਿਚ ਪੂਰੀ ਤਰ੍ਹਾਂ ਟੈਸਟ ਨਾ ਕੀਤੀਆਂ ਨਵੀਆਂ ਦਵਾਈਆਂ ਵੇਚਣੀਆਂ ਸ਼ੁਰੂ ਕਰਕੇ। ਅਮੀਰ ਮੁਲਕਾਂ ਵਿਚ ਨਵੀਆਂ ਦਵਾਈਆਂ ਨੂੰ ਮਾਰਕੀਟ ਵਿਚ ਲਿਆਉਣ ਤੋਂ ਪਹਿਲਾਂ ਦਵਾਈਆਂ ਬਣਾਉਣ ਵਾਲੀਆਂ ਕੰਪਨੀਆਂ ਨੂੰ ਸਰਕਾਰ ਵਲੋਂ ਰੱਖੀਆਂ ਗਈਆਂ ਕਈ ਤਰ੍ਹਾਂ ਦੀਆਂ ਸ਼ਰਤਾਂ ਪੂਰੀਆਂ ਕਰਨੀਆਂ ਪੈਂਦੀਆਂ ਹਨ, ਕਈ ਤਰ੍ਹਾਂ ਦੇ ਟੈਸਟ ਪਾਸ ਕਰਨੇ ਪੈਂਦੇ ਹਨ ਜੋ ਇਹ ਦੱਸਣ ਕਿ ਮਾਰਕੀਟ ਵਿਚ ਆਉਣ ਵਾਲੀ ਨਵੀਂ ਦਵਾਈ ਵਰਤੋਂ ਲਈ ਸੁਰੱਖਿਅਤ ਹੈ। ਅਜਿਹਾ ਕਰਨ ਨਾਲ ਦਵਾਈ ਬਣਾਉਣ ਵਾਲੀਆਂ ਕੰਪਨੀਆਂ ਦੇ ਖਰਚੇ ਵੱਧ ਆਉਂਦੇ ਹਨ। ਇਸ ਗੱਲ ਦਾ ਧਿਆਨ ਰੱਖਦੇ ਹੋਏ ਦਵਾਈਆਂ ਬਣਾਉਣ ਵਾਲੀਆਂ ਕਈ ਕੰਪਨੀਆਂ ਨੇ ਨਵੀਆਂ ਦਵਾਈਆਂ ਟੈਸਟ ਕਰਨ ਦੇ ਕੇਂਦਰ ਗਰੀਬ ਦੇਸ਼ਾਂ ਵਿਚ ਤਬਦੀਲ ਕਰ ਲਏ ਹਨ। ਨਤੀਜੇ ਵਜੋਂ ਗਰੀਬ ਮੁਲਕਾਂ ਵਿਚ ਕਈ ਅਜਿਹੀਆਂ ਨਵੀਆਂ ਦਵਾਈਆਂ ਮਾਰਕੀਟ ਵਿਚ ਆ ਜਾਂਦੀਆਂ ਹਨ ਜਿਹਨਾਂ ਦੇ ਅਮੀਰ ਮੁਲਕਾਂ ਦੇ ਮਾਪਾਂ ਮੁਤਾਬਕ ਹਾਲੇ ਪੂਰੀ ਤਰ੍ਹਾਂ ਟੈਸਟ ਨਹੀਂ ਹੋਏ ਹੁੰਦੇ ਜਿਸਦਾ ਭਾਵ ਹੈ ਕਿ ਗਰੀਬ ਮੁਲਕਾਂ ਦੇ ਲੋਕ ਇਹਨਾਂ ਦਵਾਈਆਂ ਦੀ ਵਰਤੋਂ ਕਰਕੇ ਇਹਨਾਂ ਟੈਸਟਾਂ ਦਾ ਸਾਧਨ ਬਣਦੇ ਹਨ। ਇਸਦੀ ਇਕ ਉਦਾਹਰਣ ਗਰਭ ਰੋਕੂ ਦਵਾਈ ਡੀ.ਐਮ.ਪੀ. ਏ. (DMPA) ਜਾਂ ਡੀਪੋ-ਪਰੋਵੇਰਾ ਦੀ ਹੈ। ਇਹ ਦਵਾਈ ਅਮਰੀਕਾ ਦੀ ਕੰਪਨੀ ਅਪਜੋਹਨ (Upjohn) ਨੇ ਤਿਆਰ ਕੀਤੀ ਸੀ। ਸਾਲ ਵਿਚ ਦੋ ਜਾਂ ਚਾਰ ਵਾਰ ਔਰਤਾਂ ਦੇ ਇਸ ਦਵਾਈ ਦਾ ਟੀਕਾ ਲਗਾਉਣ ਨਾਲ ਉਹਨਾਂ ਨੂੰ ਗਰਭ ਠਹਿਰਣ ਤੋਂ ਰੋਕਿਆ ਜਾ ਸਕਦਾ ਹੈ। ਸੱਤਰਵਿਆਂ ਦੇ ਸ਼ੁਰੂ ਵਿਚ ਇਹ

ਦਵਾਈ ਬਰਾਜ਼ੀਲ, ਥਾਈਲੈਂਡ, ਚਿੱਲੀ, ਫਿਲਪੀਨ, ਸ੍ਰੀ ਲੰਕਾ, ਹਾਂਗਕਾਂਗ, ਮਿਸਰ, ਹਾਂਡੂਰਸ, ਪੀਰੂ, ਮੈਕਸੀਕੋ· ਅਤੇ ਪਾਕਿਸਤਾਨ ਆਦਿ ਦੇਸ਼ਾਂ ਦੀਆਂ ਔਰਤਾਂ ਨੂੰ ਦੇ ਕੇ ਇਸ ਦੇ ਟੈਸਟ ਕੀਤੇ ਗਏ ਜਦੋਂ ਕਿ ਉਸ ਸਮੇਂ ਅਮਰੀਕਾ ਜਾਂ ਯੂ.ਕੇ. ਵਿਚ ਇਹ ਦਵਾਈ ਇਨਸਾਨਾਂ ਤੇ ਵਰਤਣ ਦੀ ਇਜਾਜ਼ਤ ਨਹੀਂ ਸੀ।

ਗਰੀਬ ਮੁਲਕ ਦੇ ਲੋਕਾਂ ਦੀ ਸਿਹਤ ਅਤੇ ਜਾਨ ਨਾਲ ਅਜਿਹਾ ਜੋ ਕੁੱਝ ਹੁੰਦਾ ਹੈ ਉਹ ਇਕੱਲਾ ਵੱਡੀਆਂ ਕਾਰਪੋਰੇਸ਼ਨਾਂ ਦੀ ਜ਼ਿੰਮੇਵਾਰੀ ਹੀ ਨਹੀਂ ਹੈ ਸਗੋਂ ਇਸ ਲਈ ਅਮੀਰ ਮੁਲਕਾਂ ਦੀਆਂ ਸਰਕਾਰਾਂ ਅਤੇ ਅਮੀਰ ਮੁਲਕਾਂ ਵਲੋਂ ਅੰਤਰਰਾਸ਼ਟਰੀ ਪੱਧਰ ਦੀਆਂ ਬਣਾਈਆਂ ਸੰਸਥਾਵਾਂ ਜਿਵੇਂ ਆਈ. ਐਮ. ਐਫ (ਇੰਟਰਨੈਸ਼ਨਲ ਮੋਨਟਰੀ ਫੰਡ), ਵਰਲਡ ਬੈਂਕ, ਫੂਡ ਐਂਡ ਐਗਰੀਕਲਚਰਲ ਆਰਗੇਨਾਈਜੇਸ਼ਨ (ਐਫ.ਏ.ਓ.), ਅਤੇ ਆਰਥਿਕ ਮਦਦ ਦੇਣ ਵਾਲੀਆਂ ਸੰਸਥਾਵਾਂ ਵੀ ਜ਼ਿੰਮੇਵਾਰ ਹਨ। ਜਿਹੜੀਆਂ ਦਵਾਈਆਂ ਤੇ ਅਮੀਰ ਮੁਲਕਾਂ ਵਿਚ ਰੋਕ ਲਾਈ ਜਾਂਦੀ ਹੈ ਪਰ ਅਮੀਰ ਮੁਲਕਾਂ ਵਿਚ ਉਹਨਾਂ ਦੇ ਉਤਪਾਦਨ ਤੇ ਰੋਕ ਨਹੀਂ ਲਾਈ ਜਾਂਦੀ। ਇਹ ਦਵਾਈਆਂ ਬਾਹਰਲੇ ਦੇਸ਼ਾਂ ਨੂੰ ਭੇਜਣ ਲਈ ਬਣਾਉਣ ਦੀ ਪੂਰੀ ਖੁਲ੍ਹ ਹੈ। ਇਸਦੇ ਨਾਲ ਹੀ ਕਈ ਦੇਸ਼ਾਂ ਵਿਚ ਉਹਨਾਂ ਦਵਾਈਆਂ ਨੂੰ ਜਿਹੜੀਆਂ ਬਾਹਰਲੇ ਦੇਸ਼ਾਂ ਨੂੰ ਭੇਜਣੀਆਂ ਹਨ ਉਹਨਾਂ ਨੂੰ ਦਵਾਈਆਂ ਦੇ ਕੰਟਰੋਲ ਲਈ ਬਣੀ ਸਰਕਾਰੀ ਏਜੰਸੀ (ਜਿਵੇਂ ਅਮਰੀਕਾ ਵਿਚ ਈ.ਪੀ.ਏ.-ਇਨਵਾਇਰਮੈਂਟ ਪ੍ਰੋਟੈਕਸ਼ਨ ਏਜੰਸੀ) ਕੋਲ ਰਜਿਸਟਰ ਕਰਾਉਣ ਦੀ ਵੀ ਲੋੜ ਨਹੀਂ। ਇਸ ਤਰ੍ਹਾਂ ਇਹ ਪਤਾ ਲਾਉਣਾ ਬੜਾ ਮੁਸ਼ਕਿਲ ਹੋ ਜਾਂਦਾ ਹੈ ਕਿ ਇਹਨਾਂ ਦਵਾਈਆਂ ਵਿਚ ਕਿਹੜੇ ਕਿਹੜੇ ਰਸਾਇਣ ਮਿਲਾਏ ਗਏ ਹਨ ਅਤੇ ਉਹਨਾਂ ਦੇ ਲੋਕਾਂ ਅਤੇ ਵਾਤਾਵਰਣ ਤੇ ਕੀ ਅਸਰ ਪੈਣਗੇ। ਗਰੀਬ ਮੁਲਕਾਂ ਨੂੰ ਮਦਦ ਦੇਣ ਵਾਲੀਆਂ ਸੰਸਥਾਵਾਂ ਜਦੋਂ ਖੇਤੀਬਾੜੀ ਦੇ ਕੰਮਾਂ ਲਈ ਮਦਦ ਦਿੰਦੀਆਂ ਹਨ ਤਾਂ ਕਈ ਵਾਰ ਮਦਦ ਦੇਣ ਵੇਲੇ ਇਹ ਸ਼ਰਤ ਲਾਈ ਜਾਂਦੀ ਹੈ ਕਿ ਮਦਦ ਲੈਣ ਵਾਲੇ ਦੇਸ਼ ਖਾਸ ਖਾਸ ਕੀਟਨਾਸ਼ਕ ਦਵਾਈਆਂ ਵਰਤਣ। ਕਈ ਵਾਰੀ ਇਹ ਦਵਾਈਆਂ ਅਮੀਰ ਜਾਂ ਵਿਕਸਤ ਦੇਸ਼ਾਂ ਵਿਚ ਵਰਤਣ ਤੇ ਰੋਕ ਲਾਈ ਗਈ ਹੁੰਦੀ ਹੈ।

ਕੀਟਨਾਸ਼ਕ ਦਵਾਈਆਂ ਦੇ ਸਬੰਧ ਵਿਚ ਇਕ ਗੱਲ ਹੋਰ ਕਰਨ ਵਾਲੀ ਹੈ। ਵੱਡੀਆਂ ਕਾਰਪੋਰੇਸ਼ਨਾਂ ਅਤੇ ਉਹਨਾਂ ਦੇ ਹਮਾਇਤੀਆਂ ਵਲੋਂ ਇਹ ਗੱਲ ਕਹੀ ਜਾਂਦੀ ਹੈ ਕਿ ਕੀਟਨਾਸ਼ਕ ਦਵਾਈਆਂ ਦੀ ਵੱਧ ਵਰਤੋਂ ਗਰੀਬ ਮੁਲਕਾਂ ਵਿਚ ਭੁੱਖ ਦੂਰ ਕਰਨ ਵਿਚ ਸਹਾਈ ਹੋ ਜਾਂਦੀ ਹੈ। ਉਪਰੀ ਨਜ਼ਰ ਨਾਲ ਦੇਖਿਆਂ ਉਹਨਾਂ ਵਲੋਂ ਕਹੀ ਜਾਂਦੀ ਇਹ ਗੱਲ ਸੱਚ ਲੱਗਦੀ ਹੈ ਅਤੇ ਆਮ ਵਿਅਕਤੀ ਇਸ ਤੇ ਯਕੀਨ ਕਰਨ ਲੱਗਦਾ ਹੈ। ਪਰ ਜੇ ਇਸ ਮਾਮਲੇ ਉੱਪਰ ਜ਼ਰਾ ਖੋਜੀ ਨਿਗਾਹ ਮਾਰੀਏ ਤਾਂ ਇਹ ਗੱਲ ਇਕ ਮਿੱਥ ਤੋਂ ਵੱਧ ਕੁਝ ਵੀ ਨਹੀਂ ਹੈ। ਖੋਜ ਦੱਸਦੀ ਹੈ ਕਿ ਬਹੁਤੀਆਂ ਕੀਟਨਾਸ਼ਕ ਦਵਾਈਆਂ ਨਿਰਯਾਤੀ ਫਸਲਾਂ ਜਾਂ ਕੈਸ਼ ਕਰਾਪਸ (Export & Cash crops) ਤੇ ਵਰਤੀਆਂ ਜਾਂਦੀਆਂ ਹਨ ਗਰੀਬ ਮੁਲਕਾਂ ਦੇ ਲੋਕਾਂ ਵਲੋਂ ਵਰਤੇ ਜਾਂਦੇ ਅਨਾਜ ਦੀਆਂ ਫਸਲਾਂ ਤੇ ਨਹੀਂ। ਇਹਨਾਂ ਨਿਰਯਾਤੀ ਤੇ ਕੈਸ਼ ਕਰਾਪਸ ਦੀ ਪੈਦਾਵਾਰ ਅਮੀਰ ਮੁਲਕਾਂ ਨੂੰ ਨਿਰਯਾਤ ਹੋ ਜਾਂਦੀ ਹੈ। ਇਹ ਵੀ ਸੱਚ ਹੈ ਕਿ 'ਹਰੇ ਇਨਕਲਾਬ' ਸਮੇਂ ਇਹਨਾਂ ਦਵਾਈਆਂ ਦੀ ਵਰਤੋਂ ਅਨਾਜ ਦੀਆਂ ਫਸਲਾਂ ਦੀ ਪੈਦਾਵਾਰ ਵਧਾਉਣ ਤੇ ਵੀ ਕੀਤੀ ਗਈ ਹੈ। ਪਰ ਕੀ ਵੱਧ ਪੈਦਾਵਾਰ ਨਾਲ ਗਰੀਬ ਮੁਲਕਾਂ ਦੇ ਦੇਸ਼ਾਂ ਵਿਚ ਭੁੱਖ ਦੂਰ ਹੋਈ? ਜੇ ਮੈਕਸੀਕੋ, ਫਿਲਪੀਨ

**"ਗਰੀਬ ਮੁਲਕ ਦੇ ਲੋਕਾਂ ਦੀ ਸਿਹਤ ਅਤੇ ਜਾਨ ਨਾਲ ਅਜਿਹਾ ਜੋ ਕੁੱਝ ਹੁੰਦਾ ਹੈ ਉਹ ਇਕੱਲਾ ਵੱਡੀਆਂ ਕਾਰਪੋਰੇਸ਼ਨਾਂ ਦੀ ਜ਼ਿੰਮੇਵਾਰੀ ਹੀ ਨਹੀਂ ਹੈ ਸਗੋਂ ਇਸ ਲਈ ਅਮੀਰ ਮੁਲਕਾਂ ਦੀਆਂ ਸਰਕਾਰਾਂ ਅਤੇ ਅਮੀਰ ਮੁਲਕਾਂ ਵਲੋਂ ਅੰਤਰਰਾਸ਼ਟਰੀ ਪੱਧਰ ਦੀਆਂ ਬਣਾਈਆਂ ਸੰਸਥਾਵਾਂ ਜਿਵੇਂ ਆਈ. ਐਮ. ਐਫ , ਵਰਲਡ ਬੈਂਕ, ਫੂਡ ਐਂਡ ਐਗਰੀਕਲਚਰਲ ਆਰਗੇਨਾਈਜੇਸ਼ਨ, ਅਤੇ ਆਰਥਿਕ ਮਦਦ ਦੇਣ ਵਾਲੀਆਂ ਸੰਸਥਾਵਾਂ ਵੀ ਜ਼ਿੰਮੇਵਾਰ ਹਨ।"**

ਅਤੇ ਹਿੰਦੁਸਤਾਨ ਵਰਗੇ ਮੁਲਕਾਂ ਤੇ ਨਿਗ੍ਹਾ ਮਾਰੀ ਜਾਵੇ ਤਾਂ ਇਹ ਗੱਲ ਸਾਫ ਦਿਸਦੀ ਹੈ ਕਿ ਹਰੇ ਇਨਕਲਾਬ ਦੀ 'ਕਾਮਯਾਬੀ' ਤੋਂ ਬਾਅਦ ਵੀ ਇਹਨਾਂ ਮੁਲਕਾਂ ਵਿਚ ਭੁੱਖੇ ਰਹਿਣ ਵਾਲੇ ਲੋਕਾਂ ਦੀ ਗਿਣਤੀ ਵਧੀ ਹੈ। ਜਿਵੇਂ ਇੰਟਰਨੈਸ਼ਨਲ ਲੇਬਰ ਆਰਗੇਨਾਈਜੇਸ਼ਨ (ਆਈ.ਐਲ.ਓ.) ਵਲੋਂ ਹਿੰਦੁਸਤਾਨ ਬਾਰੇ ਕੀਤੀ ਇਕ ਖੋਜ ਮੁਤਾਬਕ ਸੱਠਵਿਆਂ ਵਿਚ ਹਿੰਦੁਸਤਾਨ ਦੇ ਸੂਬੇ ਪੰਜਾਬ ਵਿਚ ਕਣਕ ਦੀ ਪੈਦਾਵਾਰ ਵਿਚ ਅਥਾਹ ਵਾਧਾ ਹੋਇਆ। ਪਰ ਇਸ ਹੀ ਸਮੇਂ ਦੌਰਾਨ ਹਿੰਦੁਸਤਾਨ ਦੇ ਪੇਂਡੂ ਇਲਾਕਿਆਂ ਵਿਚ ਗਰੀਬੀ ਦੀ ਪੱਧਰ ਤੋਂ ਹੇਠਾਂ ਰਹਿ ਰਹੇ (ਭੁੱਖ ਦਾ ਸ਼ਿਕਾਰ) ਲੋਕਾਂ ਦੀ ਗਿਣਤੀ 18 ਪ੍ਰਤੀਸ਼ਤ ਤੋਂ ਵੱਧ ਕੇ 23 ਪ੍ਰਤੀਸ਼ਤ ਹੋ ਗਈ।

ਉਪਰਲੀ ਗੱਲਬਾਤ ਸਪਸ਼ਟ ਰੂਪ ਵਿਚ ਦਸਦੀ ਹੈ ਕਿ ਅਮੀਰ ਮੁਲਕਾਂ ਦੀਆਂ ਵੱਡੀਆਂ ਕਾਰਪੋਰੇਸ਼ਨਾਂ ਵਲੋਂ ਮੁਨਾਫਾ ਕਮਾਉਣ ਲਈ ਅਜਿਹੇ ਢੰਗ ਵਰਤਣੋ ਵੀ ਸੰਕੋਚ ਨਹੀਂ ਕੀਤਾ ਜਾਂਦਾ ਜਿਹਨਾਂ ਨਾਲ ਗਰੀਬ ਮੁਲਕਾਂ ਦੇ ਲੋਕਾਂ ਦੀ ਸਿਹਤ, ਜਾਨ ਅਤੇ ਗਰੀਬ ਮੁਲਕਾਂ ਦੇ ਵਾਤਾਵਰਣ ਤੇ ਬੜੇ ਗੰਭੀਰ ਅਤੇ ਖ਼ਤਰਨਾਕ ਅਸਰ ਪੈਂਦੇ ਹਨ। ਗਰੀਬ ਮੁਲਕਾਂ ਦੇ ਲੋਕਾਂ ਦੀ ਸਿਹਤ ਅਤੇ ਜ਼ਿੰਦਗੀ ਨਾਲ ਖਿਲਵਾੜ ਕਰਨ ਵਿਚ ਇਹਨਾਂ ਵੱਡੀਆਂ ਕਾਰਪੋਰੇਸ਼ਨਾਂ ਨੂੰ ਅਮੀਰ ਮੁਲਕਾਂ ਦੀਆਂ ਸਰਕਾਰਾਂ ਵਲੋਂ ਵੀ ਪੂਰੀ ਸਹਾਇਤਾ ਦਿੱਤੀ ਜਾਂਦੀ ਹੈ। ▭■▭

ਜਾਣਕਾਰੀ ਦੇ ਸੋਮੇ


Centre for Investigative Reporting & Bill Moyers. Global Dumping Ground. Washington: Seven Lock Press, 1990.

Heller, Tom. Poor Health Rich Profits: Multinational Drug Companies and the Third World. Nottingham: Spokesman Books, 1977.

Ives, Jane H., ed. The Export of Hazard: Transnational Corporations and Environmental Control I ssues. Boston: Routledge & Kegan Paul, 1985.

Norris, Ruth,ed. Pills, Pesticides & Profits. New York: North River Press, 1982.

Weir, David and Mark Schapiro. Circle of Poison. Sanfracisco: Institute For Food and Development Policy, 1981.


(ਸਫਾ 28 ਦੀ ਬਾਕੀ:)

ਗੁੰਮ ਹੋ ਗਈ ਸੀ ਅਤੇ ਕਾਰ ਦੀਆਂ ਲਕੀਰਾਂ ਵੀ ਬਰਫ਼ ਦੇ ਤੂਫਾਨ ਹੇਠ ਦੱਬੀਆਂ ਜਾ ਰਹੀਆਂ ਜਾਪੀਆਂ। ਵਾਤਾਵਰਨ ਦੀ ਡਿਆਨਕਤਾ ਅਜੇ ਵੀ ਉਵੇਂ ਸੀ। ਮਨਦੀਪ ਨੂੰ ਜਾਪਿਆ ਜਿਵੇਂ ਕਾਰ ਅਤੇ ਕੱਚੇ ਘੜੇ ਦਾ ਅੰਤਰ ਮਿੱਟ ਗਿਆ ਹੋਵੇ। ਉਹ ਸੋਚਦਾ ਰਿਹਾ, ਵਕਤ ਬਦਲ ਗਿਆ ਪਰ ਔਰਤ ਦੇ ਖਤਰਾ ਮੁੱਲ ਲੈਣ ਵਾਲੀ ਗੱਲ ਅੱਜ ਵੀ ਉਵੇਂ ਹੈ। ਉਸ ਪਲ ਉਸ ਦੀਆਂ ਅੱਖਾਂ ਸਾਹਮਣੇ ਕਹਿਰ ਦੇ ਝਾਂਜੇ ਵਿੱਚ ਡਿੱਗ ਰਹੀ ਬਰਫ਼ ਅਤੇ ਸੜਕਾਂ ਤੇ ਤਿਲਕਦੀਆਂ ਕਾਰਾਂ ਕੱਚੇ ਘੜੇ ਨਾਲੋਂ ਵੀ ਜਿਆਦਾ ਖਤਰਨਾਕ ਜਾਪੀਆਂ। ਉਸੇ ਵੇਲੇ ਉਸ ਨੂੰ ਜਾਪਿਆ ਜਿਵੇਂ ਸੋਭਾ ਸਿੰਘ ਵਾਲੀ ਸੋਹਣੀ ਦਾ ਚਿੱਤਰ ਪਿੰਦਰ ਦੇ ਚਿਹਰੇ ਵਿੱਚ ਤਬਦੀਲ ਹੁੰਦਾ ਜਾ ਰਿਹਾ ਹੋਵੇ ਅਤੇ ਉਸਦਾ ਆਪਣਾ ਚਿਹਰਾ ਮਹੀਵਾਲ ਦੇ ਚਿਹਰੇ ਵਿੱਚ ਬਦਲ ਗਿਆ ਹੋਵੇ। ਉਸ ਦਾ ਸਾਰਾ ਜਿਸਮ ਨਸ਼ਿਆ ਗਿਆ। ਉਸ ਨੂੰ ਆਪਣੀ ਪਿੰਦਰ ਸੋਹਣੀ ਤੋਂ ਵੀ ਸੋਹਣੀ ਜਾਪੀ। ਉਸ ਨੇ ਉਸੇ ਵਕਤ ਭੱਠ ਰੰਨਾਂ ਦੀ ਦੋਸਤੀ ਵਾਲੀ ਟੇਪ ਵਗਾਹ ਕੇ ਗਾਰਬੇਜ ਵਿੱਚ ਮਾਰੀ ਅਤੇ ਮੁਸਕਰਾਉਂਦਾ ਹੋਇਆ ਅੰਦਰ ਨੂੰ ਤੁਰ ਗਿਆ।

(ਬਰੈਮਪਟਨ, ਓਨਟੇਰਿਓ )

ਕਹਾਣੀ

# 'ਸੋਹਣੀ'

## ਮੇਜਰ ਮਾਂਗਟ

ਜਿਉਂ ਹੀ ਘੜੀ ਦੀਆਂ ਸੂਈਆਂ ਨੇ ਬਾਰਾਂ ਬਜਾਏ, ਲੰਚ ਬਰੇਕ ਦੀ ਘੰਟੀ ਖੜਕ ਗਈ। ਫਟਾ ਫੱਟ ਪੈਕਿੰਗ ਕਰਦੇ ਉਸਦੇ ਹੱਥ ਰੁਕ ਗਏ। ਸਾਹਮਣੇ ਵਾਲੀ ਖਿੜਕੀ ਵਿੱਚੋਂ ਉਸਦੀ ਨਜ਼ਰ ਬਾਹਰ ਗਈ 'ਸਨੋਅ ਸਟੋਰਮ' ਪੂਰੇ ਜ਼ੋਰ ਤੇ ਸੀ, ਸੜਕ ਦੇ ਦੋਵੇਂ ਪਾਸੇ ਲੱਕ ਲੱਕ ਉੱਚੇ ਬਰਫ਼ ਦੇ ਢੇਰ ਲੱਗ ਗਏ ਸਨ। ਬਿਲਡਿੰਗਾਂ ਦੀਆਂ ਛੱਤਾਂ ਅਤੇ ਪਾਰਕ ਕੀਤੀਆਂ ਕਾਰਾਂ ਦੀਆਂ ਛੱਤਾਂ ਉੱਪਰ ਬਰਫ਼ ਦੀ ਚਿੱਟੀ ਚਾਦਰ ਤਣ ਗਈ ਸੀ। ਉਸ ਦੇ ਮਨ ਵਿੱਚ ਆਇਆ ਏਹੋ ਜਿਹੇ ਭੈੜੇ ਮੌਸਮ ਵਿੱਚ ਪਿੰਦਰ ਕਿਵੇਂ ਆ ਸਕੇਗੀ। ਬਹੁਤ ਮਾੜਾ ਵੈਦਰ ਹੈ, ਜੇ ਅੱਜ ਨਾ ਹੀ ਆਏ ਤਾਂ ਠੀਕ ਹੈ। ਫੇਰ ਉਸ ਨੇ ਸੋਚਿਆ ਕਿ ਕਿੰਨਾ ਚੰਗਾ ਹੁੰਦਾ ਜੇ ਉਹ ਪਹਿਲਾਂ ਹੀ ਘਰ ਨੂੰ ਫੋਨ ਕਰਕੇ ਪਿੰਦਰ ਨੂੰ ਆਉਣੋਂ ਮਨਾ ਕਰ ਦਿੰਦਾ ਤੇ ਕਹਿ ਦਿੰਦਾ ਸੜਕਾਂ ਤੇ ਸਨੋਅ ਕਰਕੇ ਬਹੁਤ ਸਲਿੱਪਰੀ ਹੈ ਉਹ ਨਾ ਆਵੇ। ਪਰ ਮਨਦੀਪ ਪਿੰਦਰ ਦੇ ਹਠ ਤੋਂ ਚੰਗੀ ਤਰਾਂ ਵਾਕਿਫ਼ ਸੀ ਕਿ ਜੇ ਉਸਨੇ ਆਪਣੇ ਜਾਂ ਆਉਣ ਬਾਰੇ ਫੋਨ ਕਰਕੇ ਨਹੀਂ ਦੱਸਿਆ ਤਾਂ ਜ਼ਰੂਰ ਆਵੇਗੀ, ਭਾਂਵੇ ਵੈਦਰ ਇਸ ਤੋਂ ਵੀ ਭੈੜਾ ਕਿਉਂ ਨਾ ਹੋ ਜਾਵੇ। ਉਸ ਦੇ ਪੈਰ ਆਪ ਮੁਹਾਰੇ ਹੀ ਸਾਹਮਣੇ ਵਾਲੀ ਖਿੜਕੀ ਵਲ ਹੋ ਤੁਰੇ। ਖਿੜਕੀ ਰਾਹੀਂ ਉਹ ਪਾਰਕ ਕੀਤੀਆਂ ਕਾਰਾਂ ਨੂੰ ਗਹੁ ਨਾਲ ਤੱਕਣ ਲੱਗਿਆ, ਸ਼ਾਇਦ ਪਿੰਦਰ ਦੀ ਵੀ ਕਿਤੇ ਸਟਾਰਟ ਕੀਤੀ ਕਾਰ ਖੜੀ ਹੋਵੇ, ਪਰ ਬਰਫ਼ ਦੀ ਹਨੇਰੀ ਨੇ ਕੁੱਝ ਵੀ ਦਿਖਾਈ ਨਹੀਂ ਸੀ ਦੇਣ ਦਿੱਤਾ। ਕਹਿਰ ਦਾ ਝਾਂਜਾ ਵਗ ਰਿਹਾ ਸੀ, ਬਰਫ਼ ਰੂੰ ਦੇ ਫੰਬਿਆਂ ਵਾਂਗੂੰ ਪੂਰੀ ਤੇਜ਼ੀ ਨਾਲ ਉੱਡ ਰਹੀ ਸੀ। ਉਸਦੇ ਕੋਲੋਂ ਲੰਘਦੇ ਗੋਰੇ ਸੁਪਰਵਾਜ਼ੀਰ ਪੀਟਰ ਨੇ ਉਸ ਨੂੰ 'ਲੰਚ ਬਰੇਕ' ਕਹਿ ਕੇ ਸਮੇਂ ਦਾ ਅਹਿਸਾਸ ਕਰਵਾਇਆ। ਫੇਰ ਉਸਦੇ ਕਦਮ ਲੰਚ ਰੂਮ ਵਲ ਮੁੜੇ। ਲੰਚ ਰੂਮ ਵਿੱਚ ਜਾਕੇ ਦੇਖਿਆ ਸਾਰੇ ਆਪੋ ਆਪਣਾ ਖਾਣਾ ਤਿਆਰ ਕਰਨ ਵਿੱਚ ਲੱਗੇ ਹੋਏ ਸੀ। ਤਰ੍ਹਾਂ ਤਰ੍ਹਾਂ ਦੇ ਖਾਣਿਆਂ ਵਿੱਚੋਂ ਉੱਠ ਰਹੀ ਮਹਿਕ ਨੇ ਉਸ ਦੀ ਭੁੱਖ ਨੂੰ ਹੋਰ ਵੀ ਚਮਕਾ ਦਿੱਤਾ। ਇੱਕ ਪਲ ਲਈ ਉਸ ਨੇ ਸੋਚਿਆ ਜੇ ਭਲਾ ਪਿੰਦਰ ਅੱਜ ਨਾ ਆਈ, ਉਸ ਦਾ ਤਾਂ ਭੁੱਖ ਨਾਲ ਬੁਰਾ ਹਾਲ ਹੋ ਜਾਵੇਗਾ। ਉਹ ਤਾਂ ਸਵੇਰੇ ਘਰੋਂ ਵੀ ਕੁੱਝ ਨਹੀਂ ਸੀ ਖਾ ਕੇ ਆਇਆ, ਪਿੰਦਰ ਨੇ ਬਥੇਰਾ ਜ਼ੋਰ ਲਾਇਆ ਸੀ ਕਿ ਦੋ ਪ੍ਰਾਉਂਠੇ ਬਣਾ ਦਿੰਦੀ ਹਾਂ। ਕੋਲ ਵੀ ਖਾਣ ਲਈ ਕੁੱਝ ਨਹੀਂ ਸੀ। ਇਹੋ ਜਿਹੇ ਭੈੜੇ ਮੌਸਮ ਵਿੱਚ ਤਾਂ 'ਕੌਫ਼ੀ ਟਰੱਕ' ਆਉਣ ਦੀ ਵੀ ਕੋਈ ਸੰਭਾਵਨਾ ਨਹੀਂ ਸੀ ਜਿਸ ਤੋਂ ਖਰੀਦ ਕੇ ਹੀ ਉਹ ਕੁੱਝ ਖਾ ਲੈਂਦਾ। ਜਦੋਂ ਸਵੇਰੇ ਉਸ ਨੇ ਘਰੋਂ ਤੁਰਨ ਵੇਲੇ ਟੀ. ਵੀ. ਤੇ ਵੈਦਰ ਦੇਖਿਆ ਸੀ ਤਾਂ ਸਿਰਫ਼ ਸਨੋਅ ਲਿਖਿਆ ਹੋਇਆ ਸੀ, ਉਸ ਨੇ ਸੋਚਿਆ ਕਿ ਚਲੋ ਥੋੜੀ ਬਹੁਤੀ ਤਾਂ ਰੋਜ਼ ਹੀ ਪੈਂਦੀ ਰਹਿੰਦੀ ਹੈ। ਪਰ ਇਹ ਥੋੜੋ ਪਤਾ ਸੀ ਕਿ ਸਨੋਅ ਤੋਂ ਸਨੋਅ ਸਟੋਰਮ ਬਣ ਜਾਊ। ਅੱਜ ਤਾਂ ਜਿਵੇਂ ਵੈਦਰ ਨੇ ਵਿੰਟਰ ਦੇ ਸਾਰੇ ਰਿਕਾਰਡ ਹੀ ਮਾਤ ਪਾ ਦਿੱਤੇ ਸਨ 'ਜੇ ਇਨਾਂ ਪਤਾ ਹੁੰਦਾ ਉਹ ਜ਼ਰੂਰ ਸਵੇਰੇ ਲੰਚ ਕਿੱਟ ਘਰੋਂ ਲੈ ਕੇ ਹੀ ਤੁਰਦਾ ਅਤੇ ਪਿੰਦਰ ਨੂੰ ਲੰਚ ਲੈ ਕੇ ਆਉਣ ਲਈ ਰੋਕ ਆਉਂਦਾ। ਪਿੰਦਰ ਜੋ ਸਵੇਰੇ ਉਸ ਨੂੰ ਕੰਮ ਤੇ ਛੱਡ ਕੇ ਕਾਰ ਵਾਪਸ ਲੈ ਗਈ ਸੀ ਕਿਸੇ ਵਕਤ ਵੀ ਆ ਸਕਦੀ ਸੀ। ਇਹ ਸੋਚ ਕੇ ਉਸ ਨੇ ਕਲੋਜ਼ਟ ਖੋਹਲੀ ਅਤੇ ਆਪਣਾ ਕੋਟ ਪਾਉਣ ਲੱਗਿਆ। ਜਦੋਂ ਉਹ ਕੋਟ ਪਾਕੇ, ਟੋਪੀ ਲੈ ਕੇ ਦਸਤਾਨੇ ਪਾ ਰਿਹਾ ਸੀ ਤਾਂ ਸਾਹਮਣੇ ਟੇਬਲ ਤੇ ਖਾਣਾ ਖਾ ਰਹੀ ਇਟਾਲੀਅਨ ਕੁੜੀ। ਉਸ ਵਲ ਦੇਖ ਕੇ ਮੁਸਕਰਾਉਂਦੀ ਹੋਈ ਬੋਲੀ ਸੀ 'ਅੱਜ ਵੀ ਤੇਰੀ ਵਾਈਫ਼ ਤੈਨੂੰ ਲੰਚ ਕਰਵਾਉਣ ਆਊ, ਏਹੋ ਜਿਹੇ ਮਾੜੇ ਵੈਦਰ ਵਿੱਚ ਵੀ'? ਤੇ ਮਨਦੀਪ ਨੇ ਮੁਸਕਰਾ ਕੇ 'ਹਾਂ' ਕਿਹਾ ਸੀ ਅਤੇ ਉਸ ਕੁੜੀ ਦੀ ਹੈਰਾਨੀ ਦੀ ਕੋਈ ਹੱਦ ਨਹੀਂ ਸੀ ਰਹੀ ਅਤੇ ਉਹ ਐਨਾ ਹੀ ਕਹਿ ਸਕੀ ਤੂੰ ਬਹੁਤ ਖੁਸ਼ਕਿਸਮਤ ਇਨਸਾਨ ਹੈਂ ਜਿਸ ਨੂੰ ਐਨਾ ਪਿਆਰ ਕਰਨ ਵਾਲੀ ਪਤਨੀ ਮਿਲੀ ਹੈ।' ਜਦੋਂ ਉਹ ਲੰਚ ਰੂਮ ਵਿੱਚੋਂ ਨਿੱਕਲਿਆ ਤਾਂ ਹਰ ਕਿਸੇ ਨੇ ਉਸ ਨੂੰ ਰੋਕਿਆ ਸੀ ਕਿ ਬਾਹਰ ਨਾ ਜਾਹ ਬਾਹਰ ਤੂਫ਼ਾਨ ਵੱਗ ਰਿਹਾ ਹੈ। ਪਰ ਉਸਦਾ ਦਿਲ ਕਹਿੰਦਾ ਸੀ ਕਿ ਪਿੰਦਰ ਬਾਹਰ ਖੜੀ ਉਸਦੀ ਉਡੀਕ ਕਰ ਰਹੀ ਹੋਵੇਗੀ। ਬਾਹਰਲੇ ਮੌਸਮ ਬਾਰੇ ਸੋਚ ਕੇ ਉਸ ਨੂੰ ਬੀ. ਏ. ਕਰਨ ਵੇਲੇ ਪੜ੍ਹੀ 'ਫਜ਼ਲ ਸ਼ਾਹ ਦੀ ਸੋਹਣੀ' ਵਾਲਾ ਕਿੱਸਾ ਯਾਦ ਆ ਰਿਹਾ ਸੀ। ਆਪਣੀਆਂ ਉਨਾਂ ਸਤਰਾਂ ਵਿੱਚ ਉਸ ਨੇ ਜਿਸ ਤਰ੍ਹਾਂ ਦਾ ਵਾਤਾਵਰਨ ਸਿਰਜਿਆ ਸੀ ਬਾਹਰ ਉਸ ਤੋਂ ਵੀ ਭੈੜਾ ਵਾਤਾਵਰਨ ਸੀ। ਕਿਵੇਂ ਸੋਹਣੀ ਵੀ ਉਦੋਂ ਪਿਆਰ ਦੀ ਡੋਰ ਨਾਲ ਬੰਨੀ ਬੱਦਲਾਂ ਦੀ ਗੜਗੜਾਹਟ ਅਤੇ ਝੁੱਲਦੇ ਝੱਖੜ ਵਿੱਚ ਕੱਚਾ ਘੜਾ ਲੈਕੇ ਘਰੋਂ ਨਿੱਕਲ ਤੁਰੀ ਸੀ। ਫਜ਼ਲ ਸ਼ਾਹ ਦੀਆਂ ਉਹੀ ਕਾਵਿ ਸਤਰਾਂ ਗੁਣਗੁਣਾਉਂਦਾ ਉਹ ਬਾਹਰ ਆ ਗਿਆ। ਗੇਟ ਤੇ ਆਕੇ ਟਾਈਮ ਕਾਰਡ ਪੰਚ ਕੀਤਾ। ਉਦੋਂ ਵੀ ਪਿਛੋਂ ਕਿਸੇ ਨੇ ਕਿਹਾ 'ਮਨਦੀਪ ਬਾਹਰ ਨਾ ਜਾਹ, ਬਾਹਰ ਸਨੋਅ ਸਟੋਰਮ ਹੈ ਅਤੇ ਤਾਪਮਾਨ -20 ਤੋਂ ਵੀ ਥੱਲੇ ਹੈ।' ਪਰ ਮੈਂ ਜਾਣਦਾ ਹਾਂ ਕਹਿ ਕੇ ਉਹ ਬਾਹਰ ਨਿੱਕਲ ਪਿਆ। ਨਿੱਕਲਦੀ ਸਾਰ ਹੀ ਉਸ ਦੇ ਮੂੰਹ ਤੇ ਬਰਫ਼ ਦੀ ਬੁਛਾੜ ਪਈ, ਉਸ ਨੂੰ ਜਾਪਿਆ ਜਿਵੇਂ ਉਸਦਾ ਸਾਹ ਜੰਮਦਾ ਜਾ ਰਿਹਾ ਹੋਵੇ। ਨੱਕ ਦੀ ਕਰੂੰਬਲ ਅਤੇ ਹੱਥਾਂ ਦੇ ਪੋਟੇ ਸੁੰਨ ਹੋ ਗਏ। ਨਜ਼ਰ ਘੁਮਾ ਕੇ ਵੇਖਿਆ ਖੱਬੇ ਪਾਸੇ ਤੋਂ ਜਗਦੀਆਂ ਲਾਈਟਾਂ ਵਾਲੀ ਕਾਰ ਅੱਗੇ ਵੱਧ ਰਹੀ ਸੀ ਜੋ ਯਕੀਨਨ ਪਿੰਦਰ ਦੀ ਹੀ ਕਾਰ ਸੀ, ਜੋ ਕੁੱਝ ਹੀ ਪਲਾਂ ਵਿੱਚ ਉਸਦੇ ਬਰਾਬਰ ਆ ਕੇ ਰੁਕੀ। ਪਿੰਦਰ ਦਾ ਦ੍ਰਿੜ ਇਰਾਦਾ ਦੇਖ ਕੇ ਮਨਦੀਪ ਦਾ ਮਨ ਪਿਘਲ ਗਿਆ ਸੀ। ਉਸਦੇ ਮੂੰਹੋਂ ਮੱਲੋ ਮੱਲੀ ਨਿੱਕਲ ਗਿਆ ਸੀ 'ਬੱਲੇ ਨੀ ਸੋਹਣੀ ਦੀਏ ਭੈਣੇ ਤੂੰ ਤਾਂ ਸੋਹਣੀ ਤੋਂ ਵੀ ਟੱਪ ਗਈ। ਇਹੋ ਜਿਹੇ ਭੈੜੇ ਮੌਸਮ ਵਿੱਚ ਤਾਂ ਲੋਕ ਬਿਸਤਰੇ 'ਚੋਂ ਨਹੀਂ ਨਿੱਕਲਦੇ ਅਤੇ ਤੂੰ ਆਪਣੇ ਕੰਮ ਕਰਦੇ ਮਾਹੀ ਨੂੰ ਰੋਟੀ ਖੁਆਉਣ ਆਈਂ ਏਂ। ਤੂੰ ਤਾਂ ਕਮਾਲ ਹੀ ਕਰ ਦਿੱਤੀ।' ਕਾਰ ਦੀ ਖਿੜਕੀ ਖੋਹਲਦੀ ਸਾਰ ਹੀ ਪਿੰਦਰ ਮੁਸਕਰਾਈ ਅਤੇ ਬੋਲੀ 'ਤੁਹਾਨੂੰ ਐਨੀ ਵਾਰ ਕਿਹਾ ਹੈ ਕਿ ਐਨੀ ਠੰਢ ਵਿੱਚ ਬਾਹਰ ਨਾ ਨਿੱਕਲਿਆ ਕਰੋ, ਮੈਂ ਆ ਹੀ ਜਾਣਾ ਸੀ ਜਦੋਂ ਕਾਰ ਗੇਟ ਤੇ ਆ ਲੱਗਦੀ ਉਦੋਂ ਨਿੱਕਲ ਆਉਂਦੇ।' ਕਾਰ ਵਿੱਚ ਵੜਨ ਸਾਰ ਹੀ ਮਨਦੀਪ ਨੇ ਉਸ ਨੂੰ ਆਪਣੇ ਕਲਾਵੇ ਵਿੱਚ ਘੁੱਟ ਲਿਆ ਅਤੇ ਕਿਹਾ 'ਪਿੰਦਰ ਤੂੰ ਐਨਾ ਰਿਸਕ ਕਿਉਂ ਲਿਆ? ਰੋਟੀ ਦਾ ਕੀ ਸੀ? ਅੱਜ ਨਾ ਆਉਂਦੀ ਤੂੰ ਫੋਨ ਕਰ ਦੇਣਾ ਸੀ? ਅੱਗੋਂ ਫੇਰ ਪਿੰਦਰ ਨੇ ਮੁਸਕਰਾਉਂਦੇ ਹੋਏ ਜਵਾਬ ਦਿੱਤਾ ਸੀ, 'ਲੈ ਐਵੇਂ ਕਰ ਦਿੰਦੀ ਫੋਨ, ਤੁਸੀਂ ਸਵੇਰ ਦੇ ਭੁੱਖੇ ਸੀ, ਕੋਲ ਵੀ ਖਾਣ ਲਈ ਕੁੱਝ ਨਹੀਂ ਸੀ, ਮੈਂ ਆਉਂਦੀ ਕਿਵੇਂ ਨਾ!' ਇਹ ਗੱਲ ਸੁਣ ਕੇ ਮਨਦੀਪ ਦੀਆਂ ਅੱਖਾਂ ਭਰ ਆਈਆਂ। ਕਈ ਵਾਰੀ ਬੰਦੇ ਤੋਂ ਜ਼ਿਆਦਾ ਖੁਸ਼ੀ ਅਤੇ ਪਿਆਰ ਵੀ ਸੰਭਾਲੇ ਨਹੀਂ ਜਾਂਦੇ। ਪਿੰਦਰ ਨੇ ਪਿਆਰ ਨਾਲ ਮਨਦੀਪ ਦੇ ਸਿਰ ਦੇ ਵਾਲਾਂ ਤੇ ਹੱਥ ਫੇਰ ਕੇ ਬਰਫ਼ ਦੇ ਫੰਬੇ ਜਿਹੇ ਝਾੜੇ ਅਤੇ 'ਮੇਰਾ ਸੋਹਣਾ ਜਿਹਾ ਰਾਜਾ' ਕਹਿੰਦੀ ਹੋਈ ਨੇ ਸਿਰ ਉਸਦੇ ਸੀਨੇ ਨਾਲ ਲਾ ਲਿਆ। ਉਹ ਆਮ ਤੌਰ ਤੇ ਮਨਦੀਪ ਨੂੰ ਪਿਆਰ ਕਰਨ ਵੇਲੇ ਰਾਜਾ ਹੀ ਕਿਹਾ ਕਰਦੀ ਸੀ। ਫੇਰ ਉਸਨੇ ਘਰੋਂ ਲਿਆਂਦੀ ਰੋਟੀ ਵਾਲਾ ਬੋਕਸ ਖੋਹਲਿਆ, ਮੋਠਾਂ ਦੀ ਤੜਕੀ ਹੋਈ ਦਾਲ ਅਤੇ ਆਲੂ ਗੋਭੀ ਦੀ ਸਬਜ਼ੀ ਦੀ ਖੁਸ਼ਬੂ ਸਾਰੀ ਕਾਰ ਵਿਚ ਫੈਲ ਗਈ। ਮਨਦੀਪ ਦੀ ਭੁੱਖ ਹੋਰ ਵੀ ਚਮਕ ਪਈ। ਫੇਰ ਪਾਰਕ ਕੀਤੀ ਹੋਈ ਕਾਰ ਵਿੱਚ ਬਹਿ ਕੇ ਹੀ ਉਹ ਰੋਟੀ ਖਾਣ ਲੱਗ ਪਏ। ਰੋਟੀ ਖਾਂਦਾ ਮਨਦੀਪ ਅਜੇ ਵੀ ਸੋਚੀ ਜਾ ਰਿਹਾ ਸੀ ਕਿ ਪਿੰਦਰ ਕਿੰਨੀ ਚੰਗੀ ਹੈ, ਇਸ ਨਾਲੋਂ ਚੰਗੀ ਜੀਵਨ ਸਾਥਣ ਸ਼ਾਇਦ ਹੀ ਕੋਈ ਹੋਰ ਉਸ ਨੂੰ ਮਿਲ ਸਕਦੀ।

ਅਜੇ ਦੋ ਵਰ੍ਹੇ ਪਹਿਲਾਂ ਹੀ ਉਹ ਪਿੰਦਰ ਨਾਲ ਵਿਆਹ ਕਰਵਾ ਕੇ ਕਨੇਡਾ ਆਇਆ ਸੀ। ਉਦੋਂ ਪਿੰਦਰ ਆਪਣੇ ਮਾਂ ਬਾਪ ਨਾਲ ਰਿਹਾ ਕਰਦੀ ਸੀ। ਵਿਆਹ ਤੋਂ ਕੁੱਝ ਦੇਰ ਬਾਅਦ ਹੀ ਉਹ ਇੱਕ ਅਪਾਰਟਮੈਂਟ ਲੈ ਕੇ ਵੱਖਰੇ ਰਹਿਣ ਲਗ ਪਏ ਸੀ। ਇਨਾਂ ਦੋ ਸਾਲਾਂ ਵਿੱਚ ਹੀ ਉਨਾਂ ਦਾ ਪਿਆਰ ਐਨਾ ਗੂੜਾ ਹੋ ਗਿਆ ਸੀ ਕਿ ਲੱਗਦਾ ਹੀ ਨਹੀਂ ਸੀ ਕਿ ਕਦੇ ਉਹ ਦੋਨੋਂ ਵੱਖਰੇ ਵੱਖਰੇ ਰਹਿੰਦੇ ਹੋਣਗੇ। ਪਿੰਦਰ ਉਦੋਂ ਪੋਸਿਟ ਆਫਿਸ ਵਿੱਚ ਜੌਬ ਕਰਦੀ ਸੀ ਅਤੇ ਮਨਦੀਪ ਨੂੰ ਇਸੇ ਵੇਅਰ-ਹਾਊਸ ਵਿੱਚ ਕੰਮ ਮਿਲ ਗਿਆ ਸੀ ਜਿਥੇ ਉਹ ਹੁਣ ਵੀ ਕਰਦਾ ਹੈ। ਮਨਦੀਪ ਦਾ ਕੰਮ ਵੀ ਜ਼ਿਆਦਾ ਕਠਿਨ ਨਹੀਂ ਸੀ ਉਹ ਕਾਰਾਂ ਦੇ ਬਣੇ ਹੋਏ ਪੁਰਜ਼ਿਆਂ ਨੂੰ ਡੱਬਿਆਂ ਵਿੱਚ ਪੈਕ ਕਰਦਾ। ਮਨਦੀਪ ਨੂੰ ਇਹ ਕੰਮ ਦਵਾਉਣ ਵਿੱਚ ਪਿੰਦਰ ਦਾ ਬਹੁਤ ਹੱਥ ਸੀ। ਜਦੋਂ ਮਨਦੀਪ ਨਵਾਂ ਆਇਆ ਸੀ ਅਤੇ ਕੰਮ ਦੀ ਭਾਲ ਵਿੱਚ ਸੀ ਤਾਂ ਪਿੰਦਰ ਹੀ ਕੰਮ ਤੋਂ ਛੁੱਟੀਆਂ ਲੈ ਕੇ ਉਸ ਨੂੰ

ਕੰਮ ਤੇ ਲਵਾਉਣ ਲਈ ਥਾਂ ਥਾਂ ਲਈ ਫਿਰਦੀ ਸੀ ਕਿਉਂਕਿ ਉਦੋਂ ਨਾ ਤਾਂ ਉਸ ਕੋਲ ਡਰਾਈਵਿੰਗ ਲਾਈਸੰਸ ਸੀ ਅਤੇ ਨਾ ਹੀ ਕੋਈ ਵਾਕਫੀਅਤ। ਉਦੋਂ ਤਾਂ ਉਸ ਨੂੰ ਉਸ ਨੂੰ ਭਾਸ਼ਾ ਦੀ ਵੀ ਸਮਝ ਨਹੀਂ ਸੀ ਪੈਂਦੀ। ਨਾਲੇ ਡਰਾਈਵਿੰਗ ਲਾਈਸੰਸ ਤੋਂ ਬਗੈਰ ਤਾਂ ਇਨ੍ਹਾਂ ਦੇਸ਼ਾਂ ਵਿੱਚ ਬੰਦੇ ਦੀ ਹਾਲਤ ਬਿਨਾਂ ਲੱਤਾਂ ਤੋਂ ਮਨੁੱਖ ਵਰਗੀ ਹੁੰਦੀ ਹੈ। ਉਦੋਂ ਪਿੰਦਰ ਨੇ ਉਸ ਲਈ ਕਿੰਨੀਆਂ ਮੁਸ਼ਕਲਾਂ ਝੱਲੀਆਂ। ਗੋਡੇ ਗੋਡੇ ਬਰਫ਼ ਵਿਚ ਸਨੋਅ ਸ਼ੂ ਪਾਈ, ਕੜਾਕੇ ਦੀ ਸਰਦੀ ਦੀ ਪ੍ਰਵਾਹ ਨਾ ਕਰਦੀ ਹੋਈ ਉਹ ਉਸ ਨੂੰ ਲਈ ਫਿਰਦੀ। ਮਨਦੀਪ ਸੋਚਿਆ ਕਰਦਾ ਸੀ 'ਇਹ ਕੁੜੀ ਕਿੰਨੀ ਮਜ਼ਬੂਤ ਅਤੇ ਉਦਮੀਂ ਹੈ।' ਜਿੰਨੀ ਦੇਰ ਮਨਦੀਪ ਨੂੰ ਕੰਮ ਨਹੀਂ ਸੀ ਮਿਲਿਆ ਉਹ ਦੋ ਦੋ ਸ਼ਿਫਟਾਂ ਕੰਮ ਕਰਕੇ ਘਰ ਦਾ ਗੁਜ਼ਾਰਾ ਤੋਰਦੀ ਰਹੀ। ਕਿੰਨੇ ਔਖੇ ਦਿਨ ਸਨ ਉਹਦੇ ਵਾਸਤੇ ਅੱਧੀ ਰਾਤ ਕੰਮ ਤੋਂ ਆਉਂਦੀ ਤੜਕੇ ਹੀ ਫੇਰ ਨਿੱਕਲ ਜਾਂਦੀ ਪਰ ਮਨਦੀਪ ਨੂੰ ਉਸ ਨੇ ਕਿਸੇ ਗੱਲੋਂ ਵੀ ਤੰਗ ਨਹੀਂ ਸੀ ਰਹਿਣ ਦਿੱਤਾ। ਫੇਰ ਜਦੋਂ ਮਨਦੀਪ ਨੂੰ ਕੰਮ ਮਿਲਿਆ ਤਾਂ ਉਨਾਂ ਦਾ ਹੱਥ ਕੁੱਝ ਖੁੱਲਾ ਹੋ ਗਿਆ। ਹੌਲੀ ਹੌਲੀ ਉਨਾਂ ਨੇ ਆਪਣੇ ਘਰ ਦਾ ਸਮਾਨ ਬਣਾਇਆ। ਵੀਕ ਐਂਡ ਤੇ ਚੰਗੀਆਂ ਚੰਗੀਆਂ ਥਾਵਾਂ ਤੇ ਘੁੰਮਣ ਜਾਣ ਲੱਗੇ। ਮਨ ਪਸੰਦ ਦਾ ਖਾਣ ਪਹਿਨਣ ਲੱਗੇ। ਉਨ੍ਹਾਂ ਦਾ ਛੋਟਾ ਜਿਹਾ ਘਰ ਜਿਵੇਂ ਚਹਿਕ ਪਿਆ ਸੀ। ਉਹ ਇਕੱਠੇ ਬਹਿ ਕੇ ਕਦੇ ਟੀ. ਵੀ. ਦੇਖਦੇ, ਸੰਗੀਤ ਸੁਣਦੇ, ਅਖਬਾਰਾਂ ਪੜ੍ਹਦੇ, ਫੋਟੋਆਂ ਖਿੱਚਦੇ, ਹਸਦੇ ਟੱਪਦੇ, ਲੜੇ ਤਾਂ ਉਹ ਕਦੇ ਹੈ ਹੀ ਨਹੀਂ ਸੀ, ਜਿਵੇਂ ਜ਼ਿੰਦਗੀ ਸਵਰਗ ਹੋਵੇ। ਦੋਹਾਂ ਦੀ ਜੋੜੀ ਸਿਰੇ ਦੀ ਜੋੜੀ ਸੀ। ਦੋਵੇਂ ਇੱਕ ਦੂਜੇ ਦਾ ਪੂਰਾ ਪੂਰਾ ਖਿਆਲ ਰੱਖਦੇ ਸਨ।

ਹੁਣ ਤੋਂ ਚਾਰ ਕੁ ਮਹੀਨੇ ਪਹਿਲਾਂ ਅਚਾਨਕ ਹੀ ਪਿੰਦਰ ਨੂੰ ਕੰਮ ਤੋਂ ਜਵਾਬ ਮਿਲ ਗਿਆ ਸੀ। ਬੱਚਾ ਉਨਾਂ ਦੇ ਅਜੇ ਕੋਈ ਹੈ ਨਹੀਂ ਸੀ। ਇਸ ਕਰਕੇ ਘਰ ਦਾ ਖਰਚ ਚੱਲੀ ਹੀ ਜਾਂਦਾ ਸੀ। ਜਦੋਂ ਅਨੇਕਾਂ ਯਤਨ ਕਰਨ ਤੇ ਵੀ ਪਿੰਦਰ ਨੂੰ ਜੋਬ ਨਾ ਮਿਲੀ, ਤਾਂ ਉਸ ਨੂੰ ਬੇਰੁਜ਼ਗਾਰੀ ਭੱਤੇ ਤੇ ਹੀ ਘਰ ਬੈਠਣਾ ਪਿਆ ਸੀ। ਘਰ ਬੈਠਣਾ ਪਿੰਦਰ ਲਈ ਬਹੁਤ ਔਖਾ ਸੀ ਪਰ ਮਨਦੀਪ ਉਸ ਨੂੰ ਕੰਮ ਤੋਂ ਫੋਨ ਕਰਕੇ ਹਾਲ ਚਾਲ ਪੁੱਛਦਾ ਰਹਿੰਦਾ। ਫੇਰ ਵਿਹਲ ਨੂੰ ਮੁੱਖ ਰੱਖ ਕੇ ਪਿੰਦਰ ਨੇ ਦਿਨ ਵਿੱਚ ਦੋ ਘੰਟੇ ਦਾ ਕੋਈ ਕੋਰਸ ਲੈ ਲਿਆ ਸੀ। ਉਹ ਮਨਦੀਪ ਨੂੰ ਕੰਮ ਤੇ ਛੱਡ ਆਉਂਦੀ, ਲੈ ਆਉਂਦੀ ਅਤੇ ਕਾਰ ਆਪਣੇ ਕੋਲ ਰੱਖ ਲੈਂਦੀ। ਫੇਰ ਅਚਾਨਕ ਹੀ ਉਸਨੇ ਮਨਦੀਪ ਨੂੰ ਹਰ ਰੋਜ਼ ਲੰਚ ਸਮੇਂ ਘਰੋ ਤੋਂ ਬਣੀ ਤਾਜ਼ੀ ਤਾਜ਼ੀ ਰੋਟੀ ਲਿਜਾਣੀ ਸ਼ੁਰੂ ਕਰ ਦਿੱਤੀ। ਮਨਦੀਪ ਨੇ ਉਸ ਨੂੰ ਬਹੁਤ ਰੋਕਿਆ ਪਰ ਉਹ ਨਾ ਹਟੀ, ਕਹਿੰਦੀ 'ਲੈ ਮੇਰੀ ਪੰਜ ਮਿੰਟ ਦੀ ਤਾਂ ਡਰਾਈਵ ਹੈ, ਨਾਲੇ ਮੇਰਾ ਸਮਾਂ ਲੰਘ ਜਾਂਦਾ ਹੈ।' ਪਿੰਦਰ ਦਾ ਦੁਪਹਿਰੇ ਰੋਟੀ ਲੈ ਕੇ ਜਾਣਾ ਨਿੱਤ ਨੇਮ ਬਣ ਗਿਆ। ਮਨਦੀਪ ਉਸ ਦੇ ਪਿਆਰ ਅੱਗੇ ਝੁਕ ਗਿਆ ਸੀ। ਸਾਰੇ ਵੇਅਰ-ਹਾਊਸ ਵਰਕਰ ਉਸ ਦੇ ਇਸ ਸਿਰੜ ਦੀਆਂ ਤਾਰੀਫ਼ਾਂ ਕਰਦੇ। ਮਨਦੀਪ ਨੂੰ ਕਹਿੰਦੇ ਤੂੰ ਬਹੁਤ ਖੁਸ਼ਕਿਸਮਤ ਹੈਂ ਜਿਸ ਨੂੰ ਐਨਾ ਪਿਆਰ ਕਰਨ ਵਾਲੀ ਪਤਨੀ ਮਿਲੀ ਹੈ। ਅਜੇ ਮਨਦੀਪ ਸੋਚ ਹੀ ਰਿਹਾ ਸੀ ਤਾਂ ਪਿੰਦਰ ਨੇ ਕਾਰ ਵਿੱਚਲੀ ਟੇਪ ਦਾ ਬਟਣ ਨੱਪ ਦਿੱਤਾ। ਇੱਕ ਪੰਜਾਬੀ ਗਵੱਈਆ ਹੇਕਾਂ ਲਾ ਲਾ ਕੇ ਗਾ ਰਿਹਾ ਸੀ 'ਕਦੇ ਕਰੀਏ ਨਾ ਇਤਬਾਰ ਇਨਾਂ ਰੰਨਾਂ ਦਾ' ਮਨਦੀਪ ਨੂੰ ਗੀਤ ਸੁਣ ਕੇ ਪੂਰੇ ਮਰਦ ਸਮਾਜ ਤੇ ਖਿੱਝ ਜਿਹੀ ਆਈ ਜੋ ਔਰਤ ਨੂੰ ਹਮੇਸ਼ਾਂ ਭੰਡਦਾ ਰਿਹਾ ਹੈ। ਫੇਰ ਉਸੇ ਗਾਉਣ ਵਾਲੇ ਦੇ ਕਿੱਸਾ-ਕਾਵਿ ਦੀ ਤਰਜ਼ ਤੇ ਲਿਖੇ ਹੋਰ ਗੀਤ ਆਏ। ਸਾਰਿਆਂ ਵਿਚ ਹੀ ਔਰਤ ਨੂੰ ਧੋਖੇ ਬਾਜ਼ ਅਤੇ ਤਿੰਨ ਸੋ ਪੈਂਹਟ ਚਲਿੱਤਰਾਂ ਨਾਲ ਦਰਸ਼ਾਇਆ ਗਿਆ ਸੀ। ਮਨਦੀਪ ਸੋਚਦਾ ਰਿਹਾ ਕਿ ਸਮਾਜ ਮੰਨੂਵਾਦੀ ਨਜ਼ਰੀਏ ਤੋਂ ਹੀ ਔਰਤ ਨੂੰ ਕਿਉਂ ਦੇਖਦਾ ਰਿਹਾ ਹੈ, ਉਸ ਦੇ ਵਿੱਚੋਂ ਇੱਕ ਮਾਂ, ਭੈਣ, ਅਤੇ ਪਤਨੀ ਦਾ ਰੂਪ ਕਿਉਂ ਨਹੀਂ ਦੇਖਦਾ। ਸਾਡੇ ਗੁਰੂ ਨੇ ਅੱਜ ਤੋਂ ਅਨੇਕਾਂ ਵਰ੍ਹੇ ਪਹਿਲਾਂ ਸਲਾਹਿਆ ਕਿ ਔਰਤ ਮਹਾਨ ਹੈ ਪਰ ਅੱਜ ਦੇ ਗੀਤਕਾਰਾਂ ਨੂੰ ਇਹ ਗੱਲ ਸਮਝ ਕਿਉਂ ਨਹੀਂ ਪਈ। ਫੇਰ ਉਹ ਸੋਚਦਾ ਰਿਹਾ ਕਿ ਸ਼ਾਇਦ ਏਹੋ ਜਿਹੇ ਗੀਤਕਾਰਾਂ ਨੇ ਔਰਤ ਵਿੱਚੋਂ ਕਦੇ ਮਾਂ, ਭੈਣ, ਜਾਂ ਪਤਨੀ ਦਾ ਰੂਪ ਦੇਖਿਆ ਹੀ ਨਾ ਹੋਵੇ। ਉਸ ਨੂੰ ਗੀਤਕਾਰ ਦੇ ਬੋਲਾਂ ਤੇ ਸ਼ਰਮ ਆਈ। ਮਨਦੀਪ ਦੇ ਮਨ ਵਿਚ ਆਇਆ ਭਲਾ ਪਿੰਦਰ ਕਿਤੇ ਏਹੋ ਜਿਹੀ ਔਰਤ ਹੈ। ਉਸ ਨੇ ਪਿੰਦਰ ਵਲ ਦੇਖਿਆ ਉਹ ਉਸੇ ਵਕਤ ਬੋਲ ਪਈ 'ਮਨਦੀਪ ਦੱਸ ਭਲਾ ਸਾਰੀਆਂ ਔਰਤਾਂ ਹੀ ਏਹੋ ਜਿਹੀਆਂ ਹੁੰਦੀਆਂ ਨੇ ਬੇ-ਵਫਾ, ਧੋਖੇਬਾਜ਼, ਕੀ ਮੈਂ ਵੀ ਅਜਿਹੀ ਔਰਤ ਹਾਂ '। ਮਨਦੀਪ ਦੇ ਮੂੰਹੋਂ ਨਿਕਲਿਆ ਨਹੀਂ ਪਿੰਦਰ ਜਿਸ ਕਿਸੇ ਨੂੰ ਮਾਂ, ਭੈਣ ਅਤੇ ਪਤਨੀ ਦਾ ਪਿਆਰ ਮਿਲਿਆ ਹੋਵੇ, ਉਹ ਅਜਿਹਾ ਕੁੱਝ ਨਹੀਂ ਰਚਦਾ। ਮਨਦੀਪ ਨੇ ਇੱਕ ਵਾਰੀ ਫੇਰ ਪਿੰਦਰ ਨੂੰ ਬਾਹਾਂ ਵਿੱਚ ਘੁੱਟ ਕੇ ਪਿਆਰ ਕੀਤਾ ਅਤੇ ਸ਼ੋਖ ਨਿਗਾਹਾਂ ਨਾਲ ਉਸ ਵੱਲ ਤੱਕਦਾ ਰਿਹਾ।

ਬਰੇਕ ਟਾਈਮ ਲੱਗਭੱਗ ਖਤਮ ਹੋਣ ਵਾਲਾ ਸੀ। ਮਨਦੀਪ ਕਾਰ 'ਚੋਂ ਉਤਰਨ ਦੀ ਤਿਆਰੀ ਕਰਨ ਲੱਗਾ। ਪਿੰਦਰ ਨੇ ਕਾਰ ਸਟਾਰਟ ਕਰ ਕੇ ਗੇਟ ਤੇ ਕੀਤੀ। ਪਿੰਦਰ ਉਸ ਨੂੰ ਬਾਹਾਂ ਵਿੱਚ ਘੁੱਟ ਕੇ ਮਿਲਦੀ ਹੋਈ, ਠੰਢ ਤੋਂ ਬਚਣ ਦੀਆਂ ਹਦਾਇਤਾਂ ਕਰਨ ਲੱਗੀ ਕਿ ਮੈਂ ਸ਼ਾਮ ਨੂੰ ਆਊਂ, ਤੁਸੀਂ ਬਾਹਰ ਨਹੀਂ ਖੜ੍ਹਨਾ। ਮਨਦੀਪ 'ਬਾਏ' ਕਹਿੰਦਾ ਹੋਇਆ ਕਾਰ 'ਚੋਂ ਉਤਰ ਗਿਆ। ਪਿੰਦਰ ਦੀ ਕਾਰ ਅੱਗੇ ਤੁਰ ਗਈ। ਮਨਦੀਪ ਨੂੰ ਲੱਗ ਰਿਹਾ ਸੀ ਜਿਵੇਂ ਇੱਕ ਪੰਜਾਬਣ ਮੁਟਿਆਰ ਖੁੱਲੇ ਖੇਤਾਂ ਵਿੱਚ ਆਪਣੇ ਕੰਮ ਕਰਦੇ ਭੁੱਖੇ ਪਤੀ ਦੀ ਰੋਟੀ ਲੈ ਕੇ ਆਈ ਹੋਵੇ। ਕਾਰ 'ਚ ਉਤਰਨ ਵੇਲੇ ਮਨਦੀਪ ਨੇ ਪੰਜਾਬੀ ਗੀਤਾਂ ਵਾਲੀ ਉਹ ਟੇਪ ਵੀ ਕੱਢ ਲਈ ਸੀ ਜਿਸ ਨੂੰ ਸੁਣ ਕੇ ਮਨਦੀਪ ਨੂੰ ਚੰਗਾ ਨਹੀਂ ਸੀ ਲੱਗਿਆ। ਟੇਪ ਦਾ ਭੱਠ ਰੰਨਾਂ ਦੀ ਦੋਸਤੀ ਵਾਲਾ ਗੀਤ ਅਜੇ ਵੀ ਉਸਦੇ ਕੰਨਾਂ ਵਿੱਚ ਗੂੰਜ ਰਿਹਾ ਸੀ। ਪਰ ਟੇਪ ਨੂੰ ਹੱਥਾਂ ਵਿੱਚ ਘੁੰਮਾਉਂਦਾ ਉਹ ਅੱਗੇ ਵਧ ਰਿਹਾ ਸੀ। ਝਾਂਜਾ ਉਸੇ ਤਰ੍ਹਾਂ ਵਗ ਰਿਹਾ ਸੀ, ਬਰਫ਼ ਦੇ ਫੰਬੇ ਉਸੇ ਤਰ੍ਹਾਂ ਉੱਡ ਰਹੇ ਸੀ। ਜਿਨਾਂ ਨੂੰ ਵੇਖਕੇ ਮਨਦੀਪ ਨੂੰ ਆਪਣਾ ਬਚਪਨ ਯਾਦ ਆ ਰਿਹਾ ਸੀ ਕਿ ਜਦੋਂ ਛੋਟਾ ਹੁੰਦਾ ਆਪਣੇ ਨਾਨਕੇ ਰਹਿੰਦਾ ਸੀ ਤਾਂ ਕਿਵੇਂ ਆਪਣੀ ਨਾਨੀ ਨਾਲ ਰਜਾਈਆਂ ਵਾਲਾ ਲੋਗੜ ਪਿੰਜਾਉਣ ਲਈ ਮਿਸਤਰੀਆਂ ਦੀ ਮਸ਼ੀਨ ਤੇ ਜਾਂਦਾ ਸੀ। ਉਥੇ ਵੀ ਇਸੇ ਤਰ੍ਹਾਂ ਦੇ ਰੂੰ ਦੇ ਫੰਬੇ ਉਡਿਆ ਕਰਦੇ ਸੀ ਅਤੇ ਉਸਦੇ ਸਿਰ ਵਿੱਚ ਫਸ ਜਾਂਦੇ ਸਨ। ਉਸ ਨੇ ਮੁੜਕੇ ਪਿੱਛੇ ਵਲ ਦੇਖਿਆ ਪਿੰਦਰ ਦੀ ਕਾਰ ਬਰਫ਼ ਵਿੱਚ ਲੀਹ ਬਣਾਉਂਦੀ ਕਾਫ਼ੀ ਅੱਗੇ ਨਿੱਕਲ ਚੁੱਕੀ ਸੀ ਜਿਸ ਨੂੰ ਵੇਖ ਕੇ ਫੇਰ ਉਸ ਨੂੰ ਆਪਣਾ ਬਚਪਨ ਯਾਦ ਆ ਗਿਆ ਕਿ ਕਿਵੇਂ ਉਸਦੇ ਨਾਨਕੇ ਇੱਕ ਰੇਤਲੇ ਇਲਾਕੇ ਵਿੱਚ ਵਸੇ ਹੋਏ ਸਨ ਜਿਥੇ ਮੁੱਖ ਫਸਲ ਮੂੰਗਫ਼ਲੀ ਹੀ ਹੋਇਆ ਕਰਦੀ ਸੀ। ਉਦੋਂ ਉਹ ਮੂੰਗਫ਼ਲੀ ਪੁੱਟਦੇ ਮਜ਼ਦੂਰਾਂ ਦੀ ਰੋਟੀ ਲੈ ਕੇ ਖੇਤ ਜਾਇਆ ਕਰਦਾ ਸੀ ਅਤੇ ਸ਼ਾਮ ਨੂੰ ਖੇਤੋਂ ਆਪਣੇ ਨਾਨੇ ਨਾਲ ਮੂੰਗਫ਼ਲੀ ਦੇ ਭਰੇ ਹੋਏ ਗੱਡੇ ਤੇ ਬਹਿ ਕੇ ਘਰ ਨੂੰ ਆਇਆ ਕਰਦਾ ਸੀ। ਉਦੋਂ ਨਾਨਾ ਵੀ ਇਸੇ ਤਰ੍ਹਾਂ ਲੀਹੋ ਲੀਹ ਰੇਤੇ ਵਿੱਚ ਆਪਣੇ ਗੱਡੇ ਨੂੰ ਤੋਰਦਾ ਜਾਂਦਾ ਤੇ ਪਿੱਛੇ ਇਸੇ ਤਰ੍ਹਾਂ ਦੀ ਲੀਹ ਜਿਹੀ ਬਣਦੀ ਜਾਂਦੀ। ਲੱਕੜ ਦੇ ਪਹੀਏ ਦੀ ਚੀਂ ਚੀਂ ਕਰਦੇ ਅਤੇ ਅਜੀਬ ਜਿਹੇ ਖ਼ੁਮਾਰ ਵਿੱਚ ਆਇਆ ਨਾਨਾ ਬਲਦਾਂ ਨੂੰ ਹਿੱਕਦਾ ਆਪਣੀ ਬੈਂਤ ਵਾਲੀ ਪਰਾਣੀ ਘੁਮਾਉਂਦਾ ਕਿਸੇ ਕਿੱਸੇ ਦੀ ਹੇਕ ਚੁੱਕ ਲੈਂਦਾ। ਨਾਨੇ ਨੂੰ ਭਗਵਾਨ ਦਾਸ ਦੀ ਸੋਹਣੀ ਬੇਹੱਦ ਪਸੰਦ ਸੀ। ਉਦੋਂ ਮਨਦੀਪ ਸੋਚਿਆ ਕਰਦਾ ਸੀ ਇਹ ਸੋਹਣੀ ਵੀ ਕਿੰਨੀ ਦਲੇਰ ਔਰਤ ਹੋਊ ਜੋ ਏਹੋ ਜਿਹੇ ਘਟੀਆਂ ਮੌਸਮ ਵਿੱਚ, ਆਪਣੇ ਮਾਹੀ ਨੂੰ ਮਿਲਣ ਲਈ ਸ਼ੂਕਦੇ ਪਾਣੀ ਵਿੱਚ ਕੱਚਾ ਘੜਾ ਲੈ ਕੇ ਨਿਕਲ ਪਈ ਅਤੇ ਫੇਰ ਇਹ ਕੱਚੇ ਘੜੇ ਤੇ ਤਰਨ ਵਾਲਾ ਵਿਚਾਰ ਕਿੰਨੀ ਹੀ ਦੇਰ ਉਸਦੇ ਆਪਣੇ ਦਿਮਾਗ ਵਿੱਚ ਘੁੰਮਦਾ ਰਿਹਾ ਸੀ। ਛੋਟੇ ਹੁੰਦੇ ਨੇ ਉਸ ਨੇ ਆਪਣੇ ਬੰਬੇ ਤੇ ਵੀ ਕਿੰਨੀ ਹੀ ਵਾਰੀ ਪਾਣੀ ਲਈ ਬਣੇ ਚੁਬੱਚੇ ਵਿੱਚ ਘੜੇ ਤੇ ਤਰਨ ਦੀ ਕੋਸ਼ਿਸ਼ ਕੀਤੀ ਸੀ ਪਰ ਕਾਮਯਾਬ ਨਹੀਂ ਸੀ ਹੋਇਆ। ਫੇਰ ਉਹ ਵੱਡਾ ਹੋ ਕੇ ਕਾਲਜ ਪੜ੍ਹਨ ਜਾਣ ਲੱਗਾ, ਉਦੋਂ ਵੀ ਉਸਦੀ ਕਿਤਾਬ ਵਿੱਚ ਫਜ਼ਲ ਸ਼ਾਹ ਦੀ ਸੋਹਣੀ ਵਾਲਾ ਕਿੱਸਾ ਸੀ ਜੋ ਉਸ ਨੂੰ ਵਧੀਆ ਲੱਗਣ ਕਰਕੇ ਮੂੰਹ ਜ਼ੁਬਾਨੀ ਯਾਦ ਹੋ ਗਿਆ ਸੀ। ਉਦੋਂ ਉਸ ਨੇ ਪਹਿਲੀ ਵਾਰੀ ਹੀ ਆਪਣੇ ਕਾਲਜ ਲਾਇਬ੍ਰੇਰੀ ਵਿੱਚ ਸੋਹਣੀ ਮਹੀਵਾਲ ਦੀ ਤਸਵੀਰ ਦੇਖੀ ਸੀ ਜੋ ਪ੍ਰਸਿੱਧ ਚਿੱਤਰਕਾਰ ਸੋਭਾ ਸਿੰਘ ਦੀ ਬਣਾਈ ਹੋਈ ਸੀ। ਮਨਦੀਪ ਇਸ ਚਿੱਤਰ ਨੂੰ ਹਰ ਰੋਜ਼ ਤੱਕਦਾ ਰਹਿੰਦਾ। ਸੋਭਾ ਸਿੰਘ ਦੇ ਹੁਨਰ ਨੇ ਸੋਹਣੀ ਨੂੰ ਹੋਰ ਵੀ ਸੋਹਣਾ ਬਣਾ ਕੇ ਪੇਸ਼ ਕੀਤਾ ਹੋਇਆ ਸੀ। ਕਿਵੇਂ ਪੈਰਾਂ ਵਿੱਚ ਸ਼ੂਕਦਾ ਝਨਾਂ ਦਾ ਪਾਣੀ ਅਤੇ ਮੌਤ ਤੋਂ ਬੇਖਬਰ ਸੋਹਣੀ ਕੱਚਾ ਘਰਾ ਲਈ ਆਪਣੇ ਮਹੀਵਾਲ ਨਾਲ ਇੱਕਮਿੱਕ ਹੋਈ ਖੜੀ ਸੀ। ਉਦੋਂ ਉਹ ਸੋਚਿਆ ਕਰਦਾ ਸੀ ਕਾਸ਼ ਇਹ ਸੋਹਣੀ ਕਿਤੇ ਉਸ ਨਾਲ ਪਿਆਰ ਕਰਦੀ ਹੁੰਦੀ ਅਤੇ ਉਸ ਨੂੰ ਮਿਲ ਜਾਂਦੀ, ਉਹ ਉਸ ਤੇ ਜਾਨ ਵਾਰ ਦਿੰਦਾ। ਫੇਰ ਉਹ ਮਹੀਵਾਲ ਦੇ ਚਿਹਰੇ ਤੇ ਆਪਣੇ ਚਿਹਰੇ ਦੀ ਕਲਪਣਾ ਕਰਦਾ ਰਹਿੰਦਾ। ਉਸਨੇ ਫੇਰ ਨਜ਼ਰ ਘੁਮਾ ਕੇ ਦੇਖਿਆ ਪਿੰਦਰ ਦੀ ਕਾਰ ਬਰਫ਼ ਦੇ ਤੂਫਾਨ ਵਿੱਚ

(ਬਾਕੀ ਸਫਾ 26 'ਤੇ )

# ਟੁੱਟਦੇ ਸ਼ੀਸ਼ਿਆਂ ਦੀ ਕਥਾ

## ||

## ਕੇਹਰ ਸ਼ਰੀਫ਼

ਪਿਛਲੇ ਦਿਨਾਂ 'ਚ ਜਰਮਨੀ ਅੰਦਰ ਪ੍ਰਵਾਸੀਆਂ ਖਾਸ ਕਰਕੇ ਸਿਆਸੀ ਸ਼ਰਨਾਰਥੀਆਂ ਤੇ ਹੋਏ ਨਸਲੀ ਹਮਲਿਆਂ ਬਾਰੇ ਵੱਖੋ ਵੱਖ ਮੁਲਕਾਂ ਅੰਦਰ ਕਾਫੀ ਚਰਚਾ ਰਹੀ ਹੈ। ਹਾਲਤ ਮੌਤ ਵਰਗੀ ਭੈਅ ਵਾਲੀ ਸੀ। ਹਰ ਪ੍ਰਵਾਸੀ ਨੂੰ ਘਰੋਂ ਬਾਹਰ ਜਾਂਦਿਆਂ ਡਰ ਆਉਂਦਾ ਸੀ। ਨਵ-ਨਾਜ਼ੀਆਂ ਤੇ ਹੋਰ ਸੱਜੇ ਪੱਖੀ ਅਨਸਰਾਂ ਨੇ ਬਹੁਤ ਬਾਣੀਂ ਖੋਰੂ ਪਾਇਆ। ਦਹਾਕਾ ਕੁ ਪਹਿਲਾਂ ਇਹੀ ਨਾਅਰਾ 'ਤੁਰਕੀਓ ਦਫਾ ਹੋ ਜਾਓ' ਦੇ ਨਾਅਰੇ ਲਾਉਂਦਾ ਹੁੰਦਾ ਸੀ। ਉਹਨਾਂ ਦੀਆਂ ਦੁਕਾਨਾਂ ਆਦਿ ਦੇ ਸ਼ੀਸ਼ੇ ਅਕਸਰ ਭੰਨ ਦਿੱਤੇ ਜਾਂਦੇ ਸਨ। ਪਰ ਪਿਛਲਿਆਂ ਸਾਲਾਂ ਤੋਂ ਇਹਨਾਂ ਨਾਅਰਾ ਸਮੁੱਚੇ ਪ੍ਰਵਾਸੀਆਂ ਦੇ ਖਿਲਾਫ ਲਾਉਣਾ ਸ਼ੁਰੂ ਕਰ ਦਿੱਤਾ ਹੈ। ਕੰਧਾ ਤੇ ਲਿਖਿਆ ਦੇਖਿਆ ਜਾਂਦਾ ਹੈ 'ਪ੍ਰਵਾਸੀਓ ਦਫਾ ਹੋ ਜਾਓ' (Auslander Raus)

ਨਵ ਨਾਜ਼ੀ ਆਪਣੀਆਂ ਸਰਗਰਮੀਆਂ ਹਿਟਲਰ ਦੀ ਫੌਜੀ ਵਰਦੀ, ਉਹਦਾ ਨਿਸ਼ਾਨ-ਉਹਦਾ ਝੰਡਾ ਤੇ ਉਹਨੂੰ ਸਲਾਮੀ ਦੇ ਕੇ ਉਹਦੀ ਜਿੱਤ ਦਾ ਨਾਅਰਾ ਲਾ ਕੇ ਕਰਦੇ ਹਨ। ਇਸੇ ਭੇਸ 'ਚ ਛੋਟੀਆਂ ਵੱਡੀਆਂ ਟੋਲੀਆਂ ਰਾਹੀਂ ਛੋਟੇ ਵੱਡੇ ਇਕੱਠ ਜਾਂ ਮੁਜਾਹਰੇ ਕਰਦੇ ਹਨ। ਜਿਹਨਾਂ ਰਾਹੀਂ ਕੂੜ ਦਾ ਪ੍ਰਚਾਰ - ਝੂਠ ਦਾ ਤੂਫਾਨ ਤੇ ਨਫਰਤ ਦੀ ਹਨੇਰੀ ਚਲਾਈ ਜਾਂਦੀ ਹੈ - ਜਿਸ ਤੋਂ ਕੁਝ ਲੋਕਾਂ ਦਾ ਪ੍ਰਭਾਵਿਤ ਹੋ ਜਾਣਾ ਕੁਦਰਤੀ ਹੈ।

ਇਹ ਯਾਦ ਰੱਖਣਯੋਗ ਗੱਲ ਹੈ ਕਿ ਦੂਜੀ ਸੰਸਾਰ ਜੰਗ 'ਚ ਹਾਰ ਜਾਣ ਤੋਂ ਬਾਅਦ ਤਬਾਹ ਹੋਏ ਜਰਮਨ ਤੇ ਮੁਲਕ ਦੀ ਮੂਧੇ ਮੂੰਹ ਪਈ ਆਰਥਿਕਤਾ ਨੂੰ ਪੈਰਾਂ ਭਾਰ ਖੜ੍ਹੇ ਕਰਨ ਤੇ ਇਸ ਦੇਸ਼ ਨੂੰ ਦੁਨੀਆਂ ਦੀਆਂ ਮੋਹਰੀ ਤਾਕਤਾਂ 'ਚ ਸ਼ਾਮਲ ਕਰਨ 'ਚ ਵਿਦੇਸ਼ੀ ਕਾਮਿਆਂ ਦਾ ਬਹੁਤ ਭਾਰਾ ਯੋਗਦਾਨ ਹੈ। 'ਗੈਸਟ' ਕਹੇ ਜਾਣ ਵਾਲੇ ਕਾਮਿਆਂ 'ਚ ਗਰੀਕੀ, ਇਟਾਲੀਅਨ, ਸਪੇਨੀ, ਯੂਗੋਸਲਾਵੀਅਨ, ਤੁਰਕੀ ਤੇ ਕਈ ਹੋਰ ਮੁਲਕਾਂ ਦੇ ਕਾਮੇ ਸਨ। ਹਰ ਭੈੜਾ, ਗੰਦਾ ਤੇ ਭਾਰਾ ਤੇ ਸਿਹਤ ਨੂੰ ਨਸ਼ਟ ਕਰਨ ਵਾਲਾ ਕੰਮ ਵਿਦੇਸ਼ੀਆਂ ਦੇ ਹਿੱਸੇ ਆਉਂਦਾ ਸੀ - ਤੁਰਕੀ ਕਾਮਿਆਂ ਨੂੰ ਅਕਸਰ ਗੰਦੇ ਤੇ ਸਖਤ ਕੰਮ ਹੀ ਮਿਲਦੇ ਸਨ। ਪਰ ਇਹਨਾਂ ਕਾਮਿਆਂ ਨੇ ਆਪਣੀ ਸਿਹਤ ਦੀ ਪ੍ਰਵਾਹ ਨਾ ਕਰਦਿਆਂ ਇਸ ਮੁਲਕ ਦੀ ਨਵ ਉਸਾਰੀ ਕੀਤੀ - ਦੇਸ਼ ਦੀ ਆਰਥਿਕਤਾ ਨੂੰ ਤਕੜਿਆਂ ਕੀਤਾ। ਜਦੋਂ ਆਰਥਿਕਤਾ ਪੱਕੇ ਪੈਰੀਂ ਹੋਈ ਤੇ ਇੰਡਸਟਰੀ 'ਚ ਮਨੁੱਖਾਂ ਦੀ ਥਾਂ ਮਸ਼ੀਨਾਂ ਦਾ ਰੋਲ ਵੱਧਣ ਲੱਗਾ - ਲੇਬਰ ਦੀ ਕਟੌਤੀ ਹੋਣ ਲੱਗੀ ਤਾਂ ਸ਼ਰਾਰਤੀ ਅੰਸਰਾਂ ਨੇ ਇਹਨਾਂ ਹੀ ਮਿਹਨਤੀ ਕਾਮਿਆਂ ਨੂੰ ਇਥੋਂ ਚਲੇ ਜਾਣ ਦਾ ਰੌਲਾ ਪਾਉਣਾ ਸ਼ੁਰੂ ਕਰ ਦਿੱਤਾ। ਪਰ ਹੋਸ਼ਮੰਦ ਜਮਹੂਰੀ ਲੋਕਾਂ ਨੇ ਮੁੱਢ ਤੋਂ ਹੀ ਇਸ ਸਾਜਿਸ਼ ਨੂੰ ਸਮਝਦਿਆਂ ਇਸਦਾ ਵਿਰੋਧ ਕੀਤਾ ਕਿਉਂਕਿ ਉਹ ਜਾਣਦੇ ਸਨ ਕਿ ਮੁਲਕ ਦੀ ਇਸ ਖੁਸ਼ਹਾਲੀ 'ਚ ਪ੍ਰਵਾਸੀ ਕਾਮਿਆਂ ਦਾ ਹਿੱਸਾ ਵੀ ਹੈ। ਪੂਰਬੀ ਜਰਮਨੀ ਅੰਦਰ ਬਹੁਤੇ ਕਾਮੇ ਕਿਸੇ ਮੁਆਇਦੇ ਕਰਕੇ ਵੀਅਤਨਾਮ ਤੋਂ ਸਨ ਜਿਹਨਾਂ ਦੀ ਗਿਣਤੀ 50 ਤੋਂ 60 ਹਜਾਰ ਦੇ ਕਰੀਬ ਹੈ - ਕੁਝ ਹੋਰ ਵੀ ਹੋਣਗੇ।

ਸਿਆਸੀ ਸ਼ਰਨਾਰਥੀਆਂ ਤੇ ਨਸਲੀ ਹਮਲੇ ਪੂਰਬੀ ਪਾਸਿਉਂ ਸ਼ੁਰੂ ਹੋਏ। ਜਿਹਨਾਂ 'ਚ ਪਸਤੌਲਾਂ, ਗੈਸ ਪਸਤੌਲਾਂ, ਲੋਹੇ ਦੇ ਸਰੀਏ, ਹਾਕੀਆਂ ਤੇ ਇੱਟਾਂ, ਪੱਥਰਾਂ ਦੀ ਖੂਬ ਵਰਤੋ ਕੀਤੀ ਗਈ। ਇਸ ਸਾਰੀ ਮੁਹਿੰਮ 'ਚ ਬਾਰੀਆਂ, ਦਰਵਾਜਿਆਂ ਦੇ ਸ਼ੀਸ਼ੇ ਤੋੜ ਕੇ ਘਰਾਂ 'ਚ ਹਮਲੇ ਕਰਕੇ ਅੱਗ ਲਾਉਣੀ ਆਦਿ ਢੰਗਾਂ ਰਾਹੀਂ ਉਹਨਾਂ ਪ੍ਰਵਾਸੀਆਂ (ਸਿਆਸੀ ਸ਼ਰਨਾਰਥੀਆਂ) ਨੂੰ ਸਾਹਸਤ ਹੀਣ ਕਰਨ ਦਾ ਯਤਨ ਕੀਤਾ। ਕੁਦਰਤੀ ਹੀ ਹੈ ਪ੍ਰਵਾਸੀ ਘਾਬਰੇ। ਕਈ ਲੋਕ ਇਹਨਾਂ ਹਮਲਿਆਂ ਦੀ ਨਾਜ਼ੀਆਂ ਵਲੋਂ ਯਹੂਦੀਆਂ ਤੇ ਕੀਤੇ ਹਮਲਿਆਂ ਨਾਲ ਤੁਲਨਾ ਕਰਨ ਲੱਗ ਪਏ - ਪਰ ਇਹ ਤੁਲਨਾ ਬਹੁਤ ਸਾਰਿਆਂ ਨੂੰ ਜਚੀ ਨਾ। ਇਹਨਾਂ ਹਮਲਿਆਂ 'ਚ ਜਾਨਾਂ ਵੀ ਗਈਆਂ - ਬਹੁਤ ਸਾਰੇ ਜ਼ਖ਼ਮੀ ਹੋਏ - ਜਿਨਾਂ 'ਚ ਮਾਸੂਮ ਬੱਚੇ ਵੀ ਸਨ।

ਇਹ ਕੋਈ ਆਪਣੇ ਆਪ 'ਚ ਫੁੱਟਿਆ ਵਰਤਾਰਾ ਨਹੀਂ ਸੀ। ਇਹ ਸਰਕਾਰੀ ਹਲਕਿਆਂ ਵਲੋਂ ਸਿਆਸੀ ਸ਼ਰਨਾਰਥੀਆਂ ਦੀ ਵਧਦੀ ਗਿਣਤੀ ਨੂੰ ਰੋਕਣ ਲਈ ਠੀਕ ਚੱਜ-ਅਚਾਰ ਨਾ ਅਪਨਾਉਣ ਕਰਕੇ, ਇਸ ਵਧਦੀ ਗਿਣਤੀ ਦਾ ਠੀਕ ਹੱਲ ਨਾ ਕਰ ਸਕਣ ਪਰ ਬੁਨਿਆਦੀ ਕਾਨੂੰਨ ਵਾਲੇ ਚਾਰਟਰ 'ਚ ਧਾਰਾ 16 ਨੂੰ ਬਦਲਣ ਦੀ ਘਟੀਆ ਕਿਸਮ ਦੀ ਮੁਹਿੰਮ ਚਲਾਈ ਗਈ (ਜਿਹੜੀ ਧਾਰਾ ਸਿਆਸੀ ਪੀੜਤ ਸ਼ਰਨਾਰਥੀਆਂ ਨੂੰ ਸ਼ਰਣ ਦਾ ਹੱਕ ਦਿੰਦੀ ਹੈ) ਜਦੋਂ ਕਿ ਕੋਲੀਸ਼ਨ ਸਰਕਾਰ ਵਿਚਲੀ ਭਾਈਵਾਲ ਇਕ ਪਾਰਟੀ ਨੇ ਇਸਨੂੰ ਬਦਲਣ 'ਚ ਸਾਥ ਦੇਣ ਤੋਂ ਇਨਕਾਰ ਕਰ ਦਿੱਤਾ। ਦੂਜੀਆਂ ਸਰਕਾਰੀ ਪਾਰਟੀਆਂ ਵਲੋਂ ਚਲਾਈ ਘਟੀਆ ਕਿਸਮ ਦੀ ਮੁਹਿੰਮ ਨੇ ਇਕੱਲੇ ਸਿਆਸੀ ਸ਼ਰਨਾਰਥੀਆਂ ਦੇ ਖਿਲਾਫ ਹੀ ਨਹੀਂ ਸਗੋਂ ਸਮੁੱਚੇ ਪ੍ਰਵਾਸੀਆਂ ਦੇ ਖਿਲਾਫ ਨਫਰਤ ਪੈਦਾ ਕਰਨ ਲਈ ਟਿੱਲ ਲਾਇਆ। ਸਰਕਾਰ ਅੰਦਰਲੇ ਪਿਛਾਖੜੀ ਅੰਸ਼ਾਂ ਦੀ ਇਸ ਮੁਹਿੰਮ ਤੋਂ ਨਵ-ਨਾਜ਼ੀਆਂ ਤੇ ਸੱਜੇ ਪੱਖੀ ਤੱਤਵਾਦੀਆਂ ਨੇ ਹੌਂਸਲਾ ਫੜਿਆ ਤੇ ਉਹ ਨਸਲੀ ਹਮਲਿਆਂ ਦੇ ਰਾਹ ਹੋ ਤੁਰੇ।

ਜਿਹੜੀ ਬਹਿਸ ਸਰਕਾਰੀ ਹਲਕਿਆਂ ਵਲੋਂ ਛੇੜੀ ਗਈ ਉਸ ਵਿਚ ਸਿਆਸੀ ਪਨਾਹ ਦੀ ਦੁਰਵਰਤੋਂ ਰੋਕਣ ਦੀ ਬਹਾਨੇਬਾਜ਼ੀ ਕੀਤੀ ਗਈ (ਕੁਝ ਲੋਕ ਦੁਰਵਰਤੋਂ ਕਰਦੇ ਵੀ ਹੋਣਗੇ) ਜਿਵੇਂ ਦਿੱਤੀਆਂ ਅਰਜ਼ੀਆਂ ਚੋਂ ਕੁਝ ਫੀਸਦੀ ਹੀ ਸਿਆਸੀ ਸ਼ਰਨਾਰਥੀਆਂ ਦੇ ਤੌਰ ਤੇ ਕਬੂਲ ਕੀਤੇ ਜਾਂਦੇ ਹਨ ਬਾਕੀ ਸਭ ਰੱਦ ਕੀਤੇ ਜਾਂਦੇ ਹਨ - ਇਹ ਵੀ ਸਰਕਾਰ ਦੀ ਤੈਅ-ਸ਼ੁਦਾ ਨੀਤੀ ਕਰਕੇ ਹੀ ਹੈ। ਇਸ ਤਰ੍ਹਾਂ ਦੀ ਮੁਹਿੰਮ ਚਲਾਉਣ ਵਾਲੇ ਅੰਸ਼ਾਂ ਨੇ ਇਸ ਪੱਖ ਨੂੰ ਜਾਣ ਬੁੱਝ ਕੇ ਅਣਗੌਲਿਆਂ ਰੱਖਿਆ ਕਿ ਪ੍ਰਵਾਸੀ ਕਾਮੇ ਕਿੰਨੇ ਸੈਂਕੜੇ ਮਿਲੀਅਨ ਮਾਰਕ ਹਰ ਮਹੀਨੇ ਟੈਕਸਾਂ ਤੇ ਹੋਰ ਸਮਾਜੀ ਕਟੌਤੀਆਂ ਰਾਹੀਂ ਤਾਰਦੇ ਹਨ।

ਇਕੱਲੇ ਸਿਆਸੀ ਸ਼ਰਨਾਰਥੀ ਜੋ ਸ਼ਰਨ ਮਿਲਣ ਦੀ ਉਡੀਕ ਕਰ ਰਹੇ ਹਨ ਉਹ ਹੀ ਜੀਉਣ ਯੋਗ ਸਰਕਾਰੀ ਮੱਦਦ ( Sozial Hilfe) ਤੇ ਨਹੀਂ ਰਹਿ ਰਹੇ। ਜਰਮਨ ਲੋਕਾਂ ਦੀ ਆਪਣੀ ਵੱਡੀ ਗਿਣਤੀ ਇਸ ਮੱਦਦ ਦੇ ਆਸਰੇ ਜੀਵਨ ਬਸਰ ਕਰ ਰਹੀ ਹੈ। ਇਸ ਵਿਚ ਪ੍ਰਵਾਸੀ ਕਾਮਿਆਂ ਦੀ ਕੀਤੀ ਕਟੌਤੀ ਵੀ ਸ਼ਾਮਲ ਹੁੰਦੀ ਹੈ। ਫੇਰ ਦੋ ਮਿਲੀਅਨ ਤੋਂ ਵੀ ਵੱਧ ਬੇਰੁਜਗਾਰ ਹਨ। ਜੋ ਬੇ-ਰੁਜਗਾਰੀ ਭੱਤਾ ਵਸੂਲ ਕਰਦੇ ਹਨ। ਉਹਨਾਂ ਚੋਂ ਕਾਫੀ ਚੋਰੀ ਕੰਮ (ਜਿਹਦੇ ਤੇ ਟੈਕਸ ਨਹੀਂ ਤਾਰਿਆ ਜਾਂਦਾ) ਵੀ ਕਰਦੇ ਹਨ। ਇਸ ਭੱਤੇ 'ਚ ਪ੍ਰਵਾਸੀ ਕਾਮਿਆਂ ਦੀ ਕੀਤੀ ਕਟੌਤੀ ਸ਼ਾਮਲ ਹੈ - ਸਰਕਾਰ ਵਲੋਂ ਲੋਕਾਂ ਨੂੰ ਸੱਚ ਦੱਸਣ ਤੋਂ ਕਤਰਾਇਆ ਗਿਆ। ਰੋਗ ਦੀ ਜੜ ਨਹੀਂ - ਸਿਰਫ ਪੱਤੇ ਛਾਂਗੇ ਗਏ।

ਲੋਗ ਗਰਮ ਦੇਖ ਕੇ ਨਵ-ਨਾਜ਼ੀਆਂ ਤੇ ਉਹਨਾਂ ਦੇ ਹੋਰ ਭਾਈਵਾਲਾਂ ਨੇ ਪੁੱਠਾ ਰਾਹ ਫੜਿਆ। ਸਰਕਾਰ ਵਲੋਂ ਵਿਖਾਈ ਹੀਣਤਾ ਨੂੰ ਦੇਖ ਕੇ ਸ਼ਰਾਰਤੀ ਅੰਸਰ ਚਾਪਰ ਗਏ ਕਿਉਂਕਿ ਪਹਿਲੇ ਹੋਏ ਹਮਲਿਆਂ ਤੋਂ ਬਾਅਦ ਸ਼ਰਨਾਰਥੀਆਂ ਨੂੰ ਝੱਟ ਉਥੋਂ ਬਦਲ ਕੇ ਕਿਸੇ ਹੋਰ ਥਾਂ ਭੇਜ ਦਿੱਤਾ ਗਿਆ। ਚਾਹੀਦਾ ਇਹ ਸੀ ਕਿ ਉਹਨਾਂ ਨੂੰ ਸੁਰੱਖਿਆ ਪ੍ਰਦਾਨ ਕੀਤੀ ਜਾਂਦੀ।

ਉਪਰਲੇ ਤਾਂ ਸਰਕਾਰ ਦੇ ਬਹਾਨੇ ਸਨ ਅਸਲ ਕਾਰਨ ਹਥਿਆਰ-ਬੰਦੀ ਦੇ ਵਧੇ ਖਰਚੇ, ਵਧੀ ਬੇਰੁਜਗਾਰੀ - ਤਨਖਾਹਾਂ ਦੀ ਸਥਿਰਤਾ ਪਰ ਕੀਮਤਾਂ ਵਿਚ ਵਾਧਾ। ਹਥਿਆਰਬੰਦੀ ਦੇ ਖਰਚੇ ਪੂਰੇ ਕਰਨ ਲਈ ਕਟੌਤੀਆਂ ਵਧਾਈਆ ਗਈਆਂ। ਸਮਾਜੀ ਸਹੂਲਤਾਂ ਘਟਾਈਆਂ ਗਈਆਂ। ਹੋ ਸਕਦਾ ਕਿ ਆਉਣ ਵਾਲੇ ਸਮੇਂ 'ਚ ਹੋਰ ਘਟਾਈਆਂ ਜਾਣ। ਹਥਿਆਰ ਬੰਦੀ ਦੀਆਂ ਮਿਸਾਲਾਂ 'ਚ ਜੈਗਰ 90 ਨੂੰ ਛੱਡ ਵੀ ਦੇਈਏ ਤਾਂ ਹੋਰ ਵੀ ਬਹੁਤ ਕੁਝ ਹੈ। ਸਦਮ ਹੁਸੈਨ ਨੂੰ ਹਥਿਆਰਬੰਦ ਕਰਨ ਲਈ ਜਰਮਨ ਕੰਪਨੀਆਂ ਦੇ ਨਾਂ ਬੋਲਦੇ ਹਨ - ਹੁਣ ਯੂਗੋਸਲਾਵੀਆ ਦੇ ਮਸਲੇ ਤੇ ਦੋਹੀਂ ਪਾਸੀਂ ਜਰਮਨ ਹਥਿਆਰ ਵਰਤੇ ਜਾ ਰਹੇ ਹਨ। ਹਾਸਲ ਕੀ ਹੋ ਰਿਹਾ ਹੈ ? ਲੋਕਾਂ ਦੀਆਂ ਮੌਤਾਂ ਤੇ ਬਚਦਿਆਂ ਦਾ ਉਜਾੜਾ - ਜੋ ਭਲਕ ਦੇ ਸ਼ਰਨਾਰਥੀ ਹਨ। ਸ਼ਰਨਾਰਥੀ ਪੈਦਾ ਕੀਤੇ ਜਾ ਰਹੇ ਹਨ - ਫੇਰ ਇਹਨਾਂ ਨੂੰ ਸਾਂਭੇਗਾ ਕੌਣ ? ਮਕਾਨਾਂ ਦੀ ਘਾਟ ਨੂੰ ਦੇਖਦਿਆਂ ਲੋਕ ਬੰਦਾ ਮਾਰਿਆਂ ਮਕਾਨ ਮਿਲਣਾ ਮੁਸ਼ਕਲ ਹੈ ਦਾ ਆਮ ਮੁਹਾਵਰਾ ਵਰਤਦੇ ਹਨ। ਸਰਕਾਰ ਵਲੋਂ ਸਕੀਮਾਂ ਦਾ ਕੜਾਹ ਵੇਚਿਆ ਜਾਂਦਾ ਹੈ - ਜਦੋਂ ਕਿ ਲੋਕਾਂ ਨੂੰ ਮਕਾਨ ਚਾਹੀਦੇ ਹਨ। ਮਕਾਨਾਂ ਦੀ ਘਾਟ ਕਰਕੇ ਕਰਾਏ ਇੰਨੇ ਜਿਆਦਾ ਹਨ ਕਿ ਤਨਖਾਹਾਂ ਦਾ ਵੱਡਾ ਹਿੱਸਾ ਤਾਂ

ਕਿਰਾਣਿਆਂ ਦੇ ਮੂੰਹ ਹੀ ਚਲਾ ਜਾਂਦਾ ਹੈ। ਫੇਰ ਵੀ ਮਰਜੀ ਦਾ ਮਕਾਨ ਲੱਭਣਾ ਬਹੁਤ ਔਖਾ ਹੈ।

ਸ਼ਰਨਾਰਥੀ ਤਾਂ ਆਮ ਕਰਕੇ ਭੈੜੇ ਜਹੇ ਮਕਾਨਾਂ,· ਕਈ ਥਾਂ ਤੰਬੂਆਂ ਤੇ ਬੰਦ ਪਏ ਸਪੋਰਟ ਹਾਲਾਂ ਤੇ ਸਕੂਲਾਂ ਆਦਿ ਦੇ ਵਾਧੂ ਹਿਸਿਆਂ 'ਚ ਰਹਿੰਦੇ ਹਨ। ਕੰਮ ਕਰਨ ਦੀ ਇਜਾਜ਼ਤ ਬਹੁਤੇ ਥਾਂਈ ਨਹੀਂ - ਇਸ ਕਰਕੇ ਇਹ ਬਹਾਨਾ ਕਿ ਸਿਆਸੀ ਸ਼ਰਨਾਰਥੀ ਸਾਡੇ ਕੰਮ ਤੇ ਮਕਾਨ ਲੈ ਰਹੇ ਹਨ ਝੂਠ ਤੋਂ ਵੱਧ ਕੁਝ ਨਹੀਂ ਪਰ ਇਹ ਝੂਠ ਲੋਕਾਂ ਨੂੰ ਬੁੱਧੂ ਜਾਣਕੇ ਬੋਲਿਆ ਜਾ ਰਿਹਾ।

ਦੋਹਾਂ ਜਰਮਨੀਆਂ ਦੇ ਏਕੀਕਰਨ ਤੋਂ ਪਹਿਲਾਂ ਚਾਂਸਲਰ ਕੋਹਲ ਨੇ ਪੂਰਬੀ ਜਰਮਨੀ ਦੇ ਲੋਕਾਂ ਨਾਲ ਬਹੁਤ ਸਾਰੇ ਭਰਮਾਓ ਵਾਅਦੇ ਕੀਤੇ (ਇਸੇ ਗੱਲ ਨੂੰ ਲੈ ਕੇ ਪਿਛਲੀਆਂ ਚੋਣਾਂ 'ਚ ਸ਼ੋਸ਼ਲ ਡੈਮੋਕ੍ਰੇਟਿਕ ਉਮੀਦਵਾਰ ਨੇ ਆਮ ਸਭਾਵਾਂ 'ਚ ਝੂਠ ਦੇ ਪੈਰ ਨਹੀਂ ਹੁੰਦੇ ਕਹਿਕੇ ਦੁਹਰਾਇਆ ਸੀ ਜੋ ਚੋਣਾਂ ਬਾਅਦ ਸੱਚ ਸਾਬਤ ਹੋਇਆ) ਕਿ ਕਿਸੇ ਲਈ ਵੀ ਮਾੜੀ ਹਾਲਤ ਪੈਦਾ ਨਹੀਂ ਹੋਵੇਗੀ। ਇਕ ਸਾਲ ਬੀਤ ਜਾਣ ਬਾਅਦ ਲੋਕਾਂ ਦੀ ਹਾਲਤ ਸੁਧਰਨ ਨਾਲੋਂ ਵਿਗੜੀ ਵੱਧ। ਘਰਾਂ ਦੇ ਕਰਾਏ ਦੁਗਣੇ, ਬਹੁਤ ਸਾਰਿਆਂ ਦੇ ਕੰਮ ਛੁੱਟ ਗਏ, ਕੀਮਤਾਂ ਵਧੀਆਂ ਤੇ ਤਨਖਾਹਾਂ ਉਹ ਹੀ ਰਹੀਆਂ ਪੱਛਮੀ ਤੇ ਪੂਰਬੀ ਪਾਸੇ ਦਾ ਫਰਕ ਬਹੁਤ ਹੈ ਬਰਾਬਰ ਦੇ ਕੰਮ ਲਈ ਤਨਖਾਹਾਂ 'ਚ ਵੱਡਾ ਪਾੜਾ - ਪੈਨਸ਼ਨਰਾਂ ਲਈ ਘੱਟ ਪੈਨਸ਼ਨ ਤੇ ਸਹੂਲਤਾਂ ਦੀ ਘਾਟ। ਆਖਰ ਜੀਉਣਾ ਤਾਂ ਹੋਇਆ। ਲੋਕ ਗੁੱਸੇ ਨਾਲ ਸੜਕਾਂ ਤੇ ਨਿਕਲਣੇ ਸ਼ੁਰੂ ਹੋਏ। ਪਹਿਲਾਂ ਜਿਹੜੇ ਲੋਕਾਂ ਨੇ ਹੇਲਮਟ ਕੋਹਲ ਦੀ ਆਮਦ ਤੇ 'ਹੇਲਮਟ ਹੇਲਮਟ' ਦੇ ਨਾਅਰੇ ਲਾ ਫੁਲਝੜੀਆਂ ਬਾਲ ਕੇ ਸੁਆਗਤ ਕੀਤਾ ਸੀ। ਕੁਝ ਸਮੇਂ ਬਾਅਦ ਉਹਨਾਂ ਹੀ ਲੋਕਾਂ ਨੇ ਏਕੀਕਰਨ ਤੋਂ ਪਹਿਲਾਂ ਵਿਖਾਏ ਝੂਠੇ ਸਬਜ਼ਬਾਜ਼ਾਂ ਵਾਲੇ ਵਾਅਦਿਆਂ ਨੂੰ ਪਿੱਠ ਦੇ ਜਾਣ ਕਰਕੇ ਕੋਹਲ ਦੇ ਉਥੇ ਪਧਾਰਨ ਤੇ ਗੰਦੇ ਆਂਡਿਆਂ ਨਾਲ 'ਸਵਾਗਤ' ਕੀਤਾ ਸੀ। ਇਹ ਤਾਂ ਬਹੁਤ ਸਾਰਿਆਂ ਟੈਲੀਵੀਜ਼ਨ ਤੇ ਦੇਖਿਆ ਹੋਣੈ।

ਏਕੀਕਰਨ ਦੀ ਪਹਿਲੀ ਵਰ੍ਹੇ ਗੰਢ ਤੇ ਬੋਲਦਿਆਂ ਚਾਂਸਲਰ ਕੋਹਲ ਨੇ ਇਸ ਨੂੰ ਆਪਣੀ ਜ਼ਿੰਦਗੀ ਦਾ ਖੁਸ਼ੀ ਭਰ ਦਿਨ ਕਿਹਾ ਸੀ ਪਰ ਪਰਵਾਸੀਆਂ ਲਈ ਇਹ ਕਾਲਾ ਦਿਨ ਹੋ ਨਿਬੜਿਆ ਜਦੋਂ ਮੁਲਕ ਭਰ ਵਿਚ ਇਸ ਇਕੱਲੇ ਦਿਨ ਹੀ ਸਿਆਸੀ ਸ਼ਰਨਾਰਥੀਆਂ ਦੀਆਂ ਹੋਮਾਂ ਤੇ 25 ਤੋਂ ਵੱਧ ਹਮਲੇ ਹੋਏ ਸਨ।

ਉਪਰੋਕਤ 'ਚੋਂ ਕਾਫੀ ਕੁਝ ਬਾਹਰਲੀ ਪ੍ਰੈਸ 'ਚ ਛਪਿਆ ਜੋ ਘੱਟ ਛਪਿਆ ਜਾਂ ਅਣਗੌਲਿਆ ਰਿਹਾ ਉਹ ਕਿ ਜਮਹੂਰੀ ਸੋਚ ਵਾਲੇ ਲੋਕਾਂ ਨੇ ਗੁੰਡਾਗਰਦੀ - ਦਹਿਸ਼ਤਗਰਦੀ - ਨਸਲਵਾਦ ਤੇ ਪ੍ਰਵਾਸੀਆਂ ਬਾਰੇ ਨਫਰਤ ਦੇ ਖਿਲਾਫ ਪ੍ਰਵਾਸੀਆਂ ਨਾਲ ਖੜੇ ਹੋ ਕੇ ਅਵਾਜ ਉਚੀ ਕੀਤੀ। ਰੋਸ ਤੇ ਏਕਤਾ ਦਾ ਮੁਜਾਹਰਾ ਕੀਤਾ ਜਿਸਨੂੰ ਆਮ ਲੋਕਾਂ ਵਲੋਂ ਬੜਾ ਚੰਗਾ ਭਰਵਾਂ ਹੁੰਗਾਰਾ ਮਿਲਿਆ (ਭਾਵੇਂ ਕਿ 'ਤੀਜੇ ਦਰਜੇ' ਦੀ ਪ੍ਰੈਸ ਨੇ ਪ੍ਰਵਾਸੀਆਂ ਬਾਰੇ ਝੂਠ ਬੋਲ ਨਫਰਤ ਫੈਲਾਉਣ ਦਾ ਯਤਨ ਕੀਤਾ - ਪਰ ਸਿਹਤਮੰਦ ਪੱਤਰਕਾਰੀ ਨੇ - ਝੂਠ ਦੇ ਜਵਾਬ 'ਚ ਸੱਚ ਪੇਸ਼ ਕੀਤਾ) ਇਨ੍ਹਾਂ ਰੋਸ ਮੁਜਾਹਰਿਆਂ ਨੇ ਸਰਕਾਰ ਨੂੰ ਹਿਲਜੁਲ ਕਰਨ ਲਈ ਮਜਬੂਰ ਕੀਤਾ ਤੇ ਪ੍ਰਵਾਸੀਆਂ ਨੂੰ ਮੱਦਦ ਦੇਣ ਦੀ ਜੋਰਦਾਰ ਮੰਗ ਕੀਤੀ। ਲੋਕ ਇਸ ਮੁਹਿੰਮ 'ਚ ਕਾਫੀ ਗਿਣਤੀ 'ਚ ਸ਼ਾਮਲ ਹੋਏ। ਚਰਚਾਂ ਦੇ ਪਾਦਰੀਆਂ ਤੇ ਕਮੇਟੀਆਂ ਨੇ ਸਰਾਹੁਣਯੋਗ ਕੰਮ ਕੀਤਾ।

ਇਸ ਸਭ ਕਾਸੇ ਦੇ ਸਿੱਟੇ ਵਜੋਂ ਮੁਲਕ ਦੇ ਰਾਸ਼ਟਰਪਤੀ ਨੇ ਲੋਕਾਂ ਨੂੰ ਪ੍ਰਵਾਸੀਆਂ ਪ੍ਰਤੀ ਪੈਦਾ ਕੀਤੀ ਜਾ ਰਹੀ ਨਫਰਤ ਦੇ ਖਿਲਾਫ ਅਵਾਜ਼ ਉੱਚੀ ਕਰਨ ਲਈ ਕਿਹਾ ਤੇ ਖੁਦ ਸ਼ਰਨਾਰਥੀਆਂ ਦੀਆਂ ਰਿਹਾਇਸ਼ਗਾਹਾਂ ਦੇ ਦੌਰੇ ਕੀਤੇ ਫੇਰ ਕੁਝ ਹੋਰ ਮੰਤਰੀਆਂ ਨੇ ਵੀ ਲੋਕ ਦਿਖਾਵਾ ਕੀਤਾ। ਇਸ ਨਾਲ ਸਰਕਾਰ ਨੂੰ ਆਪਣੀ ਖੋਖਲੀ ਨੀਤੀ ਦਾ ਅਹਿਸਾਸ ਹੋਇਆ। ਸਰਕਾਰੀ ਪਾਰਟੀਆਂ ਅੰਦਰ ਰਾਸ਼ਟਰਪਤੀ ਦੇ ਇਸ ਨਰੋਏ ਕਦਮ ਦੇ ਪ੍ਰਤੀਕ੍ਰਮ ਕਾਫੀ ਹੋਰ ਤਰ੍ਹਾਂ ਦੇ ਹੋਏ। ਹੋ ਸਕਦਾ ਹੈ ਰਾਸ਼ਟਰਪਤੀ ਦੀ ਅਗਲੀ ਚੋਣ ਤੇ ਵੀ ਇਸਦਾ ਪ੍ਰਭਾਵ ਪਵੇ ਪਰ ਰਾਸ਼ਟਰਪਤੀ ਦੀ ਮਨੁੱਖਵਾਦ ਪ੍ਰਤੀ ਕੀਤੀ ਸੇਵਾ ਦੀ ਹਰ ਕਿਸੇ ਨੇ ਸਹਾਰਨਾ ਕੀਤੀ।

ਲੋੜ ਕੁਝ ਦਿਨ ਦੀ ਸਰਗਰਮੀ ਜਾਂ ਰੋਸ ਮੁਜਾਹਰਿਆਂ ਦੀ ਹੀ ਨਹੀਂ ਸਗੋਂ ਲੋੜ ਸਿਆਸੀ ਚੇਤੰਨਤਾ ਦੀ ਹੈ ਜੋ ਪ੍ਰਵਾਸੀਆਂ ਦੇ ਨਿਗੂਣੇ ਹਿੱਸੇ ਤੱਕ ਸੀਮਤ ਹੈ। ਮਿਸਾਲ ਵਜੋਂ ਪ੍ਰਵਾਸੀ ਕਾਮਿਆਂ ਦਾ ਵੱਡਾ ਹਿੱਸਾ ਜਥੇਬੰਦ ਮਜਦੂਰ ਲਹਿਰ ਤੋਂ ਬਾਹਰ ਹੈ ਬੜੇ ਥੋੜੇ ਹਨ ਜੋ ਮਜਦੂਰ ਜਥੇਬੰਦੀਆਂ ਦੇ ਮੈਂਬਰ ਬਣਦੇ ਹਨ - ਕਾਰਨ ਸਿਆਸੀ ਚੇਤੰਨਤਾ ਦੀ ਘਾਟ - ਮੈਂਬਰਸ਼ਿੱਪ ਫੀਸ ਦੀ ਬੱਚਤ। ਮਜਦੂਰ ਜਥੇਬੰਦੀਆਂ ਦੀ ਵੀ ਘਾਟ ਹੈ ਕਿ ਮਜਦੂਰਾਂ ਅੰਦਰ ਜਥੇਬੰਦੀ ਦੀ ਮਹੱਤਤਾ ਬਾਰੇ ਪੂਰੀ ਜਾਣਕਾਰੀ ਨਹੀਂ ਦੇ ਸਕੀਆਂ।

ਲੋੜਾਂ ਦੀ ਲੋੜ ਬਹੁ-ਕੌਮੀ ਸਮਾਜ ਦੇ ਸੰਕਲਪ ਨੂੰ ਅਮਲ 'ਚ ਲਿਆਉਣ ਵਲ ਵਧਣ ਦੀ ਹੈ ਜਿਸਦੇ ਮੌਕੇ ਵੀ ਹਨ। ਪਰ ਇਸ ਰਾਹੇ ਤੁਰਨ ਲਈ ਸਰਵ ਸਾਂਝੀ ਸੋਚ ਪੈਦਾ ਕਰਨ ਲਈ ਹਰ ਚੇਤੰਨ ਦਿਮਾਗ ਪ੍ਰਵਾਸੀ ਨੂੰ ਵੱਖੋ-ਵੱਖ ਲੋਕਾਂ ਨਾਲ ਰਲ ਕੇ ਏਕਤਾ ਪੈਦਾ ਕਰਦਿਆਂ ਸਾਂਝੀ ਸਰਗਰਮੀ ਦੀ ਬਹੁਤ ਲੋੜ ਹੈ। ਇਹ ਕੰਮ ਪ੍ਰਵਾਸੀਆਂ ਦੀ ਦੂਜੀ ਪੀੜ੍ਹੀ ਲਈ ਹੋਰ ਵੀ ਮਹੱਤਤਾ ਰੱਖਦਾ ਹੈ ਕਿਉਂਕਿ ਉਹ ਇਥੇ ਜੰਮੇ ਪਲੇ ਹਨ - ਇਥੇ ਹੀ ਰਹਿਣਾ ਹੈ ਤਾਂ ਸਦਾ ਪ੍ਰਵਾਸੀ ਬਣਕੇ ਰਿਹਾ ਨਹੀਂ ਜਾ ਸਕਦਾ - ਲੋੜ ਸੰਕੀਰਣਤਾ ਭਰੀ ਮਾਨਸਿਕਤਾ ਤਿਆਗਣ ਤੇ ਖੁਲਦਿਲੀ ਦੀ ਹੈ।

(ਜਰਮਨੀ)

□■□■□■□■□■□■□■□■□■□■


# GOYAL TRAVELS INC.

**BOOK NOW FLY LATER SAVE MONEY**

**Special fares to: San Francisco Toronto London**

Cheapest fares to **New Delhi, Bombay, Madras, Calcutta, Karachi, Colombo & Kathmandu**

**Authorized agents for:**

■ Cathay Pacific ■ Air Canada ■ Japan Air Lines
■ Canadian ■ Wardair ■ KLM

**4152 Fraser St., Vancouver, B.C., V5V 4E8**

Toll free from B.C., Alberta, Saskatchewan & Manitoba: 1-800-663-8638
**Phone: Vancouver 877-7777 Calgary (403) 235-6808 Toronto: (416) 593-6966**

# ਵਲਾਇਤ ਦੀ ਖੱਟੀ

## ਅਮਰਜੀਤ ਚੰਦਨ

ਲਫ਼ਜ਼ ਵਲਾਇਤ ਪੰਜਾਬੀਆਂ ਦੇ ਕੰਨਾਂ 'ਚ ਘੰਟੀ ਵਾਂਗ ਟੁਣਕਦਾ ਹੈ। ਅੰਗਰੇਜ਼ੀ ਲਫ਼ਜ਼ ਬਲਾਈਟ ਜ਼ਖ਼ਮ ਪੰਜਾਬੀ 'ਚ ਵਲਾਇਤ ਬਣ ਗਿਆ। ਪਹਿਲੀ ਲਾਮ ਵੇਲੇ ਪਰਦੇਸੀਂ ਗਏ ਅੰਗਰੇਜ਼ ਫ਼ੌਜੀ ਨੂੰ ਸਟਫੇਟ ਲੱਗ ਜਾਂਦੀ, ਤਾਂ ਵੱਡਾ ਸਾਹਬ ਉਹਨੂੰ ਸਾਰੀ ਛੁੱਟੀ ਦੇ ਕੇ ਘਰ ਘਲ ਦਿੰਦਾ। ਫ਼ੌਜੀਆਂ ਦਾ ਬੋਲਾ ਬਣ ਗਿਆ: ਹੀ ਹੈਜ਼ ਗੌਨ ਬਲਾਈਟੀ। ਸਾਡੇ ਫ਼ੌਜੀਆਂ ਦੇ ਭਾ ਦਾ ਬਲਾਈਟ ਤਾਂ ਇੰਗਲੈਂਡ ਸੀ। ਸੋ ਵਲਾਇਤ ਦੋ ਅਰਥਾ ਸ਼ਬਦ ਹੈ - ਕੋਈ ਸੁਰਗਪੁਰੀ ਤੇ ਜ਼ਖ਼ਮ। ਇੰਗਲੈਂਡ 'ਚ ਆਏ ਕਾਲੇ ਆਵਾਸੀਆਂ ਲਈ ਇਹਦਾ ਮਤਲਬ ਅਸਲੀ ਹੀ ਹੈ। ਸੁਰਗਪੁਰੀ ਵਿਚੋਂ ਕੁਝ ਹੋਰ ਹੀ ਨਿਕਲੀ। ਵਲਾਇਤ ਅੰਦਰੇ-ਅੰਦਰ ਰਿਸਦਾ ਜ਼ਖ਼ਮ ਹੈ, ਨਾਸੂਰ।

ਇੰਗਲੈਂਡ 'ਚ ਪਹਿਲਾਂ-ਪਹਿਲ ਹਿੰਦੁਸਤਾਨੀ ਮਸਖ਼ਰੇ 17ਵੀਂ ਸਦੀ 'ਚ ਆਏ ਸਨ ਤੇ ਅਗਲੀ ਸਦੀ 'ਚ ਦੱਖਣ ਤੋਂ ਘਰੇਲੂ ਨੌਕਰ, ਜਿਨ੍ਹਾਂ ਨੂੰ ਅੰਗਰੇਜ਼ ਮੂਰਮੈਨ ਤੇ ਜੈਂਟੂਜ਼ ਆਖਦੇ ਸਨ। ਲੰਡਨ ਦੇ ਵਪਾਰੀਆਂ ਦੇ ਪੁੱਤ, ਫ਼ੌਜੀ ਅਫ਼ਸਰ, ਪਾਦਰੀ ਤੇ ਅਯਾਸ਼ੀਆ ਅਤੇ ਈਸਟ-ਇੰਡੀਆ ਕੰਪਨੀ ਦੇ ਕਾਰਿੰਦੇ ਘਰ ਮੁੜਦੇ ਨਾਲ ਹਿੰਦੁਸਤਾਨੀ ਨੌਕਰ ਵੀ ਲਿਆਉਂਦੇ ਸਨ, ਜੋ ਹਬਸ਼ੀ ਗੁਲਾਮਾਂ ਨਾਲੋਂ ਸਸਤੇ ਪੈਂਦੇ ਸਨ। ਅਠਾਰਵੀਂ ਸਦੀ ਦੇ ਅਖ਼ੀਰ ਬੰਗਾਲੀ ਜਹਾਜ਼ੀ ਲਸ਼ਕਰ ਆਏ। ਫੇਰ 19ਵੀਂ ਸਦੀ ਦੇ ਅਖ਼ੀਰ ਤੇ 20ਵੀਂ ਦੇ ਸ਼ੁਰੂ 'ਚ ਬਹੁਤ ਸਾਰੇ ਸੂਝਵਾਨ ਆਏ, ਜਿਨ੍ਹਾਂ ਨੂੰ ਸਿਆਸੀ ਸੁਰਤ ਇਥੇ ਆਈ ਤੇ ਵਤਨ ਪਰਤ ਕੇ ਕੌਮੀ ਲਹਿਰ ਦੇ ਮੋਢੀ ਬਣੇ।

ਇਥੇ ਆਉਣ ਵਾਲਾ ਪਹਿਲਾ ਪੰਜਾਬੀ ਮਹਾਰਾਜਾ ਦਲੀਪ ਸਿੰਘ ਸੀ ਤੇ 1878 'ਚ ਅਮ੍ਰਿਤਸਰੋਂ ਭਾਈ ਰਾਮ ਸਿੰਘ ਨੇ ਆ ਕੇ ਮਲਿਕਾ ਵਿਕਟੋਰੀਆ ਦੇ ਮਹਿਲ ਦਾ ਨਕਸ਼ਾ ਬਣਾਇਆ। ਇੰਗਲੈਂਡ ਦਾ ਪਹਿਲਾ ਗੁਰਦੁਆਰਾ ਪਟਿਆਲੇ ਵਾਲੇ ਰਾਜੇ ਨੇ 1908 'ਚ ਸ਼ੈਫ਼ਰਡਜ਼ ਬੁਸ਼ ਲੰਡਨ 'ਚ ਬਣਵਾਇਆ ਸੀ।

ਤੀਜੀ ਦਹਾਈ ਦੇ ਅਖ਼ੀਰ 'ਚ ਇਥੇ ਡਿੱਗੀਆਂ ਲਾ ਕੇ ਕਪੜੇ-ਲੱਤੇ ਵੇਚਣ ਵਾਲੇ ਪੈਡਲਰਾਂ ਦੀ ਵੱਡੀ ਗਿਣਤੀ ਸਿੱਖ ਭਾਟੜਿਆਂ ਤੇ ਪੰਜਾਬੀ ਮੁਸਲਮਾਨਾਂ ਦੀ ਸੀ। ਇਨ੍ਹਾਂ ਦੀ ਜ਼ਿਆਦਾ ਵੱਸੋਂ ਲੰਡਨ, ਬ੍ਰਿਸਟਲ, ਮਾਨਚੈਸਟਰ, ਲਿਵਰਪੂਲ, ਹਡਰਜ਼ਫ਼ੀਲਡ ਤੇ ਗਲਾਸਗੋ (ਸਕੌਟਲੈਂਡ) 'ਚ ਸੀ। ਸੰਨ 47 ਮਗਰੋਂ ਸਨਅਤੀ ਉਸਾਰੀ 'ਚ ਕੰਮ ਕਰਨ ਲਈ ਕਈ ਹਜ਼ਾਰ ਪੰਜਾਬੀ ਮਜ਼ਦੂਰ ਆਏ। ਇਸ ਵੇਲੇ ਬਰਤਾਨੀਆਂ ਵਿਚ ਪੰਜਾਬੀਆਂ (ਭਾਰਤੀ ਤੇ ਪਾਕਿਸਤਾਨੀ) ਦੀ ਕੁਲ ਵੱਸੋਂ 10 ਲੱਖ ਤੋਂ ਘੱਟ ਨਹੀਂ ਹੈ।

ਭਾਈ ਕਾਹਨ ਸਿੰਘ, ਲਾਲ ਸਿੰਘ ਕਮਲਾ ਅਕਾਲੀ, ਮਹਿੰਦਰ ਸਿੰਘ ਰੰਧਾਵੇ ਨੇ ਵੀ ਇੰਗਲੈਂਡ ਦੇ ਸਫ਼ਰ ਦੇ ਤਜਰਬੇ ਲਿਖੇ; ਪਰ ਜੋ ਬਲਰਾਜ ਸਾਹਣੀ ਨੇ ਮੁੱਢਲੇ ਆਵਾਸੀਆਂ ਬਾਰੇ ਲਿਖਿਆ, ਉਹਦੀ ਰੀਸ ਨਹੀਂ। (ਦੇਖੋ: 'ਕਾਮੇ", ਨਾਨਕ ਸਿੰਘ ਪੁਸਤਕਮਾਲਾ, ਅਮ੍ਰਿਤਸਰ, 1984)

'ਅਨੰਤ ਰਾਮ' (ਜਨਮ 1912) ਸਾਡੇ ਮੁੱਢਲੇ ਆਵਾਸੀ ਹਨ। ਇਹ ਪਹਿਲੀ ਵਾਰ 1931 ਵਿਚ ਇੰਗਲੈਂਡ ਆਏ ਸੀ ਤੇ ਪੂਰੇ ਸਤਾਈ ਸਾਲ ਆਪਣੀ ਘਰਵਾਲੀ ਤੇ ਨਿਆਣਿਆਂ ਤੋਂ ਵਿਛੜੇ ਰਹੇ। ਪਰੂੰ-ਪਰਾਰ ਜਦ ਇੰਗਲੈਂਡ ਦੇ ਦੁਆਬੀਏ ਕਮਿਉਨਿਸਟਾਂ ਨੇ ਹਿੰਦ ਮਜ਼ਦੂਰ ਸਭਾ ਦੀ ਪੰਜਾਹਵੀਂ ਵਰ੍ਹੇ ਗੰਢ ਮਨਾਈ, ਤਾਂ ਇਨ੍ਹਾਂ ਅਨੰਤ ਰਾਮ ਦਾ ਵੀ ਮਾਣ ਕੀਤਾ ਸੀ, ਕਿਉਂਕਿ ਇਹ ਇਸ ਜੱਥੇਬੰਦੀ ਦੀ ਸਕੱਤਰੀ ਵੀ ਕਰ ਚੁੱਕੇ ਹਨ।

ਕਵੈਂਟਰੀ ਸ਼ਹਿਰ 'ਚ ਰਹਿੰਦੇ ਅਨੰਤ ਰਾਮ ਦੀਆਂ ਇਹ ਗੱਲਾਂ ਜਿਵੇਂ ਥੜ੍ਹਾਂ 'ਤੇ ਖਲੋ ਕੇ ਕੀਤੀਆਂ ਗੱਲਾਂ ਹਨ, ਇਨ੍ਹਾਂ ਨੇ ਮੈਨੂੰ ਆਪਣੇ ਦਿਲ ਅੰਦਰ ਨਹੀਂ ਵੜਨ ਦਿੱਤਾ। ਇਹਦੇ ਕਈ ਕਾਰਨ ਹਨ, ਜਿਨ੍ਹਾਂ ਨੂੰ ਦੱਸਣ ਦਾ ਹੁਣ ਵੇਲਾ ਨਹੀਂ। ਪਰ ਇਨ੍ਹਾਂ ਨੇ ਜੋ ਵੀ ਦੱਸਿਆ, ਉਹਨੂੰ ਬਹੁਤਾ ਜਾਣ ਕੇ ਮੈਂ ਕਾਗ਼ਜ਼ 'ਤੇ ਉਤਾਰ ਦਿੱਤਾ ਹੈ।

ਸ: ਤੁਹਾਡਾ ਜਨਮ ਕਦੋਂ ਦਾ ਅਨੰਤ ਰਾਮ ਜੀ ਤੇ ਪਿੰਡ ਕਿਥੋਂ ਦਾ?

ਜ: ਪਾਸਪੋਰਟ ਦੇ ਮੁਤਾਬਕ 13 ਮਾਰਚ 1912 ਦਾ। ਪੈਦਾ ਕਿਥੇ ਹੋਇਆ ਸੀ ਮੈਨੂੰ ਨਹੀਂ ਪਤਾ। ਪਰ ਹੋਇਆ ਜ਼ਰੂਰ ਸੀ। ਉਹ ਵੀ ਏਥੇ ਆ ਕੇ ਪਤਾ ਲੱਗਾ ਕਿ ਯਾਦਾਸ਼ਤ ਰਖਣੀ ਚਾਹੀਦੀ ਆ। ਪਿੰਡ ਮੇਰਾ ਸ਼ੇਰਪੁਰ ਆ, ਨੂਰਮਹਲ ਦੇ ਪਾਸ। ਨੂਰਮਹਲ, ਬਿਲਗਾ, ਤਲਬਣ ਔਰ ਕੋਟ ਬਾਦਲ ਖ਼ਾਂ ਇਨ੍ਹਾਂ ਚੋਹਾਂ ਦੇ ਦਰਮਿਆਨ ਆ।

ਸ: ਤੁਹਾਡੇ ਘਰਾਂ ਚੋਂ ਪਹਿਲਾਂ ਬਾਹਰ ਕੌਣ ਆਇਆ ਸੀ?

ਜ: ਮੈਂ ਹੀ ਪਹਿਲਾ ਸੀ ਬਾਹਰ ਆਉਣ ਵਾਲਾ। ਪਿੰਡ ਦੇ ਕੁਝ ਆਦਮੀ ਬਾਹਰ ਆਏ ਸੀ। ਉਨ੍ਹਾਂ ਨੂੰ ਦੇਖ ਕੇ ਮੈਨੂੰ ਵੀ ਸ਼ੌਕ ਆਇਆ - ਚਲੋ ਬਾਹਰ ਦੋ ਪੈਸੇ ਬਣਾ ਲਿਆਈਏ।

ਸ: ਵਲਾਇਤ ਦਾ ਕਦੋਂ ਪਤਾ ਲੱਗਾ ਸੀ?

ਜ: ਜਦ ਤੋਂ ਮਾੜੀ ਜਿਹੀ ਹੋਸ਼ ਸੰਭਾਲੀ, ਉਦੋਂ ਤੋਂ ਹੀ ਪਤਾ ਲੱਗਾ। ਸਾਡੇ ਲਾਗੇ ਹੀ ਮੁਸਲਮਾਨਾਂ ਦਾ ਪਿੰਡ ਲੂੰਗੀਆਂ ਸੀ, ਓਥੋਂ ਦੇ ਲੋਕ ਇੰਗਲੈਂਡ ਪਹਿਲਾਂ ਆਏ ਸੀ। ਇਕ ਬੰਦਾ ਨਿਹਾਲ ਕਰਦੇ ਸੀ। ਉਹਦੇ ਨਾਲ ਆਉਣੀ-ਜਾਣੀ ਸੀ। ਉਹਦਾ ਇਥੇ ਸਫ਼ਰ ਸੀ। ਦੋ ਕੁ ਸਾਲ 'ਚ ਸੌ ਕੁ ਪੌਂਡ ਬਣਾ ਕੇ ਲੈ ਜਾਵੇ। ਜਹਾਜ਼ ਦਾ ਭਾੜਾ ਵੀ ਸਸਤਾ ਹੁੰਦਾ ਸੀ। ਇਕੱਤੀ ਪੌਂਡ ਆਉਣ ਜਾਣ ਦਾ।

ਸ: ਤੁਸੀਂ ਵਲਾਇਤ ਦਾ ਕੀ ਨਕਸ਼ਾ ਬਣਾਇਆ ਸੀ ਆਪਣੇ ਦਿਲ 'ਚ?

ਜ: ਦੇਖਿਆ ਜਾਏ ਤਾਂ ਉਨ੍ਹਾਂ ਦਿਨਾਂ 'ਚ ਕੌਣ ਇਨ੍ਹਾਂ ਗੱਲਾਂ ਨੂੰ ਜਾਣਦਾ ਸੀ। ਉਦੋਂ ਤਾਂ ਸੀ ਰੋਟੀ ਮਿਲਦੀ ਰਵ੍ਹੇ ਤੇ ਜੇਬ 'ਚ ਪੈਸਾ ਹੋਵੇ। ਸਾਡੇ ਪਿੰਡੋਂ ਚੰਦਾ ਤੇ ਦਲੀਪਾ ਇਥੇ ਆਏ ਸੀ। ਉਨ੍ਹਾਂ ਦੇ ਜਿਸ ਵੇਲੇ ਪੈਸੇ ਜਾਣੇ, ਮੈਂ ਵੀ ਸੋਚਣਾ...

ਸ: ਇਥੇ ਆਉਣ ਦਾ ਸਬੱਬ ਫੇਰ ਕਿਦਾਂ ਬਣਿਆ?

ਜ: ਪਹਿਲਾਂ ਪਾਸਪੋਰਟ ਬਣਦੇ ਸੀ ਅਫ਼ਰੀਕਾ ਦੇ। ਆਮ ਦੁਨੀਆਂ ਦਾ ਏਹੋ ਸਵਾਲ ਸੀ। ਪਾਸਪੋਰਟ ਪਹਿਲਾਂ ਬਣਾ ਕੇ ਰਖੀ ਛੱਡਿਆ। ਫੇਰ ਮੈਂ ਡਾਇਰੈਕਟ ਬਣਾਇਆ ਇੰਗਲੈਂਡ ਦਾ।

ਸ: ਘਰਵਾਲੀ ਦਾ ਕੀ ਖ਼ਿਆਲ ਸੀ?

ਜ: ਵਿਆਹ ਮੇਰਾ 9 ਕੁ ਸਾਲ ਦੀ ਉਮਰ 'ਚ ਹੀ ਹੋ ਚੁਕਾ ਸੀ। ਉਹਦੀ ਦਲੀਲ ਨਹੀਂ ਸੀ। ਉਪਰਥਲੀ ਦੇ ਚਾਰ ਨਿੱਕੇ-ਨਿੱਕੇ ਨਿਆਣੇ ਸੀ। ਰਿਸ਼ਤੇਦਾਰਾਂ 'ਚ ਮੇਰੀ ਮਾੜੀ ਮੋਟੀ ਇੱਜ਼ਤ ਬਣੀ ਹੋਈ ਸੀ। ਉਹ ਵੀ ਕਹਿੰਦੇ - ਕਿਉਂ ਜਾਂਦਾਂ ਤੂੰ ਬਾਹਰ ਨੂੰ (ਮੈਂ 'ਕੱਲਾ ਲੜਕਾ ਸੀ ਆਪਣੇ ਬਾਪ ਦੇ ਘਰ। ਘਰੋਂ ਕਹਿੰਦੀ - ਕੀ ਜ਼ਰੂਰਤ ਏ ਜਾਣ ਦੀ। ਗੁਜ਼ਾਰਾ ਤਾਂ ਹੁੰਦਾ ਈ ਜਾਂਦਾ। ਮੈਂ ਕਿਹਾ - ਗੁਜ਼ਾਰਾ ਤਾਂ ਸਾਰਿਆਂ ਦਾ ਹੀ ਹੁੰਦਾ। ਦੋ ਪੈਸੇ ਕੋਲ ਹੋਣਗੇ, ਤਾਂ ਔਖੀ ਘੜੀ ਲੰਘ ਜਾਊਗੀ।

ਜਿਸ ਵੇਲੇ ਇਨਸਾਨ ਦੇ ਪੈਰ ਘਰੋਂ ਬਾਹਰ ਨਿਕਲੇ ਹੋਏ ਹੋਣ ਨਾ, ਤਾਂ ਉਹ ਥੋਹੜਾ ਜਿਹਾ ਆਜ਼ਾਦੀ ਵਾਲਾ ਖ਼ਿਆਲ ਰਖਦਾ। ਮੈਂ ਪਹਿਲੇ ਬਹਾਵਲਪੁਰ ਵਲ ਸਫ਼ਰ ਲਾਇਆ ਸੀ, 1926 'ਚ। ਰੇਲ ਲਾਈਨ ਬਣੀ ਸੀ ਬਹਾਵਲਪੁਰੋਂ ਫ਼ਕੀਰਵਾਲੀ ਤਕ। ਨੂਰਮਹਲੀਏ ਬਿਹਾਰੀ ਲਾਲ ਮਿੱਟੂ ਐੱਸ. ਡੀਓ. ਨਾਲ ਸਾਡੀ ਮੁਹੱਬਤ ਸੀ। ਓਨ ਸਾਨੂੰ ਠੇਕਾ ਲੈ ਦਿੱਤਾ ਸੀ ਰਾਸ਼ਨ ਦੀ ਦੁਕਾਨ ਦਾ।

ਸ: ਕਦੋਂ ਤਿਆਰੀ ਕੀਤੀ?

ਜ: 1931 ਵਿਚ। ਅੰਦਾਜ਼ਾ ਹੀ ਲਾ ਲਿਆ 24 ਮਾਰਚ ਨੂੰ ਜਹਾਜ਼ ਚਲਣਾ ਹੈ। ਪੰਦਰਾਂ ਰੁਪਏ ਦਾ ਇਕ ਗਰਮ ਸੂਟ ਬਰਾਊਨ ਨੂਰਮਹਿਲ ਮੰਡੀ ਤੋਂ ਸਮਾਇਆ। ਨਾਲ ਕੰਬਲ ਵਾਲਾ ਬਿਸਤਰਾ ਤੇ ਤਿੰਨ ਚਾਰ ਲੀੜਿਆਂ ਵਾਲਾ ਲੋਹੇ ਦਾ ਟਰੰਕ।

ਸ: ਤੁਰਨ ਲੱਗਿਆਂ ਕੀ ਸ਼ਗਨ ਕਰਦੇ ਹੁੰਦੇ ਸੀ?

ਜ: ਸਵੇਰੇ ਵੇਲੇ ਸਿਰ ਉਠ ਕੇ ਚਲਣਾ। ਕਿਸੇ ਦੇ ਮੱਥੇ ਨਹੀਂ ਲਗਣਾ ਤੇ ਜਿਦਾਂ ਬਾਹਮਣਾਂ ਨੇ ਭਰਮ ਪਾਇਆ ਸੀ ਚੜ੍ਹਦੇ ਪਾਸੇ ਮੂੰਹ ਰਖ ਕੇ ਚਲਣਾ। ਰਿਸ਼ਤੇਦਾਰ 'ਕੱਠੇ ਹੋ ਜਾਂਦੇ ਸੀ। ਤੁਰਨ ਲੱਗੇ ਨੂੰ ਰੁਪਿਆ-ਰੁਪਿਆ ਦਿੱਤਾ ਮੈਨੂੰ। ਚੜ੍ਹੇ ਬਿਲਗਿਓਂ ਹੀ, ਕਿਉਂਕਿ ਉਹ ਚੜ੍ਹਦੇ ਪਾਸੇ ਨੂੰ ਸੀ। ਨੂਰਮਹਿਲ ਲਾਗੇ ਹੀ ਸੀ। ਪਰ ਓਥੋਂ ਨਹੀਂ ਚੜ੍ਹੇ। ਮੇਰੇ ਨਾਲ ਫਰਵਾਲੇ ਵਾਲਾ ਬਾਵਾ ਸਿੰਘ ਸੀ ਤੇ ਮੇਰੇ ਪਿੰਡ ਦਾ ਸੋਹਣ ਸਿੰਘ। ਟੇਸ਼ਣ 'ਤੇ ਮੇਰਾ ਬਾਪ ਤੇ ਹੋਰ ਸਰੀਕੇ ਦੇ ਆਦਮੀ ਚੜ੍ਹਾਉਣ ਆਏ ਸੀ।

ਸ: ਤੁਸੀਂ ਤੁਰਨ ਲੱਗੇ ਰੋਏ ਤਾਂ ਨਹੀਂ ਸੀ?

ਜ: ਘਰਵਾਲੀ ਨੇ ਤਾਂ ਰੋਣਾ ਹੀ ਸੀ। ਮੈਂ ਨਹੀਂ ਰੋਇਆ। ਮੈਨੂੰ ਤਾਂ ਸਗਾਂ ਖ਼ੁਸ਼ੀ ਸੀ ਆਉਣ ਦੀ। ਉੱਨੀ ਰੁਪਏ ਤੇ ਕੁਸ਼ ਆਨਿਆਂ ਦੀ ਟਿਕਟ ਬੰਬਈ ਦੀ ਕਟਾਈ। ਲੁਧਿਆਣੇ ਜਾ

ਕੇ ਗੱਡੀ ਬਦਲੀ। ਦੋ ਦਿਨ ਲਗ ਗਏ ਸੀ ਬੰਬਈ ਪਹੁੰਚਣ ਨੂੰ। ਦਲਾਲ ਨੂੰ ਪੁੱਛਿਆ ਤਾਂ ਕਹਿੰਦਾ - ਏਸ ਜਹਾਜ਼ ਤਾਂ ਜਗ੍ਹਾ ਨਹੀਂ ਮਿਲਣੀ। ਫੇਰ ਇਕ-ਦੋ ਹਫ਼ਤੇ ਰਹੇ। ਘਰੋਂ ਪੰਜ ਸੌ ਰੁਪਏ ਲੈ ਕੇ ਗਏ ਸੀ। ਫੇਰ ਸਲਾਹ ਕੀਤੀ। ਨਾਲ ਦੇ ਦੋਹਵੇਂ ਢਿੱਲੇ ਹੋ ਗਏ। ਫ਼ਰਵਾਲੇ ਵਾਲਾ ਕਹਿੰਦਾ - ਪੂਨੇ ਚਲੇ ਚਲੀਏ ਗਰਮੀ ਕੱਟਣ। ਮੈਂ ਕਿਹਾ ਆਪਾਂ ਪਿੰਡ ਮੁੜ ਚਲਦੇ ਆਂ।

ਪਹਿਲਾਂ ਸੋਚਿਆ ਪਈ ਘਰਦਿਆਂ ਨੂੰ ਕੀ ਦਸਾਂਗੇ। ਉਨ੍ਹਾਂ ਨੇ ਤਾਂ ਇਹੀ ਕਹਿਣਾ ਕਿ ਪਾਣੀ ਦੇਖ ਕੇ ਡਰ ਕੇ ਆ ਗਏ। ਓਹੀ ਗੱਲ ਹੋਈ। ਜਿਸ ਵੇਲੇ ਉਨ੍ਹਾਂ ਨੂੰ ਟਿਕਟ ਦਖਾਇਆ ਤਾਂ ਉਨ੍ਹਾਂ ਦੀ ਤਸੱਲੀ ਹੋ ਗਈ। ਉਪਰਲੇ ਦਿਲੋਂ ਘਰ ਦੇ ਖੁਸ਼ ਸੀ, ਚਲੋ ਠੀਕ ਹੋ ਗਿਆ। ਲੇਕਿਨ ਅੰਦਰੋਂ ਸੀ ਕਿ ਨਹੀਂ, ਇਹ ਆ ਗਏ ਹੋਣੇ ਡਰਦੇ। ਜਾਣਾ ਨਹੀਂ ਚਾਹੁੰਦੇ।

ਫੇਰ ਗਏ। ਇਟਾਲੀਅਨ ਜਹਾਜ਼ 19 ਮਈ ਰਾਤ ਨੂੰ ਚਲਿਆ ਸੀ। ਨੌਂ ਦਿਨਾਂ 'ਚ ਵੀਨਸ ਪਹੁੰਚ ਗਏ। ਓਥੋਂ ਬਾਈ ਟਰੇਨ ਫ਼ਰਾਂਸ, ਫ਼ਰਾਂਸ ਤੋਂ ਲੰਡਨ। ਸਾਰੇ ਪੈਂਤੀ ਜਣੇ ਹੋ ਗਏ; ਸਾਰੇ ਜਿਲਾ ਜਲੰਧਰ ਦੇ। ਸਿਰਫ਼ ਚਾਰ ਆਦਮੀ ਪੁਰਾਣੇ ਸੀ ਐਥੋਂ ਗਏ। ਉਨ੍ਹਾਂ ਸਲਾਹ ਦਿੱਤੀ ਕਿ ਜਹਾਜ਼ 'ਚ ਰੋਟੀ ਆਪਣੀ ਬਣਾਈਏ। ਅਸੀਂ ਆਪਣਾ ਰਾਸ਼ਣ ਲੈ ਕੇ ਰਖ ਲਿਆ। ਰਲਮਿਲ ਕੇ ਰੋਟੀ ਬਣਾ ਲੈਣੀ। ਅਦਨ ਤੋਂ ਡਾਟੜੇ ਚੜ੍ਹ ਪਏ। ਉਨ੍ਹਾਂ ਨੇ ਸਾਥੋਂ ਦਾਲ-ਸਬਜ਼ੀ ਲੈਣੀ, ਅਸੀਂ ਉਨ੍ਹਾਂ ਤੋਂ ਪਾਪੜ। ਪਾਪੜ ਉਲਟੀਆਂ ਵੇਲੇ ਕੰਮ ਆਉਂਦੇ ਆ।

ਰਾਤ ਨੂੰ ਵਿਕਟੋਰਿਆ ਸਟੇਸ਼ਨ (ਲੰਡਨ) ਪਹੁੰਚੇ ਬਾਰਾਂ ਵਜੇ। ਜਿਨਾਂ ਦੀ ਵਾਕਫ਼ੀ ਸੀ, ਉਹ ਤਾਂ ਉਤਰਦੇ ਹੀ ਚਲੇ ਗਏ। ਅਸੀਂ ਪੰਜ ਕੁ ਸੀਗੇ। ਤਿੰਨ ਅਸੀਂ ਤੇ ਦੋ ਹੋਰ ਫ਼ਗਵਾੜੇ ਲਾਗੀ ਖੇੜੇ ਦੇ। ਪੁਰਾਣਿਆਂ ਨੂੰ ਇਕ ਆਦਮੀ ਲੈਣ ਗਿਆ ਹੋਇਆ ਸੀ ਲੰਡਨੋਂ। ਉਹਨੂੰ ਜਦ ਮੈਂ ਆਪਣਾ 17 ਵਾਈਟਚੈਪਲ ਲੇਨ ਈਸਟਐਂਡ ਐਡਰੈੱਸ ਦਖਾਲਿਆ ਆਪਣੇ ਪੈਂਡੂ ਦਲੀਪੇ ਦਾ, ਤਾਂ ਉਹ ਕਹਿੰਦਾ ਇਹ ਤਾਂ ਦੁਕਾਨਦਾਰ ਦਾ ਐਡਰੈੱਸ ਆ, ਜਿਥੋਂ ਡਿੱਗੀਆਂ ਵਾਲੇ ਮਾਲ ਖ਼ਰੀਦਦੇ ਹੁੰਦੇ ਸੀ। ਉਹ ਕਹਿੰਦਾ - ਤੁਸੀਂ ਗੁਰਦੁਆਰੇ ਸ਼ੈਫ਼ਰਡਜ਼ਬੁਸ਼ ਚਲੇ ਜਾਓ। ਮੇਰੇ ਪਾ ' ਇਕ ਹੋਰ ਐਡਰੈੱਸ ਸੀ। ਸਾਡੇ ਪਿੰਡ ਲਾਗਿਓਂ ਉਮਰਪੁਰਿਓਂ ਮੈਂ ਸਨੇਹਾ ਲੈ ਕੇ ਆਇਆ ਸੀ ਦੋ ਆਦਮੀਆਂ ਵਾਸਤੇ। ਉਹਨੇ ਟੈਕਸੀ ਕਰ ਦਿੱਤੀ ਤੇ ਉਮਰਪੁਰੀਏ ਦੇ ਘਰ ਆ ਗਏ। ਸਪਿਟਲਜ਼ਫ਼ੀਲਡ ਮਾਰਕਿਟ ਦੇ ਪਿਛਾੜੀ 4 ਨੰਬਰ। ਟੈਕਸੀ ਵਾਲੇ ਨੇ ਡੋਰ ਕੀਤੀ। ਅੰਦਰੋਂ ਓਹੀ ਨਿਕਲੇ। ਅੰਦਰ ਜਾਣ ਨੂੰ ਇਸ਼ਾਰਾ ਕਰ ਦਿੱਤਾ ਤੇ ਆਪ ਬਾਹਰ ਨਿਕਲ ਗਏ। ਕਿਚਨ ਦੇ ਵਿਚ ਗਏ ਤਾਂ ਬਿਲਗੇ ਦਾ ਵਰਿਆਮਾ ਬੈਠਾ ਸੀ। ਓਨ ਸਾਡੀ ਬੜੀ ਸੇਵਾ ਕੀਤੀ। ਜਿੰਨੀ ਇੰਡੀਆ 'ਚ ਕੋਈ ਰਿਸ਼ਤੇਦਾਰ ਵੀ ਨਹੀਂ ਕਰਦਾ। ਇਥੋਂ ਮਲੂਮ ਹੋਇਆ ਕਿ ਪਰਦੇਸ ਮਲੂਮ ਨਹੀਂ ਹੋਊਗਾ।

ਸ: ਫੇਰ?

ਜ: ਸਵੇਰੇ ਜਾ ਕੇ ਪੁਲਸ 'ਚ ਇਤਲਾਹ ਦਿੱਤੀ। ਇਸ਼ਾਰਿਆਂ ਨਾਲ ਹੀ ਗੱਲ ਕਰਨੀ; ਕਪੜਾ ਵੇਚਣ ਵੇਲੇ ਵੀ। ਦਲੀਪੇ ਨੇ ਦੁਕਾਨ ਤੋਂ ਸੈਕਲ ਕਰਾਏ 'ਤੇ ਲੈ ਕੇ ਸਖਾਲਿਆ। ਕਿਸੇ ਨੇ ਮਿਲਣਾ ਤਾਂ ਹੌਸਲਾ ਦੇਣਾ - ਫ਼ਿਕਰ ਨਾ ਕਰੋ, ਛੇਤੀਂ ਪੈਸੇ ਬਣਾ ਲਓਂਗੇ। ਇਕ ਦੂਏ ਨਾਲ ਮਹੱਬਤ ਸੀ ਕਿ ਪਿੰਡ ਦਾ ਚੇਤਾ ਹੀ ਨਾ ਆਉਣ ਦੇਵੇ।

ਪੈੱਡਲਰਜ਼ ਸਰਟੀਫ਼ੀਕੇਟ ਸਾਲ 'ਚ 5 ਸ਼ਲਿੰਗ ਫ਼ੀਸ ਦੇ ਕੇ ਮਿਲ ਜਾਂਦਾ ਸੀ। ਦਰਅਸਲ ਉਹ ਸੀ ਤਾਂ ਭੀਖ ਮੰਗਣ ਵਾਲਾ ਹੀ ਹਿਸਾਬ। ਕਨੂੰਨ ਇਹ ਸੀ ਕਿ ਇਕ ਮਹੀਨਾ ਇਕ ਥਾਂ ਰਹੋ, ਤਾਂ ਮਿਲਦਾ ਸੀ।

ਲਸੰਸ ਬਣਿਆ ਤਾਂ ਅਸੀਂ ਬਿਜ਼ਨਸ ਸ਼ੁਰੂ ਕਰ ਦਿੱਤੀ ਆਪਣੀ। ਮਾਲ ਤਾਂ ਪਹਿਲਾਂ ਹੀ ਖ਼ਰੀਦ ਕੇ ਰਖਿਆ ਸੀ। ਪੰਜ ਪੌਂਡ ਫੇਰ ਵੀ ਬਚ ਰਹੇ ਸੀ ਮੇਰੇ ਕੋਲ। ਸੌਦਾ ਹੁੰਦਾ ਸੀ - ਮਰਦ ਤੀਵੀਆਂ ਦੀਆਂ ਸਟਾਕਨਾਂ (ਸਟੌਕਿੰਗਜ਼), ਓਵਰਆਲ, ਅੰਡਰਵੀਅਰ, ਆਦਮੀਆਂ ਦੀਆਂ ਕਮੀਜ਼ਾਂ, ਟਾਈਆਂ, ਮਫ਼ਲਰ। ਇਕ ਕਮੀਜ਼ ਦੀ ਕੀਮਤ ਹਾਫ਼ ਕਰਾਊਨ ਹੁੰਦੀ ਸੀ ਵੇਚਣ ਦੀ, ਸਾਢੇ ਬਾਰਾਂ ਪੈਨੀਆਂ। ਮੇਰੀ ਬਿਜ਼ਨਸ ਤਾਂ ਨਹੀਂ ਚਲੀ। ਇਹ ਤਾਂ ਕਿਸਮਤ ਦੀ ਗੱਲ ਆ। ਓਹੀ ਮਾਲ ਮੇਰੇ ਪਾਸ ਸੀ, ਓਹੀ ਮੇਰੇ ਨਾਲ ਦਿਆਂ ਕੋਲ ਸੀ। ਉਨ੍ਹਾਂ ਦਾ ਬਿਕਦਾ ਸੀ। ਮੇਰੀ ਰੋਟੀ ਬੀ ਨਾ ਸੀ ਤੁਰਦੀ।

ਸ: ਸੌਦਾ ਕਿਦਾਂ ਵੇਚਦੇ ਸੀ ਤੁਸੀਂ ?

ਜ: ਪੈਦਲ ਹੀ ਜਾਣਾ ਸੂਟਕੇਸ ਚੁੱਕੀ ਬੂਹਾ ਖੜਕਾ ਕੇ ਪੁੱਛਣਾ: ਲੇਡੀਜ਼ ਵਾਂਟ ਐਨੀਥਿੰਗ ? ਉਨ੍ਹਾਂ ਕਹਿਣਾ: ਨੌਟ ਟੂਡੇ, ਤਾਂ ਅਸੀਂ ਆ ਜਾਣਾ। ਮੇਰਾ ਤਾਂ ਹਿਸਾਬ ਹੀ ਇਹ ਸੀ ਕਿ ਮੁੱਲ ਹੀ ਏਨਾ ਕਰੋ ਕਿ ਜਿਹੜਾ ਅਗਲਾ ਦੇ ਹੀ ਦਏ। ਟਾਈਆਂ ਚਾਰ ਕਿਸਮ ਦੀਆਂ ਸੀ। ਇਕ ਦੋ ਸ਼ਲਿੰਗ ਦਰਜਨ ਆਉਂਦੀਆਂ ਸੀ। ਇਕ ਸਾਢੇ ਚਾਰ, ਇਕ ਸਤ ਸ਼ਲਿੰਗ ਤੇ ਇਕ ਗਿਆਰਾਂ ਸ਼ਲਿੰਗ। ਦੋ ਸ਼ਲਿੰਗ ਦਰਜਨ ਵਾਲੀ ਇਕ-ਇਕ ਸ਼ਲਿੰਗ ਤੋਂ ਘਟ ਨਹੀਂ ਸੀ ਵੇਚਦੇ। ਸਾਢੇ ਚਾਰ ਵਾਲੀਆਂ ਆਮ ਵਿਕਦੀਆਂ ਸੀ।

ਸ: ਸੌਦਾ ਬਰੂਹਾਂ 'ਤੇ ਖੜ੍ਹੋ ਕੇ ਵੇਚਦੇ ਸੀ ਜਾਂ ਅੰਦਰ ਵੜ ਕੇ?

ਜ: ਅੰਦਰ ਵੜਨ ਦੀ ਆਦਤ ਓਦੋਂ ਪਈ ਜਦ ਬਾਕਫ਼ ਹੋ ਜਾਂਦੇ ਸੀ।

ਸ: ਮੈਂ ਤਾਂ ਸੁਣਿਆਂ, ਗੋਰੀਆਂ ਮਾਲ ਮੁਫ਼ਤ ਲੈਣ ਦੀਆਂ ਮਾਰੀਆਂ ਅੰਦਰ ਸਦ ਲੈਂਦੀਆਂ ਸੀ।

ਜ: ਹਾਂ ਮੇਰੇ ਨਾਲ ਹੋਇਆ ਸੀ... ਫੇਰ 1939 'ਚ ਮੈਂ ਗਿਲਫ਼ਰਡ ਕੰਮ 'ਤੇ ਲਗ ਗਿਆ। ਪਹਿਲਾਂ ਗੋਰਿਆਂ ਨੂੰ ਪਤਾ ਈ ਨਾ ਸੀ ਕਿ ਇੰਡੀਅਨ ਕੰਮ ਵੀ ਕਰ ਸਕਦੇ ਆ। ਦੋ ਮੁਸ਼ਕਲਾਂ ਸੀ - ਇਕ ਜ਼ਬਾਨ ਦੀ ਤੇ ਦੂਸਰਾ ਕੰਮ ਕਰਨ ਦਾ ਫ਼ਰਕ। ਅਸੀਂ ਬਹਿ ਕੇ ਕੰਮ ਕਰਨਾ, ਇਹ ਖੜ੍ਹੇ ਹੋ ਕੇ ਕਰਦੇ ਸੀ। ਉਹ ਸਾਡੀ ਸ਼ਕਲ ਦੇਖ ਕੇ ਹੀ ਸੋਚ ਲੈਂਦੇ ਸੀ ਕਿ ਇਹ ਨਹੀਂ ਕੰਮ ਦੇ। ਹੱਥ ਫੇਰ ਦੇਣਾ। ਪਤਾ ਲੱਗ ਜਾਣਾ ਕਿ ਕੰਮ ਨਹੀਂ ਆਂ।

ਓਥੇ ਫੇਰ ਦੋ-ਚਾਰ ਤਕੜੇ ਆਦਮੀ ਬਾਹਰਲੇ ਕੰਮ 'ਤੇ ਲੱਗੇ। ਜਿਨ੍ਹਾਂ ਵਿਚ ਇਕ ਸੀਗਾ ਢਾਹਾਂ 'ਤੇ ਆਤਮਾ ਸਿੰਘ ਤੇ ਸ਼ੇਰ ਸਿੰਘ ਬਿਲਗੇ ਦਾ ਤੇ ਗਰੀਬ ਦਾਸ ਸੀਗਾ ਬੀਰਬੰਸੀਆਂ ਦਾ। ਤੇ ਮਿਲਖੀ ਸੀਗਾ ਜੰਡਿਆਲੇ ਦਾ। ਇਹ ਚਾਰੇ ਤਕੜੇ ਸੀ। ਇਨ੍ਹਾਂ ਦਾ ਮੁਖ਼ਤਿਆਰ ਸੀਗਾ ਆਤਮਾ ਸਿੰਘ। ਕੰਮ ਸਖ਼ਤ ਕਰਕੇ ਦਖਾਇਆ ਤੇ ਕੰਪਨੀ ਨੂੰ ਫ਼ਾਇਦਾ ਹੋ ਗਿਆ। ਸਾਡੇ ਜਿਨ੍ਹਾਂ ਲੋਕਾਂ ਦੀ ਬਿਜ਼ਨਿਸ ਨਹੀਂ ਸੀ ਚਲਦੀ, ਉਹ ਲੰਡਨੋਂ ਓਥੇ ਆ ਗਏ। ਅਸੀਂ ਅਠਾਰਾਂ-ਉਨੀ ਆਦਮੀ ਹੋ ਗਏ।

ਸ: ਰੋਟੀ-ਟੁਕ ਤੇ ਸ਼ੁਗਲ ਮੇਲੇ ਦਾ ਕੀ ਕਰਦੇ ਸੀ ?

ਜ: ਰੋਟੀ ਇੱਕੋ ਥਾਂ ਸੀ। ਬਾਰੀ-ਬਾਰੀ ਬਣਾ ਲੈਂਦੇ ਸੀ। ਸਤ ਮੀਲ ਸੈਕਲਾਂ 'ਤੇ ਕੰਮ 'ਤੇ ਜਾਂਦੇ ਸੀ। ਛੁੱਟੀ ਦਾ ਤਾਂ ਪਤਾ ਕੋਈ ਨਾ ਸੀ। ਐਤਵਾਰ ਨੂੰ ਡੋਰਾਂ ਨਹੀਂ ਸੀ ਕਰਦੇ। ਓਦਣ ਸ਼ਰਾਬਖਾਨੇ ਜਾ ਕੇ ਮਾਲ ਵੇਚਣਾ। ਵਸਾਖੀ ਦਵਾਲੀ ਕੀ ਹੁੰਦੀ ਆ, ਕਿਸੇ ਨੂੰ ਪਤਾ ਈ ਨਾ ਸੀ। ਸਿਰਫ਼ ਏਨਾ ਪਤਾ ਸੀ ਕਿ ਲੰਡਨ ਮਾਲ ਲੈਣ ਜਾਣਾ। ਨਾਜ਼ਰ ਸਿੰਘ ਜੰਡਿਆਲੇ ਦੇ ਨੇ ਬਾਬੂ ਸਿੰਘ ਮਾਹਲਪੁਰ ਬਾੜੀਆਂ ਵਾਲੇ ਨੇ ਆਪਣੇ ਘਰੀਂ ਮਹਾਰਾਜ ਦਾ ਪ੍ਰਕਾਸ਼ ਕੀਤਾ ਹੋਇਆ ਸੀ। ਉਨ੍ਹਾਂ ਨੇ ਐਤਵਾਰ ਵਾਲੇ ਦਿਨ ਭੋਗ ਪਾਉਣਾ। ਅਸੀਂ ਬਾਹਰੋਂ ਆਉਣਾ ਤਾਂ ਆਲਡਰਗੇਟੋਂ ਸਵੇਰੇ-ਸਵੇਰੇ ਮਾਲ ਲੈ ਕੇ ਮੱਥਾ ਟੇਕ ਜਾਣਾ, ਨਾਲੇ ਇਕ ਦੂਏ ਦੀ ਵਾਕਫ਼ੀ ਹੋ ਜਾਣੀ। ਓਥੇ ਹੀ ਊਧਮ ਸਿੰਘ ਸ਼ਹੀਦ ਜਿਹੜਾ ਹੋਇਆ ਨਾ, ਉਨ੍ਹਾਂ ਨੂੰ ਓਥੇ ਹੀ ਦੇਖਿਆ ਸੀ। ਕਈ ਦਫ਼ਾ ਦੇਖਿਆ ਉਹਨੇ ਮੱਥਾ ਟੇਕਣਾ ਹਾਫ਼ ਕਰਾਊਨ ਜਾਂ ਦੋ ਸ਼ਲਿੰਗ ਚਕ ਕੇ, ਤਾਂ ਕਿਸੇ ਨੂੰ ਪਤਾ ਨਾ ਲਗਣਾ। ਫੇਰ ਮਹੀਨੇ ਕੁ ਨੂੰ ਆਖ ਦੇਣਾ ਕਿ ਆਹ ਮੈਂ ਚੋਰੀ ਕਰ ਕੇ ਲੈ ਗਿਆ ਸੀ ਤੇ ਆਹ ਕੋਲੋਂ ਅੱਜ ਮੈਂ ਹੁਣ ਚੜ੍ਹਾਉਣ ਲੱਗਾਂ। ਜਦ ਜ਼ਰੂਰਤ ਹੁੰਦੀ ਤਾਂ ਵੀ ਬਾਬੇ ਕੋਲੋਂ ਹੀ ਲਈਦਾ, ਇਹ ਉਹਦਾ ਖ਼ਿਆਲ ਸੀ।

ਸ: ਘਰੋਂ ਸੁੱਖ-ਸੁਨੇਹਾ ਤਾਂ ਆ ਜਾਂਦਾ ਹੋਣਾ ?

ਜ: ਚਿੱਠੀ ਆਉਣ ਨੂੰ ਮਹੀਨਾ ਕੁ ਲਗ ਜਾਂਦਾ ਸੀ। ਔਗੀ ਘਰ ਦੇ ਵਿਚ ਬਜ਼ੁਰਗ ਹੀ ਚਿੱਠੀ ਲਿਖਦੇ ਹੁੰਦੇ ਸੀ। ਘਰ ਵਾਲੀਆਂ ਨਹੀਂ ਸੀ ਲਿਖਦੀਆਂ। ਘਰਵਾਲੀ ਨੂੰ ਲਿਖਣ ਦਾ ਤਾਂ ਓਦੋਂ ਸਵਾਲ ਹੀ ਨਾ ਸੀ। ਬਸ ਇਸ਼ਾਰਾ ਕਰ ਦੇਣਾ ਕਿ ਏਨੇ ਪੈਸੇ ਉਨ੍ਹਾਂ ਨੂੰ ਦੇ ਦੇਣੇ; ਬੱਚਿਆਂ ਨੂੰ ਕੋਈ ਤਕਲੀਫ਼ ਨਾ ਹੋਏ। ਪਹਿਲਾਂ-ਪਹਿਲਾਂ ਸਰਨਾਵਾਂ ਓਥੋਂ ਦਾ ਦਿੱਤਾ, ਜਿਥੋਂ ਮਾਲ ਲੈਂਦੇ ਹੁੰਦੇ ਸੀ।

ਲੜਾਈ ਵੇਲੇ ਚਿੱਠੀਆਂ ਦੂਸਰੇ ਤਰ੍ਹਾਂ ਸੈਂਸਰ ਹੋ ਕੇ ਆਉਂਦੀਆਂ ਸੀ। ਹੁਣ ਤਾਂ ਏਅਰ ਲੈਟਰ ਚਲੇ ਹੋਏ ਆ। ਉਨ੍ਹਾਂ ਦਿਨਾਂ 'ਚ ਇਕ ਵੱਡਾ ਸਾਰਾ ਫ਼ਾਰਮ ਲੈਣਾ ਪੈਂਦਾ ਸੀ। ਖ਼ੁਸ਼ਖ਼ਤ ਲਿਖੇ ਤੇ ਫ਼ੋਟੋ ਪੋਸਟ ਆਫ਼ਿਸ ਵਾਲੇ ਛੋਟੀ ਕਰਕੇ ਭੇਜਦੇ ਹੁੰਦੇ ਸੀ। ਇੰਡੀਆ ਤੋਂ ਵੀ ਚਿੱਠੀਆਂ ਐਦਾਂ ਹੀ ਆਉਂਦੀਆਂ ਸੀ। ਕਾਹਲੀ ਨਾਲ ਲਿਖੀਆਂ ਦਾ ਨਾ ਓਧਰਲਾ ਪਤਾ ਲਗਦਾ ਸੀ, ਨਾ ਏਧਰਲਾ।

ਸ: ਘਰ ਪੈਸੇ ਭੇਜਦੇ ਸੀ ?

ਜ: ਹਾਂ ਬਾਕਾਇਦਾ। ਲੜਾਈ ਵੇਲੇ ਬੰਦ ਹੋ ਗਏ।

ਸ: ਆਪਣਿਆਂ ਨੇ ਗੋਰੀਆਂ ਵੀ ਕੀਤੀਆਂ ਸੀ ?

ਜ: ਇਹ ਬੜੀ ਦੂਰ ਦੀ ਗੱਲ ਆ, ਪਰ ਬਿਆਹ ਨਹੀਂ ਸੀ ਕਰਾਏ। ਦਰਅਸਲ ਆਪਣੇ ਮਤਲਬ ਦੀ ਖ਼ਾਤਰ ਲੈ ਆਉਂਦੇ ਸੀ। ਜਾਂ ਕਿਸੇ ਤਰ੍ਹਾਂ ਬੀ ਕਹਿ ਲਓ। ਇਹਦਾ ਕੁਐਂਟਰੀ ਆ ਕੇ ਪਤਾ ਲੱਗਾ 1942 ਵਿਚ। ਅਸੀਂ

ਮਜ਼ਦੂਰ ਸਭਾ 'ਚ ਪੰਚੈਤ ਬਣਾ ਲਈ ਸੀ, ਤਾਂਕਿ ਘਰੇਲੂ ਮਾਮਲੇ ਉਹਦੇ ਥਰੂ ਨਬੇੜੇ ਜਾਣ। ਉਨ੍ਹਾਂ ਦਿਨਾਂ 'ਚ ਮਜ਼ਦੂਰ ਸਭਾ ਦੀ ਬੜੀ ਬੁਕਤ ਸੀ। ਫੈਸਲੇ ਮੰਨ ਲੈਂਦੇ ਸੀ।

ਸ: ਮੈਂ ਤਾਂ ਸੁਣਿਆਂ ਚਾਲੂ ਗੋਰੀਆਂ ਆਪ ਹੀ ਆ ਕੇ ਬੂਹਾ ਖੜਕਾ ਦਿੰਦੀਆਂ ਸੀ।

ਜ: ਏਦਾਂ ਵੀ ਹੈ। ਤੁਸੀਂ ਅਮਰੀਕਾ 'ਚ ਸੁਣਿਆ ਹੋਊਗਾ। ਇਹ ਆਪਣੇ ਆਪ ਨੂੰ 'ਗਰੇਟ ਬ੍ਰਿਟਨ' ਕਹਾਉਂਦੇ, ਪਰ ਇਨ੍ਹਾਂ ਦੀ ਹਾਲਤ ਇਹੋ ਹੀ ਆ।

ਸ: ਤੁਸੀਂ ਕਵੈਂਟਰੀ ਕਿਦਾਂ ਆਏ?

ਜ: ਬਾਹਰ ਕਪੜੇ ਦੀ ਬਲੈਕ ਮਾਰਕਿਟ 'ਚ ਮੈਂ ਫੜਿਆ ਗਿਆ ਸੀ। ਵੀਹ ਪੌਂਡ ਜੁਰਮਾਨਾ ਹੋ ਗਿਆ ਸੀ। ਸੋਚਿਆ ਇਲਾਕਾ ਹੀ ਛਡ ਜਾਂ। ਪੈਸੇ ਓਦਾਂ ਬਣਦੇ ਹੀ ਕਾਲੀ ਮੰਡੀ 'ਚ ਸੀਗੇ। ਓਦਾਂ ਤਾਂ ਗੁਜ਼ਾਰਾ ਹੀ ਨਾ ਸੀ। ਮਾਲ ਵਿਕਦਾ ਹੀ ਨਹੀਂ ਸੀ। ਫੇਰ 6 ਮਹੀਨੇ ਬਲੈਕ 'ਚ ਜੇਲ ਕੱਟੀ ਬਰਮਿੰਘਮ।

ਨੱਤਾਂ ਦੇ ਗੁਰਦਾਸ ਤੇ ਵਸਾਵਾ ਸਿੰਘ ਕੋਲ 38 ਸਪ੍ਰਿੰਗ ਰੋਡ ਆ ਗਿਆ। ਮਜ਼ਦੂਰ ਸਭਾ ਦਾ ਸੈਕਟਰੀ 50 ਨੰਬਰ ਸੀ। ਹਿੰਦ ਮਜ਼ਦੂਰ ਸਭਾ ਦੀ ਬਨਿਆਦ 24 ਦਸੰਬਰ 1939 ਨੂੰ ਇਹ ਪਹਿਲਾਂ ਰਖ ਚੁੱਕੇ ਸੀ। ਗਲਾਮੀ ਅਜ਼ਾਦੀ ਕੀਹਨੂੰ ਕਹਿੰਦੇ ਆ ਇਹ ਸੁਣਨ ਦਾ ਸ਼ੌਕ ਹੋ ਗਿਆ। ਜਦ ਤਕ ਕੰਮ ਨਹੀਂ ਲਗਦੇ ਨਾ ਕਰਾਇਆ ਲੈਣਾ ਤੇ ਨਾ ਰੋਟੀ ਨਾ ਖ਼ਰਚ। ਉਨ੍ਹਾਂ ਦਿਨਾਂ 'ਚ ਹਫ਼ਤੇ ਦਾ 7 ਸ਼ਲਿੰਗ ਸੀ ਕਰਾਇਆ ਰਹਿਣ ਦਾ। ਜਦ ਕੁਐਂਟਰੀ 'ਤੇ ਜਿਆਦਾ ਬੰਬ ਪਏ ਤਾਂ ਓਦੋਂ ਅਸੀਂ ਮੋਰਟਨਮਾਰਸ਼ ਵੀਹ ਕੁ ਮੀਲ ਦੂਰ ਸੀ। ਪੈਂਤੀ ਕੁ ਜਣਿਆਂ ਦੀ ਰੋਟੀ ਬਣਾਉਣ ਦਾ ਕੰਮ ਮੈਂ ਕਰਦਾ ਸੀ। ਤਨਖ਼ਾਹ ਗੌਰਮਿੰਟ ਦਿੰਦੀ ਸੀ। ਏਅਰੋਡਰੋਮ ਬਣਦਾ ਸੀ ਤੇ ਲਕੜੀਆਂ ਦੀਆਂ ਝੌਂਪੜੀਆਂ।

ਸ: ਹਿੰਦ ਮਜ਼ਦੂਰ ਸਭਾ ਕਰਦੀ ਕੀ ਸੀ?

ਜ: ਸਾਡੇ ਜ਼ਿਆਦਾਤਰ ਪਿੰਡਾਂ ਤੋਂ ਆਏ ਹੋਏ ਸੀ। ਉਨ੍ਹਾਂ ਨੂੰ ਪਤਾ ਈ ਨਾ ਸੀ ਅਜ਼ਾਦੀ ਗੁਲਾਮੀ ਕਹਿੰਦੇ ਕੀਹਨੂੰ ਆ, ਜਾਂ ਗੋਰੇ ਸਾਨੂੰ ਬਲੈਕੀ ਕਿਉਂ ਕਹਿੰਦੇ ਆ, ਜਾਂ ਕਿਦਾਂ ਅੰਗਰੇਜ਼ ਸਾਨੂੰ ਲੁਟ ਕੇ ਲੈ ਗਏ ਆ। ਸਭਾ ਨੇ ਰੀਜ਼ਲਟ ਇਹ ਰਖਿਆ: ਲੋਕਾਂ ਨੂੰ ਅਜ਼ਾਦੀ ਗਲਾਮੀ ਦਾ ਦਸਣਾ। ਏਸ ਕਰਕੇ ਹਰ ਮਹੀਨੇ ਮੀਟਿੰਗ ਹੁੰਦੀ ਸੀ। ਫੇਰ 1945 ਵਿਚ ਜਦ ਮੈਂ ਅਸਿਟੈਂਟ ਸੈਕਟਰੀ ਬਣਿਆਂ ਤਾਂ ਪਾਸ ਹੋਇਆ ਕਿ ਐਗਜ਼ੈਕਟਿਵ ਦੇ ਦੋ-ਦੋ ਮੈਂਬਰ ਹਰ ਮੀਟਿੰਗ 'ਚ ਬੋਲਿਆ ਕਰਨ ਤਾਂ ਕਿ ਅਸੀਂ ਸਪੀਕਰ ਤਿਆਰ ਕਰੀਏ। ਮੇਰੀ ਬਾਰੀ ਆਈ ਤਾਂ ਮੈਨੂੰ ਫ਼ਿਕਰ ਪੈ ਗਿਆ, ਕਿਉਂਕਿ ਤਕਰੀਰ ਕਦੇ ਕੀਤੀ ਨਾ ਸੀ ਤੇ ਨਾ ਹੀ ਕੁਝ ਪਤਾ ਸੀ। ਖ਼ੈਰ। ਮੈਂ ਕੰਮ 'ਤੇ ਮਾੜੀ-ਜਿਹੀ ਟੁੱਟੇ-ਫੁੱਟੇ ਲਫ਼ਜ਼ਾਂ 'ਚ ਥਰੁ:ਰੁ:ਰੂ:ਣਾਈ। ਊਟਪਟਾਂਗ ਜਿਹਾ ਬਣਾ ਕੇ:

ਦੁੱਖਾ ਦਰਦਾਂ ਵਾਲੇ ਨਾਅਰੇ ਕਦ ਮਨਜ਼ੂਰ ਹੋਣਗੇ।
ਏਸ ਗੁਲਾਮੀ ਵਾਲੇ ਬੇੜੇ ਚਕਨਾਚੂਰ ਹੋਣਗੇ।

ਓਸੇ ਮੀਟਿੰਗ 'ਚ ਅਸੀਂ ਪਾਸ ਕੀਤਾ ਸੀ ਕਿ ਮਜ਼ਦੂਰ ਸਭਾ ਅਖ਼ਬਾਰ ਕੱਢੇ। ਗ਼ਦਰ ਦੀ ਗੂੰਜ ਵਰਗਾ। ਆਜ਼ਾਦ ਹਿੰਦ ਉਹਦਾ ਨਾਂ ਰਖਿਆ ਸੀ। ਐਡੀਟਰ ਸੀ ਵਿਦਿਆ ਪ੍ਰਕਾਸ਼ ਹੰਸਰਾਣੀ ਬੜੇ ਰੁੜਕਿਆਂ ਦਾ ਤੇ ਕਰਤਾਰ ਸਿੰਘ ਨਾਗਰਾ। ਆਪ ਹੀ ਛਾਪਦੇ ਸੀ ਸਾਈਕਲੋਸਟਾਈਲ ਕਰਕੇ, ਫੂਲਸਕੇਪ ਦੇ ਸਫ਼ੇ ਦਾ ਉਰਦੂ 'ਚ। ਤਿੰਨ ਸੌ ਕਾਪੀ ਮਹੀਨੇ ਦੀ ਮੁਫ਼ਤ ਵੰਡਦੇ ਸੀ। ਫ਼ਰਵਰੀ 45 'ਚ ਨਿਕਲਿਆ 1948 ਤਕ ਚਲਿਆ, ਜਦ ਚੋਧਰੀ ਅਕਬਰ ਖ਼ਾਨ ਨੇ ਫ਼ੈਸਲਾ ਕੀਤਾ ਕਿ ਅਖ਼ਬਾਰ ਵੱਡਾ ਕਰੀਏ।

ਸ: ਹੋਰ ਕੀ ਕਰਦੇ ਸੀ?

ਜ: · ਏਸ ਤੋਂ ਇਲਾਵਾ ਘਰੇਲੂ ਮਾਮਲਿਆਂ 'ਚ ਜੇ ਕਿਸੇ ਦਾ ਝਗੜਾ ਹੋ ਜਾਂਦਾ ਤਾਂ ਉਹ ਠੀਕ ਕਰਨਾ। ਸ਼ੁਰੂ ਵਿਚ ਦੇਸ ਭਗਤ ਪਰਿਵਾਰ ਸਹਾਇਕ ਕਮੇਟੀ ਨੂੰ ਅਮ੍ਰਿਤਸਰ ਪੈਸੇ ਘਲਦੇ ਸੀ।

ਸ: ਸਭਾ ਦੇ ਬਾਕੀ ਕੌਣ ਸਨ?

ਜ: ਕਰਤਾਰ ਸਿੰਘ ਨਾਗਰਾ, ਚਰਨ ਸਿੰਘ ਚੀਮਾ, ਧੰਨਾ ਸਿੰਘ ਪਾਸਲਾ, ਠਾਕਰ ਸਿੰਘ ਬਸਰਾ ਸੈਦੋਵਾਲ, ਇਕ ਲਿਤਰਾਂ ਦਾ ਤੇ ਰੁੜਕੇ ਦਾ ਜਗਦੀਸ਼ ਰਾਏ ਸੈਣੀ ਅਤੇ ਕਸ਼ਮੀਰੀ ਅਕਬਰ ਖਾਨ।

ਸ: ਕਾਮਰੇਡ ਕਹਿੰਦੇ ਆ ਊਧਮ ਸਿੰਘ ਬਾਨੀ ਸੀ।

ਜ: ਇਹ ਸਭ ਝੂਠ ਹੈ। ਉਹਨੂੰ ਬਾਨੀ ਦਸ ਰਹੇ ਆ ਸਿਰਫ਼ ਆਪਣੀ ਸ਼ੁਹਰਤ ਦੀ ਖ਼ਾਤਰ। ਉਹਦੀ ਅਸਲੀਅਤ ਦਾ ਵੀ ਮਗਰੋਂ ਆ ਕੇ ਪਤਾ ਲੱਗਾ। ਆਪਣੀ ਮਰਜ਼ੀ ਨਾਲ ਜਿਧਰ ਨੂੰ ਚਾਹੁਣ ਘੜੀਸ ਲੈਂਦੇ ਆ।

ਉਹਦਾ ਕੇਸ ਅਸੀਂ ਲੜਿਆ ਸੀ। ਮੋਹਰੀ ਜੰਡਿਆਲੇ ਦਾ ਸ਼ਿਵ ਸਿੰਘ ਜੌਹਲ ਸੀ। ਉਸ ਵੇਲੇ ਸੋਸ਼ਲ ਕਲੱਬ ਦਾ ਸੈਕਟਰੀ ਸੂਰਤ ਅਲੀ ਸੀ। ਸੀਗਾ ਉਹ ਹਿੰਦੂ। ਉਹ ਵੀ ਮੋਹਰੀ ਸੀ ਊਧਮ ਸਿੰਘ ਦੇ ਕੇਸ ਦਾ।

ਸ: ਤੁਸੀਂ ਕਦੇ ਜ਼ਿੰਦਗੀ 'ਚ ਖੁਸ਼ੀ ਵੀ ਦੇਖੀ?

ਜ: ਜਦ ਆਹ ਮਕਾਨ ਲਿਆ 1967 'ਚ। ਓਦੂੰ ਪਹਿਲੋਂ ਤਾਂ ਉਦਾਸ ਹੀ ਰਹੇ ਹਾਂ। ਸਭ ਤੋਂ ਵਧ ਉਦਾਸ ਮੌਕਾ 1957-58 'ਚ ਆਇਆ। ਕੰਮ ਹੈ ਨਹੀਂ ਸੀ, ਕਰਜ਼ਾ ਚੜ੍ਹ ਗਿਆ, ਦੀਵਾਲਾ ਦੇਣਾ ਪਿਆ, ਬਜ਼ੁਰਗਾਂ ਦਾ ਸਾਇਆ ਉੱਤੋਂ ਉਠ ਗਿਆ। ਬਜ਼ੁਰਗਾਂ ਨੂੰ ਨਾ ਦੇਖਣ ਦਾ ਪਛਤਾਵਾ ਹੈ ਬਸ। '87 'ਚ ਘਰਵਾਲੀ ਪੂਰੀ ਹੋ ਗਈ।

ਸ: ਤੁਸੀਂ ਖੱਟਿਆ ਕੀ ਵਲਾਇਤ ਆ ਕੇ?

ਜ: ਥੋੜ੍ਹੀ ਬਹੁਤ ਸਿਆਸਤ ਦਾ ਬਾਹਰ ਆ ਕੇ ਪਤਾ ਲੱਗਾ, ਓਥੇ ਰਹਿੰਦੇ ਤਾਂ ਮੁਸ਼ਕਲ ਸੀ।

ਸ: ਤੇ ਗੁਆਇਆ ਕੀ?

ਜ: ਮਾਂ ਪਿਉ।

ਕਵੈਂਟਰੀ, 24 ਮਾਰਚ 1991


ਸਤਲੁਜ ਫੈਸ਼ਨਜ਼
9332-120 St. Surrey, B.C.
ਫੋਨ: 589-6161

ਹਰ ਮੌਕੇ ਲਈ ਹਰ ਤਰ੍ਹਾਂ ਦਾ ਕਪੜਾ ਮਿਲ ਸਕਦਾ ਹੈ। ਵਾਜਬ ਕੀਮਤਾਂ
ਅੱਜ ਹੀ ਆਕੇ ਦਰਸ਼ਨ ਦਿਉ।

Sutton Group
Medallion Realty
#1-9200-120th St.
Surrey,B.C. V3V 4B7

ਜਦੋਂ ਵੀ ਤੁਸੀਂ ਵੀ ਜਾਇਦਾਦ ਖਰੀਦਣੀ ਜਾਂ ਵੇਚਣੀ ਹੋਵੇ ਤਾਂ ਤਾਂ ਆਪਣੀ ਕਮਿਊਨਟੀ ਦੇ ਜਾਣੇ ਪਹਿਚਾਣੇ ਕੁਲਦੀਪ ਗਿੱਲ ਹੁਰਾਂ ਤੋਂ ਉਨ੍ਹਾਂ ਦੇ ਪ੍ਰੋਫੈਸ਼ਨਲ ਸਲਾਹ ਮਸ਼ਵਰੇ ਲਈ ਫੂਨ ਕਰੋ।



KULDIP GILL M.A. B. Ed.

Member of fraser Valley Real Estate Board M.L.S. Medallion Club.
Looking for a house, building lot or house with acres, in Surrey or Delta. Call me first for my honest & genuine opinion

Sutton GROUP

Ph. 581-1211 Res. 590-8066

# ਕਲੇਅ ਉਵਨ ਰੈਸਟੋਰੈਂਟ

**9386 - 120 ਸਟਰੀਟ, ਸਰੀ ਬੀ.ਸੀ.**

* ਪਿਸਤੇ ਦੀ ਬਰਫੀ, ਮੇਸੂ, ਪਤੀਸਾ,
ਚਮਚਮ, ਰਸਗੁੱਲੇ, ਬਰਫੀ,ਮਿਲਕ ਕੇਕ, ਸਪੇਸ਼ਲ ਪੇੜੇ,
ਬਦਾਮ ਬਰਫੀ, ਖੀਰ ਮੋਹਨ, ਪੇਸਟ, ਬਾਲੂਸ਼ਾਹੀਆਂ,
ਕਰਾਚੀ ਹਲਵਾ, ਮੋਤੀ ਚੂਰ ਦੇ ਲੱਡੂ,ਜਲੇਬੀਆਂ,ਤੰਦੂਰੀ,
ਚਿਕਨ, ਨਾਨ ਅਤੇ ਹਰ ਪ੍ਰਕਾਰ ਦੇ ਨਮਕੀਨ।

*ਇਸਤੋਂ ਇਲਾਵਾ ਵੈਜੀਟੇਰੀਅਨ (ਸ਼ਾਕਾਹਾਰੀ) ਭੋਜਨ ਵੀ ਮਿਲਦਾ ਹੈ।

*ਅਸੀਂ ਵਿਆਹ ਸ਼ਾਦੀਆਂ ਲਈ ਕੇਟਰਿੰਗ ਵੀ ਕਰਦੇ ਹਾਂ।

*ਸਾਡੇ ਕੋਲ ਇੰਡੀਆ ਤੋਂ ਵਧੀਆ ਸ਼ੈਫ ਹਨ।

**Call Jagminder Mongat**
**Ph: (604) 589-7622**



# LASER SCREEN PRINTING

**Custom Printing**
**and Specialty Advertising**

Manufacturer and Distributors of:

*T-Shirts *Sportswear *Team Jackets
* Crests *Caps * Decals
* Transfers *Emblems *Calendars
*Pens * Matches * Glasswear
* Lighters * Buttons * Sales Aids
* Playing Cards *Lapel Pins
*Safety Awards *Promotional Gifts
* Incentives * Plus much more

**Ram Sharma**
5311-91 Street
Edmonton, Alberta, T6E 6E2
**Ph: (403) 468-6435**



ਸਰੀ-ਡੈਲਟਾ ਦੀ ਪੰਜਾਬੀ ਮਾਰਕੀਟ ਵਿਚ ਵਿਆਹ-ਸ਼ਾਦੀ ਦੇ ਸਾਮਾਨ ਦਾ ਬੀ.ਸੀ. ਦਾ ਸੱਭ ਤੋਂ ਵੱਡਾ ਸਟੋਰ।

**DELTA WEDDING CENTRE**
**9463- 120TH ST. (95 AVE & SCOTT RD.)**
**DELTA, B.C.**
**Ph: (604) 589-7622**

ਵਿਆਹ ਸ਼ਾਦੀਆਂ ਦੇ ਕਾਰਡ, ਤਾਜੇ ਅਤੇ ਸਿਲਕ ਦੇ ਫੁੱਲ, ਕਾਰਾਂ ਤੇ ਪਾਉਣ ਵਾਲੇ ਫੁੱਲਾਂ ਦਸੇ ਜਾਲ, ਮਹਿੰਦੀ ਚੂੜੇ ਤੇ ਕਲੀਰੇ ਤੇ ਵਿਆਹ ਦਾ ਹਰ ਤਰ੍ਹਾਂ ਦਾ ਸਾਮਾਨ, ਹਸਪਤਾਲ ਜਾਂ ਘਰ ਲਿਜਾਣ ਲਈ ਫੁਲਾਂ ਦੇ ਗੁਲਦਸਤੇ, ਬੱਚਿਆਂ ਦੇ ਜਨਮਦਿਨ ਦਾ ਸਾਮਾਨ, ਹਰ ਮੌਕੇ ਤੇ ਦੇਣ ਲਈ ਗਿਫਟ ਆਦਿ ਮਿਲਦੇ ਹਨ।

## ਹਾਲ ਵਿਚ ਡੇਕੋਰੇਸ਼ਨ ਦਾ ਪੂਰਾ ਪ੍ਰਬੰਧ ਹੈ।

ਹਾਲ ਡੇਕੋਰੇਸ਼ਨ ਵਾਸਤੇ ਕਿਰਾਏ ਤੇ ਕੇਕ, ਆਰਚ, ਗਜ਼ੀਬੋ, ਫੁੱਲਾਂ ਦੀਆਂ ਟੋਕਰੀਆਂ ਅਤੇ ਹਰ ਲੋੜੀਂਦਾ ਸਾਮਾਨ ਹੈ। ਵੱਖ ਵੱਖ ਰੰਗਾਂ ਵਿਚ ਟੇਬਲਾਂ ਦੀਆਂ ਸਕੱਰਟਾਂ, ਕਪੜੇ, *Streamers, Bells, Fans, Plume Pens, Guest* Books, Ribbons, Candles, Candies ਅਤੇ ਕੇਕ ਮਿਲਦੇ ਹਨ।

ਹੋਰ ਜਾਣਕਾਰੀ ਲਈ:

ਮੇਨੇਜਰ:ਮੱਖਣ ਟੁੱਟ ਫਲੋਰੈਸਟ:ਗੁਰਬਖਸ਼ਕੌਰ ਦਿਉ।



# Devinderjit (Dave) Singh Purewal

(Barrister, Solicitor & Notary Public)

ਦਵਿੰਦਰਜੀਤ ਸਿੰਘ ਪੁਰੇਵਾਲ

**Ph: (403) 462-7555**

**General Paractice of Law including:**

* ਕ੍ਰਿਮੀਨਲ (Criminal) * ਇਮੀਗਰੇਸ਼ਨ (Immigration)
*ਰੀਅਲ ਅਸਟੇਟ ਤੇ ਮੋਰਗੇਜ਼ (Real Estate & Mortagage)
* ਵਿੱਲ ਤੇ ਅਸਟੇਟ (Wills & Estate) * ਸਿਵਲ(Civil)
*ਡਾਇਵੋਰਸ ਤੇ ਫੈਮਲੀ ਕਾਨੂੰਨ (Divorce & Family Law)
* ਨਿਜੀ ਸੱਟਾਂ ਦੇ ਕਲੇਮ (Personal Injury Claims)

**Venkatraman & Associataes**
**Ph. (403) 436-7060**
**# 440-4445 Calgary Tr. South, Edmonton**
***Millwood Office:***
**9209-34th Ave. Edmonton**
**Alberta, T6E 5T5**

ਸੇਵਾਵਾਂ ਪੰਜਾਬੀ, ਹਿੰਦ ਤੇ ਉਰਦੂ ਵਿਚ ਵੀ ਮਿਲਦੀਆਂ ਹਨ।

# ਪੁਸਤਕ ਪਰਿਚੈ

**ਫੈਲਸੂਫੀਆਂ (ਨਿਬੰਧ ਸੰਗ੍ਰਹਿ)**

**ਲੇਖਕ: ਅਮਰਜੀਤ ਚੰਦਨ**

ਪ੍ਰਕਾਸ਼ਕ: ਰਵੀ ਸਾਹਿਤ ਪ੍ਰਕਾਸ਼ਨ, ਅਮ੍ਰਿਤਸਰ

ਪੰਨੇ: 140 ਮੁੱਲ : 50 ਰੁਪਏ

ਇਹ ਮਈ ਦਾ ਮਹੀਨਾ ਸੀ। ਕੈਲੇਫ਼ੋਰਨੀਆਂ 'ਚ ਬਹਾਰ ਆ ਰਹੀ ਸੀ। ਹਵਾ 'ਚ ਨਿੱਘ ਤੇ ਖ਼ੁਸ਼ਬੂ ਸੀ। ਇਕ ਦਿਨ ਮੈਂ ਕਿਸੇ ਸਟੋਰ ਤੋਂ ਹੋ ਕੇ ਆਈ ਸਾਂ ਜਿੱਥੇ ਕਈ ਕਿਸਮ ਦੇ ਬਾਹਰ ਤੇ ਕਮਰਿਆਂ 'ਚ ਲਾਉਣ ਵਾਲੇ ਫੁੱਲ-ਬੂਟੇ ਮਿਲ ਰਹੇ ਸਨ। ਘਰ ਆਉਣ 'ਤੇ ਦੇਖਿਆ ਕਿ ਡਾਕ ਵਿਚ ਇਕ ਕਿਤਾਬ ਵੀ ਆਈ ਹੈ - ਨਾਂ: ਫੈਲਸੂਫੀਆਂ ਤੇ ਲੇਖਕ: ਅਮਰਜੀਤ ਚੰਦਨ। ਕਿਤਾਬ ਦਾ ਰੰਗ ਵੇਖ ਮੈਨੂੰ ਸਟੋਰ 'ਚ ਵੇਖੇ ਜਾਮਣੀ ਰੰਗ ਦੇ ਪੈਨਜ਼ੀ ਫੁੱਲਾਂ ਦਾ ਖ਼ਿਆਲ ਆ ਗਿਆ। ਉਤਸੁਕਤਾ ਨਾਲ ਐਧਰੋਂ ਤੇ ਉਧਰੋਂ ਵਰਕੇ ਪਲਟ ਕੇ ਕਿਤਾਬ ਨੂੰ ਜਾਂਚਿਆ। ਚੰਦਨ ਦੀ ਤਸਵੀਰ ਨੂੰ ਗਹੁ ਨਾਲ ਵੇਖਿਆ ਤੇ ਫੇਰ ਕਿਤਾਬ ਨੂੰ ਕੁੱਝ ਚਿਰ ਲਈ ਪਰ੍ਹਾਂ ਰੱਖ ਦਿੱਤਾ।

ਵਿਹਲ ਮਿਲਣ 'ਤੇ ਕਿਤਾਬ ਨੂੰ ਪੜ੍ਹਣ ਬੈਠ ਗਈ। 'ਫੈਲਸੂਫੀਆਂ' ਦੇ ਬਹੁਤੇ ਲੇਖ ਮੈਂ ਪ੍ਰੀਤਲੜੀ 'ਚੋਂ ਪੜ੍ਹੇ ਹੋਏ ਸਨ। ਮੈਂ ਸੋਚਿਆ ਕਿ ਪਹਿਲਾਂ ਪੜ੍ਹਿਆਂ ਨੂੰ ਉੱਡਦੀ ਨਜ਼ਰੇ ਹੀ ਪੜ੍ਹ ਲਵਾਂਗੀ ਪਰ ਇਹ ਹੋ ਨਹੀਂ ਸਕਿਆ। ਕਾਰਣ ਇਨ੍ਹਾਂ ਲੇਖਾਂ ਵਿਚਲਾ ਕੋਈ ਜਾਦੂ ਹੈ ਜੋ ਪਾਠਕ ਨੂੰ ਜ਼ਬਰਦਸਤੀ ਫੜ੍ਹਕੇ ਹਰ ਲਾਈਨ ਪੜ੍ਹਣ ਲਈ ਮਜ਼ਬੂਰ ਕਰਦਾ ਹੈ। ਮੈਨੂੰ ਹੈਰਾਨੀ ਹੋਈ ਕਿ ਪਹਿਲਾਂ ਪੜ੍ਹੇ ਲੇਖ ਵੀ ਦੁਬਾਰਾ ਪੜ੍ਹਿਆ ਉਨ੍ਹੇ ਹੀ ਦਿਲਚਸਪ ਲੱਗੇ ਜਿਨ੍ਹੇ ਇਹ ਪਹਿਲੀ ਵਾਰੀ ਪੜ੍ਹਿਆਂ ਲੱਗੇ ਸਨ। ਇਨ੍ਹਾਂ ਲੇਖਾਂ ਨੂੰ ਮੈਂ ਫੇਰ ਕਈ ਵਾਰੀ ਪੜ੍ਹਿਆ ਤੇ ਹਰ ਵਾਰ ਇਹ ਸੱਜਰੇ ਲੱਗੇ। ਅਜਿਹਾ ਜਾਦੂ ਬਹੁਤ ਘੱਟ ਲਿਖਤਾਂ 'ਚ ਹੁੰਦਾ ਹੈ, ਖਾਸ ਕਰਕੇ ਪੰਜਾਬੀ ਦੀਆਂ 'ਚ। ਪੰਜਾਬੀ ਦੀਆਂ ਅਜਿਹੀਆਂ ਬਹੁਤ ਥੋੜੀਆਂ ਲਿਖਤਾਂ ਹਨ ਜਿਨ੍ਹਾਂ ਨੂੰ ਬਾਰ ਬਾਰ ਪੜ੍ਹਣ ਨੂੰ ਮਨ ਕਰਦਾ ਹੈ। ਮੈਨੂੰ ਖ਼ੁਸ਼ੀ ਹੈ ਕਿ 'ਫੈਲਸੂਫੀਆਂ' ਇਨ੍ਹਾਂ ਕਿਤਾਬਾਂ 'ਚੋਂ ਇਕ ਹੈ।

'ਫੈਲਸੂਫੀਆਂ' ਵਿਚਲੇ 17 ਲੇਖ ਵੱਖ ਵੱਖ ਵਿਸ਼ਿਆਂ ਬਾਰੇ ਹਨ। ਉਦਾਹਰਣ ਵੱਜੋਂ: 'ਭਗਤ ਸਿੰਘ ਦੀ ਤਸਵੀਰ', 'ਕਵਿਤਾ ਤੇ ਸੁਫ਼ਨਾ', 'ਪਾਸ਼ ਦੀ ਕਵਿਤਾ', 'ਬਾਰੀ ਵਿਚ ਖੜ੍ਹੀ ਔਰਤ', ' ਫ਼ਰੇਮ ਕੀਤਾ ਵਕਤ', 'ਸਾਊਥਾਲ', ਤੇ 'ਚਿੱਠੀਆਂ' ਆਦਿ। ਸਾਰੇ ਲੇਖਾਂ ਨੂੰ ਤਿੰਨ, ਚਾਰ ਵਾਰੀ ਪੜ੍ਹਣ ਪਿੱਛੋਂ ਮੈਂ ਸੋਚਣ ਲੱਗੀ ਕਿ ਜੇ ਮੈਂ ਦਸਣਾ ਹੋਵੇ ਕਿ ਮੈਨੂੰ ਕਿਹੜੇ ਕਿਹੜੇ ਲੇਖ ਜ਼ਿਆਦਾ ਪਸੰਦ ਸਨ ਤਾਂ ਮੈਂ ਕਿਹੜੇ ਚੁਣਾਂਗੀ ? ਬਹੁਤ ਸੋਚਣ ਪਿੱਛੋਂ ਵੀ ਮੈਂ ਇਕੋ ਫ਼ੈਸਲੇ ਤੇ ਪਹੁੰਚ ਸਕੀ ਕਿ ਮੈਨੂੰ ਸਾਰੇ ਹੀ ਲੇਖ ਬਹੁਤ ਪਸੰਦ ਹਨ। ਜਦ ਕਿਸੇ ਲੇਖਕ ਨੇ ਏਨਾ ਚੰਗਾ ਲਿਖਿਆ ਹੋਵੇ ਤਾਂ ਇਹ ਨਿਖੇੜ ਕਰ ਸਕਣਾ ਬਹੁਤ ਔਖਾ ਹੁੰਦਾ ਹੈ ਕਿ ਉਹਦੀ ਕਿਹੜੀ ਲਿਖਤ ਨੂੰ ਜ਼ਿਆਦਾ ਚੰਗੀ ਆਖਿਆ ਜਾਵੇ ਤੇ ਕਿਹੜੀ ਨੂੰ ਘੱਟ। ਏਸ ਹਾਲਤ ਵਿਚ ਇਹੋ ਹੀ ਹੋਇਆ ਹੈ।

ਕਿਤਾਬ ਦੀ ਭੂਮਿਕਾ ਵਿਚ ਸੁਰਜੀਤ ਹਾਂਸ ਹੋਰਾਂ ਲਿਖਿਆ ਹੈ ਕਿ 'ਫੈਲਸੂਫੀਆਂ' ਵਿਚ ਗੰਭੀਰ ਚਿੰਤਨ ਦੀ ਆਸ ਨਹੀਂ ਹੋ ਸਕਦੀ।' ਠੀਕ, 'ਫੈਲਸੂਫੀਆਂ' ਵਿਚ ਗੰਭੀਰ ਚਿੰਤਨ ਨਹੀਂ ਪਰ ਚਿੰਤਨ ਜ਼ਰੂਰ ਹੈ। ਯਾਦ ਰਹੇ ਕਿ ਚੰਦਨ ਨਾ ਤਾਂ ਫ਼ਿਲਾਸਫ਼ਰ ਹੈ ਤੇ ਨਾ ਇਕ ਸਕਾਲਰ। ਉਹ ਇਕ ਕਰੀਏਟਿਵ ਲੇਖਕ ਹੈ, ਤੇ ਖ਼ਾਸ ਕਰਕੇ ਇਕ ਕਵੀ। ਫੈਲਸੂਫ਼ੀਆਂ (ਉਹ ਵੀ ਪੁੱਠੇ ਲੱਲੇ ਨਾਲ) ਉਹਦੀ ਸਮੁੱਚੀ ਸ਼ਖ਼ਸ਼ੀਅਤ ਦਾ ਹੀ ਪ੍ਰਗਟਾਵਾ ਹਨ। ਉਹਦੇ ਇਹ ਲੇਖ ਏਨ੍ਹੇ ਦਿਲਚਸਪ ਤੇ ਕਾਵਿਮਈ ਹਨ ਕਿ ਇਨ੍ਹਾਂ 'ਚ ਸ਼ਫ਼ਾਫ਼ ਪਾਣੀ ਦੇ ਵਹਿੰਦੇ ਚਸ਼ਮੇਂ ਜਿਹੀ ਖਿੱਚ ਹੈ। ਸਕਾਲਰਲੀ ਜਾਰਗਨ ਨਾਲ ਲਾਇਬ੍ਰੇਰੀਆਂ ਭਰੀਆਂ ਪਈਆਂ ਹਨ। ਅਸੀਂ ਕਿਸੇ ਖ਼ਾਸ ਵਿਸ਼ੇ ਦੀ ਖ਼ਾਸ ਸਟੱਡੀ ਕਰਨ ਲਈ ਇਹ ਕਿਤਾਬਾਂ ਲਾਇਬ੍ਰੇਰੀਆਂ ਜਾਂ ਕਿਤਾਬਾਂ ਦੀਆਂ ਦੁਕਾਨਾਂ ਤੋਂ ਲੈ ਕੇ ਪੜ੍ਹ ਲਵਾਂਗੇ। ਪਰ ਜੱਦ ਅਸੀਂ ਕੁਝ ਕਿਰੀਏਟਿਵ ਪੜ੍ਹਨਾ ਹੋਇਆ ਤਾਂ ਅਸੀਂ 'ਫੈਲਸੂਫੀਆਂ' ਜਿਹੀਆਂ ਕਿਤਾਬਾਂ ਪੜ੍ਹਾਂਗੇ। ਇਕ ਸਕਾਲਰਲੀ ਕਿਤਾਬ ਤੇ 'ਫੈਲਸੂਫੀਆਂ' ਵਿਚ ਮੈਨੂੰ ਉਹੋ ਜਿਹਾ ਹੀ ਫ਼ਰਕ ਲਗਦਾ ਹੈ ਜਿਹੋ ਜਿਹਾ ਇਕ ਇੱਟਾਂ ਤੇ ਸੀਮਿੰਟ ਦੀ ਬਣੀ ਬਿਲਡਿੰਗ ਤੇ ਮਹਿਕਦੇ, ਝੂਮਦੇ ਫੁੱਲ ਵਿਚ ਹੋਵੇ। ਦੋਹਾਂ ਦੀ ਆਪਣੀ ਆਪਣੀ ਵਿਸ਼ੇਸ਼ਤਾ ਹੈ। ਜੇ ਇੱਟਾਂ ਦੀ ਬਿਲਡਿੰਗ ਨਾ ਹੋਵੇ ਤਾਂ ਕੀ ਹੋਵੇ ? ਜੇ ਫੁੱਲ ਨਾ ਹੋਣ ਤਾਂ ਕੀ ਹੋਵੇ ? ਸਾਨੂੰ ਦੋਹਾਂ ਦੀ ਲੋੜ ਹੈ। ਸ਼ਾਇਦ ਇੱਟਾਂ ਦੀ ਬਿਲਡਿੰਗ ਨਾਲੋਂ ਫੁੱਲਾਂ ਦੀ ਵੱਧ।

ਚੰਦਨ ਦੇ ਇਨ੍ਹਾਂ ਲੇਖਾਂ ਦੇ ਏਨੇ ਦਿਲਚਸਪ ਹੋਣ ਦੇ ਤਿੰਨ ਮੁੱਖ ਕਾਰਣ ਹਨ। ਇਕ, ਵੱਖ ਵੱਖ ਵਿਸ਼ਿਆਂ ਬਾਰੇ ਹਲਕੀਆਂ ਹਲਕੀਆਂ ਗੱਲਾਂ। ਦੋ, ਲੇਖਾਂ ਦਾ ਕਰੀਏਟਿਵ ਸਟਰੱਕਚਰ ਤੇ ਸੋਹਣੇ ਨਿੱਕੇ ਫ਼ਿਕਰੇ। ਤਿੰਨ, ਇਨਾਂ ਵਿਚਲੀ ਲੈਅ ਜਾਂ ਕਾਵਿਕਤਾ। ਕਈ ਗੱਲਾਂ ਉਹ ਅਜਿਹੀਆਂ ਆਖਦਾ ਹੈ ਕਿ ਇਹ ਸਾਡੀ ਸੋਚ ਨੂੰ ਫੜ ਬੈਠਦੀਆਂ ਹਨ। 'ਪਾਸ਼ ਦੀ ਕਵਿਤਾ' ਲੇਖ ਵਿਚ ਇਕ ਥਾਂ ਪੰਜਾਬੀਆਂ ਵਿਚ ਸ਼ਹਾਦਤ ਤੇ ਬਦਲੇ ਦੀ ਗੱਲ ਕਰਦਾ ਉਹ ਲਿਖਦਾ ਹੈ: 'ਸ਼ਹੀਦ ਹੋਣਾ ਤੇ ਬਦਲਾ ਲੈਣਾ ਪੰਜਾਬੀ ਸੁਭਾਅ ਹੈ। ਲਹੂ, ਮਕਤਲ, ਫ਼ਾਂਸੀ, ਸ਼ਹੀਦ, ਸਲੀਬਾਂ, ਤਲਵਾਰਾਂ ਦਾ ਜੰਗਲ ਵਰਗੀ ਕੁਰਬਾਨੀ ਦੇ ਤਸ਼ੀਹੇ ਤੇ ਬਿੰਬਾਂ ਨਾਲ ਅਤੇ ਦੁਸ਼ਮਣਾ ਨੂੰ ਇੱਕਤਰਫ਼ਾ ਸੰਬੋਧਨੀ ਅੰਦਾਜ਼ ਨਾਲ ਸਾਰੀ ਜੁਝਾਰ ਕਵਿਤਾ ਭਰੀ ਪਈ ਹੈ।' ਠੀਕ, ਮੈਂ ਸੋਚਿਆ, ਅਜਿਹਾ ਹੀ ਸਾਹਿਤ ਪੱਛਮ ਵਿਚ ਮੱਧ ਯੁੱਗ ਵਿਚ ਰਚਿਆ ਗਿਆ ਸੀ। ਉਦਾਹਰਣ ਵਜੋਂ, ਬੇਇਓਵੁਲਫ਼ (Beowulf), ਨਿਬਲੰਗਨਲਾਈਤ (Nibelungenlied) ਤੇ ਟ੍ਰਿਸਟਨ(Tristan) ਕਈ ਗੱਲੋਂ ਸਾਡੀ ਪੰਜਾਬੀਆਂ ਦੀ ਸੋਚ-ਸਮਝ ਹਾਲੇ ਵੀ ਮੱਧਯੁੱਗ ਤੋਂ ਅਗਾਂਹ ਨਹੀਂ ਗਈ। ਇਨ੍ਹਾਂ ਲੇਖਾਂ ਵਿਚ ਬਹੁਤ ਸਾਰੇ ਹੋਰ ਅਜਿਹੇ ਨੁਕਤੇ ਹਨ ਜੋ ਸਾਨੂੰ ਸੋਚਣ ਲਈ ਉਕਸਾਉਂਦੇ ਹਨ ਜਾਂ ਮਜ਼ਬੂਰ ਕਰਦੇ ਹਨ।

'ਫੈਲਸੂਫੀਆਂ' ਦੀ ਖਿੱਚ ਦਾ ਇਕ ਵੱਡਾ ਕਾਰਣ ਇਨ੍ਹਾਂ ਵਿਚ ਸ਼ਾਮਿਲ ਕਈ ਬਹੁਤ ਪਿਆਰੀਆਂ ਕਵਿਤਾਵਾਂ ਵੀ ਹਨ ਜਿਨ੍ਹਾਂ ਵਿੱਚੋਂ ਕੁੱਝ ਉਹਦੀਆਂ ਆਪਣੀਆਂ ਹਨ, ਕੁੱਝ ਉਹਦੇ ਦੋਸਤ-ਮਿਤਰਾਂ ਦੀਆਂ, ਤੇ ਕੁੱਝ ਉਹਦੇ ਮਹਿਬੂਬ ਕਵੀਆਂ ਦੀਆਂ। ਕਵਿਤਾਵਾਂ ਤੋਂ ਇਲਾਵਾ ਇਨ੍ਹਾਂ ਲੇਖਾਂ ਵਿਚ ਦੋਹੇ ਤੇ ਬੋਲੀਆਂ ਦੇ ਹਵਾਲੇ ਵੀ ਹਨ। ਏਸ ਸੱਭ ਕੁੱਝ ਨੇ ਇਨ੍ਹਾਂ ਫੈਲਸੂਫ਼ੀਆਂ ਨੂੰ ਏਨੀਆਂ ਸੋਹਣੀਆਂ ਬਣਾ ਦਿੱਤਾ ਹੈ ਕਿ ਇਨ੍ਹਾਂ ਨੂੰ ਬਾਰ ਬਾਰ ਪੜ੍ਹਣ ਪਿੱਛੋਂ ਵੀ ਮਨ ਨਹੀਂ ਭਰਦਾ। ਇਨ੍ਹਾਂ ਤੋਂ ਅੱਕ ਜਾਣ ਦਾ ਤਾਂ ਖ਼ਿਆਲ ਹੀ ਨਹੀਂ ਆਉਂਦਾ।

ਇਹ ਫੈਲਸੂਫ਼ੀਆਂ ਅਮਰਜੀਤ ਚੰਦਨ ਦੇ ਨਿਜ ਨਾਲ ਵੀ ਸਬੰਧਤ ਹਨ ਏਸ ਲਈ ਏਥੇ ਉਹਦੇ ਬਾਰੇ ਵੀ ਕੁਝ ਕਹਿਣਾ ਅਯੋਗ ਨਹੀਂ ਹੋਏਗਾ। ਸਾਡੇ 'ਚੋਂ ਕਈਆਂ ਦੇ ਮਨਾ ਵਿਚ ਚੰਦਨ ਦਾ ਬੜਾ ਨੈਗੇਟਿਵ-ਜਿਹਾ ਇਮੇਜ਼ ਰਿਹਾ ਹੈ, ਯਾਨੀ ਇਕ ਲੜਾਕੇ, ਈਰਖ਼ਾਲੂ ਤੇ ਗੁੱਸੇ ਖ਼ੋਰ ਮਰਦ ਦਾ। ਪਰ ਇਹਦੀ ਏਸ ਲਿਖਤ ਨੇ ਇਹਦਾ ਇਕ ਪਾਜ਼ੇਟਿਵ ਪੱਖ ਵੀ ਸਾਨੂੰ ਵਿਖਾਇਆ ਹੈ। 'ਸਾਈਕਲ ਚਲਾਉਂਦਿਆਂ' ਲੇਖ ਵਿਚ ਉਹ ਨਿੱਕੇ ਹੁੰਦਿਆਂ ਆਪਣੀ ਸਾਈਕਲ ਚਲਾਉਣਾ ਸਿੱਖਣ ਦੀ ਗੱਲ ਕਰਦਾ ਦਸਦਾ ਹੈ ਕਿ ਕਿਵੇਂ ਇਕ ਵਾਰੀ ਉਹ ਚੋਫ਼ਾਲ ਡਿੱਗਾ ਸੀ ਤੇ ਉਹਦੇ ਗੋਡੇ ਛਿੱਲੇ ਗਏ ਸਨ। ਕਾਰ ਚਲਾਉਣੀ ਸਿੱਖਣ ਤੋਂ ਉਹ ਘਬਰਾਉਂਦਾ ਹੈ, ਤੇ ਮੋਟਰਸਾਈਕਲ ਤੋਂ ਉਹਨੂੰ ਉਂਜ ਹੀ ਨਫ਼ਰਤ ਹੈ। ਅਜਿਹੇ ਕੁੱਝ ਤੋਂ ਉਹਦਾ ਇਮੇਜ ਇਕ ਟਿਪੀਕਲ ਪੰਜਾਬੀ ਮਰਦ ਤੋਂ (ਖ਼ਾਸ ਕਰਕੇ ਉਹਦੇ ਆਪਣੇ ਤੋਂ) ਵੱਖਰਾ ਬਣਦਾ ਹੈ।

ਇਨ੍ਹਾਂ ਲੇਖਾਂ ਵਿਚ ਇਕ ਹੋਰ ਗੱਲ ਵੀ ਹੈ ਜੋ ਲੇਖਕ ਨਾਲ ਹੀ ਸਬੰਧਤ ਹੈ, ਜਿਹਦੇ ਬਾਰੇ ਉਹਨੇ ਖੁੱਲ੍ਹਕੇ ਨਹੀਂ ਲਿਖਿਆ(ਪਰ ਇਹ ਕਿਤਾਬ ਦੀ ਪਿੱਠ-ਭੂਮੀ 'ਚ ਰਹਿੰਦੀ ਹੈ), ਉਹ ਹੈ ਉਹਦੀ ਉਦਾਸੀ ਤੇ ਬੇਚੈਨੀ। ਚੰਦਨ ਉਨ੍ਹਾਂ ਪ੍ਰਵਾਸੀਆਂ ਵਿਚੋਂ ਹੈ ਜੋ ਆਪਣੇ ਦੇਸ਼ ਤੇ ਸਮਾਜ ਦੀਆਂ ਬਹੁਤ ਸਾਰੀਆਂ ਗੱਲਾਂ ਨੂੰ ਠੁਕਰਾਉਂਦੇ ਵੀ ਆਪਣੀ ਧਰਤੀ ਨੂੰ ਮੋਹ ਕਰਦੇ ਹਨ। ਪੰਜਾਬ ਦਾ ਉਹਦੇ ਜ਼ਿਹਨ 'ਚ ਜਿਹੋ ਜਿਹਾ ਤਸੱਵਰ ਹੈ ਏਸ ਬਾਰੇ ਉਹ ਲਿਖਦਾ ਹੈ: "ਧੁੱਪ ਦੀ ਲੂਹੀ ਹੋਈ ਵੀਰਾਨ ਧਰਤੀ ਉੱਤੇ ਜ਼ਹਿਰਮੋਹਰੇ ਰੰਗ ਦੇ ਅੱਕ ਉੱਗੇ ਹੋਏ ਹਨ ਤੇ ਗਾਹੀ ਹੋਈ ਕਣਕ ਦੀ ਤੂੜੀ ਤੇ ਵਰੋਲਿਆਂ ਨਾਲ ਭਰੀ ਕਾਲੀ ਅਨ੍ਹੇਰੀ ਚੜ੍ਹੀ ਹੋਈ ਹੈ। ਏਸ ਹਵਾ ਵਿਚ ਸਾਹ ਲੈਣਾ ਵੀ ਔਖਾ ਹੈ।" ਇਕ ਥਾਂ ਉਹ ਪੰਜਾਬ ਲਈ "ਹਿੰਸਕ, ਤਨਹਾ, ਸਪਾਟ, ਕੁਹਜ, ਕਲੇਸ਼ ਭਰਿਆ ਤੇ ਪ੍ਰੀਤ-ਵਿਹੂਣਾ" ਜਿਹੇ ਵਿਸ਼ੇਸ਼ਣ ਵਰਤਦਾ ਹੈ। ਪਰ ਏਸੇ ਪੰਜਾਬ ਲਈ ਤਰਸਦਾ, ਤੜਫ਼ਦਾ ਉਹ ਲੰਡਨ ਵਿਚ ਰਹਿੰਦਾ, ਕੁੱਝ ਕਾਰਣਾ ਕਰਕੇ, ਇਕ ਜਲਾਵਤਨੀ ਜਿਹੀ ਜ਼ਿੰਦਗੀ ਗੁਜ਼ਾਰ ਰਿਹਾ ਹੈ।

ਚੰਦਨ ਦੀ ਹੋਰ ਲੇਖਕਾਂ ਤੇ ਅਲੇਖਕਾਂ ਨਾਲ ਤੂੰ-ਤੂੰ-ਮੈਂ-ਮੈਂ ਕਾਫ਼ੀ ਮਸ਼ਹੂਰ ਰਹੀ ਹੈ। ਉਹਦੇ ਗੁੱਸੇ ਤੋਂ ਉਹਦੇ

ਦੋਸਤ ਤੱਕ ਡਰਦੇ ਹਨ। ਏਸੇ ਕਿਤਾਬ ਦੀ ਭੂਮਿਕਾ ਲਿਖਣ ਲੱਗਾ ਉਹਦਾ ਦੋਸਤ ਸੁਰਜੀਤ ਹਾਂਸ ਆਪਣਾ ਫ਼ਿਕਰ ਦਸਦਾ ਹੈ: "ਚੰਦਨ ਦੀ ਭੂਮਿਕਾ ਦੀ ਪੇਸ਼ਕਸ਼ ਨੂੰ ਸੁਣਕੇ ਮੈਂ ਪਹਿਲਾਂ ਹੱਸਿਆ, ਖ਼ੁਸ਼ ਹੋਇਆ। ਫ਼ੇਰ ਮੈਂ ਆਪਣੇ ਦਿਲ 'ਚ ਰੋਇਆ, ਹੱਸਿਆ ਕਿ ਕਿਧਰੇ ਚੰਦਨ ਨਾਰਾਜ਼ ਹੀ ਨਾ ਹੋ ਜਾਏ।" ਪਰ ਚੰਦਨ ਤਾਂ ਸੱਚੀਂ ਬਹੁਤ ਬਦਲ ਗਿਆ ਜਾਪਦਾ ਹੈ। ਹੁਣ ਤਾਂ ਉਹਦੀ ਖਿੱਝਕੇ ਆਖੀ ਗੱਲ ਵੀ ਹਸਾਉਂਣੇ ਸੁਰ ਵਾਲੀ ਹੋ ਗਈ ਹੈ ਜਿਵੇਂ, ਪੰਜਾਬੀ ਕਵਿਤਾ ਵਿਚ ਉਦਾਸੀਨਤਾ ਬਾਰੇ ਆਖੀ ਉਹਦੀ ਗੱਲ ਕਿ "ਕਈ ਵਾਰ ਲਗਦੈ ਕਿ ਪੰਜਾਬੀ ਕੌਮ ਮੁਕਾਣੀ ਆਈ ਕੌਮ ਹੈ।" ਮੈਨੂੰ ਹੈਰਾਨੀਜਨਕ ਖ਼ੁਸ਼ੀ ਹੋਈ ਕਿ ਇਨ੍ਹਾਂ ਲੇਖਾਂ ਵਿਚ ਵਾਹ ਲਗਦੀ ਨੂੰ ਉਹ ਆਪਣੇ ਵਿਰੋਧੀਆਂ ਨਾਲ ਮੱਥਾ ਹੀ ਨਹੀਂ ਲਾਉਂਦਾ। ਇਹ ਲੇਖ ਦੱਸਦੇ ਹਨ ਕਿ ਚੰਦਨ ਦੇ ਸੁਭਾਅ ਵਿਚ ਨਰਮੀ ਤੇ ਸਹਿਨਸ਼ੀਲਤਾ ਆ ਰਹੀ ਹੈ। 'ਸਾਊਥਾਲ' ਲੇਖ ਵਿਚ ਜਦ ਕਬੀਰ ਦੇ ਦੋਹੇ 'ਸਾਧੋ ਜੁਗਨ ਜੁਗਨ ਹਮ ਜੋਗੀ...' ਦੇ ਵੇਰਵੇ ਨਾਲ ਉਹ ਆਖਦਾ ਹੈ: "ਲੱਗਦਾ ਹੈ ਕਿ ਇਹ ਮੈਂ ਹੀ ਹਾਂ" ਤਾਂ ਸਾਨੂੰ ਵੀ ਲਗਦੈ ਕਿ ਜੇ ਪੂਰਾ ਨਹੀਂ ਤਾਂ ਕੁੱਝ ਕੁ ਯੋਗੀ ਤਾਂ ਸ਼ਾਇਦ ਉਹ ਬਣ ਹੀ ਗਿਆ ਹੈ। ਉਂਝ ਵੀ ਜੱਦ ਕੋਈ ਕਮਿਊਨਿਸਟ ਆਪਣੀ ਸਿਆਸੀ ਕੱਟੜਤਾ ਤਿਆਗ ਦੇਵੇ ਤਾਂ ਉਹ ਯੋਗੀ ਬਣਨ ਦੇ ਬਹੁਤ ਨੇੜੇ ਹੁੰਦਾ ਹੈ। ਚੰਦਨ ਦੇ ਤੱਤੇਪਣ ਦੇ ਤਿਆਗ ਦਾ ਨਤੀਜਾ ਇਹ ਨਿਕਲਿਆ ਹੈ ਕਿ ਸਮੁੱਚੀ ਕਿਤਾਬ ਦਾ ਪ੍ਰਭਾਵ ਬੜਾ ਹੀ ਪਾਜ਼ੇਟਿਵ ਬਣਦਾ ਹੈ ਜੋ ਇਕ ਚੰਗੀ ਲਿਖਤ ਲਈ ਬਹੁਤ ਜ਼ਰੂਰੀ ਹੁੰਦਾ ਹੈ।

ਇਹ ਤਾਂ ਹੋਈ ਤਾਰੀਫ਼ 'ਫੈਲਸੂਫੀਆਂ' ਦੀ (ਜਿਹਦਾ ਉਹ ਹੱਕਦਾਰ ਹੈ) ਤੇ ਫੈਲਸੂਫ਼ ਦੀ ਵੀ (ਜਿਹਦੇ ਬਾਰੇ ਮੈਨੂੰ ਪੱਕਾ ਨਹੀਂ ਪਤਾ) ਹੁਣ ਮੈਂ ਆਪਣਾ ਇਤਰਾਜ਼ ਵੀ ਦੱਸਣ ਲੱਗੀ ਹਾਂ, ਉਹ ਹੈ 'ਇਨਸਾਨੀ ਜਿਸਮ ਦੀ ਖ਼ੂਬਸੂਰਤੀ ਦਾ ਜਸ਼ਨ' ਲੇਖ ਨਾਲ ਦਿੱਤੀ ਤਸਵੀਰ ਬਾਰੇ। ਇਹ ਇਕ ਅੱਧਨੰਗੀ ਔਰਤ ਦਾ ਪੋਰਟਰੇਟ ਹੈ। ਮੈਨੂੰ ਏਸ ਪੋਰਟਰੇਟ ਨੂੰ ਲੈ ਕੇ ਕੋਈ ਇਤਰਾਜ਼ ਨਹੀਂ ਸੀ ਹੋਣਾ ਪਰ ਹੁਣ ਏਸ ਦੇ ਕਾਰਣ ਕੁੱਝ ਹੋਰ ਹਨ। ਕਿਤਾਬ ਵਿਚ ਏਸੇ ਲੇਖ ਤੋਂ ਅਗਲਾ ਲੇਖ ਹੈ:'ਬਾਰੀ ਵਿਚ ਖੜ੍ਹੀ ਔਰਤ'। ਏਸ ਲੇਖ ਵਿਚ ਲੇਖਕ ਅੱਜ ਦੀ ਸੁਚੇਤ ਔਰਤ ਦੀ ਗੱਲ ਕਰਦਾ ਹੈ। ਇਹਦੇ ਨਾਲ ਇਕ ਔਰਤ ਦੀ ਤਸਵੀਰ ਵੀ ਹੈ ਜੋ ਦਰਸ਼ਕ ਤੋਂ ਪਿੱਠ ਕਰਕੇ ਖਲੋਤੀ ਹੋਈ ਹੈ। ਚੰਦਨ ਇਹਦਾ ਕਾਰਣ ਦੱਸਦਾ ਹੈ: "ਇਹ ਮਰਦਾਨੀਂ ਧੌਂਸ ਦਾ ਜਵਾਬ ਹੈ।" ਪਰ ਚੰਦਨ ਦੀ ਲਿਖੀ ਇਹ ਗੱਲ ਪੜ੍ਹਦਿਆਂ ਮੈਨੂੰ ਝੱਟ ਹੀ ਪਹਿਲੇ ਲੇਖ ਵਿਚਲੀ ਤਸਵੀਰ ਦਾ ਖਿਆਲ ਆ ਗਿਆ। ਮੈਂ ਸੋਚਿਆ, ਜੇ ਇਹ ਮਰਦਾਨੀਂ ਧੌਂਸ ਦਾ ਜਵਾਬ ਹੈ ਤਾਂ ਉਹ ਪਹਿਲੀ ਵਾਲੀ ਕੀ ਹੈ? ਇੰਜ ਲਗਦੈ ਜਿਵੇਂ ਚੰਦਨ ਆਪ ਹੀ ਏਸ ਮਰਦਾਨੀਂ ਧੌਂਸ ਦੇ ਜਵਾਬ ਵਿਚ ਉਹ ਤਸਵੀਰ ਦਿੰਦਾ ਆਖ ਰਿਹਾ ਹੋਵੇ "ਮੈਂ ਔਰਤ ਨੂੰ ਇਹ ਕਰਨ ਨਹੀਂ ਦੇਣਾ!" ਆਪਣਾ ਪੱਖ ਪੂਰਦਾ ਜੇ ਓਹ ਆਖੇ ਕਿ ਉਹਨੇ ਇਹ ਤਸਵੀਰ ਜਿਸਮਾਂ ਦੀ ਖ਼ੂਬਸੂਰਤੀ ਦੇ ਜਸ਼ਨ ਦੀ ਗੱਲ ਕਰਨ ਲਈ ਦਿੱਤੀ ਸੀ ਤਾਂ ਮੈਂ ਪੁੱਛਣਾ ਚਾਹਾਂਗੀ ਕਿ, ਕੀ ਏਸ ਲਈ ਮਰਦ ਦੀ ਤਸਵੀਰ (ਲੇਖ ਵਿਚ ਤਬਦੀਲੀਆਂ ਕਰਕੇ) ਨਹੀਂ ਸੀ ਦਿੱਤੀ ਜਾ ਸਕਦੀ? ਕੀ ਮਰਦ ਦਾ ਜਿਸਮ ਖ਼ੂਬਸੂਰਤ ਨਹੀਂ ਹੁੰਦਾ? ਇਹ ਕਿਉਂ ਹੈ ਕਿ ਜਦ ਵੀ ਜਿਸਮ ਦੀ ਖ਼ੂਬਸੂਰਤੀ ਦੀ (ਤੇ ਬਦਸੂਰਤੀ ਦੀ ਵੀ) ਗੱਲ ਹੁੰਦੀ ਹੈ ਤੇ ਹਮੇਸ਼ਾਂ ਔਰਤ ਦੇ ਜਿਸਮ ਦੀ ਗੱਲ ਹੀ ਹੁੰਦੀ ਹੈ? ਉਂਜ ਮੈਨੂੰ ਏਸ ਲੇਖ ਤੇ ਇਤਰਾਜ ਨਹੀਂ। ਤੇ ਮੈਂ ਕਹਿ ਚੁਕੀ ਹਾਂ ਕਿ ਮੈਨੂੰ ਏਸ ਤਸਵੀਰ ਤੋਂ ਵੀ ਇਤਰਾਜ਼ ਨਹੀਂ ਸੀ ਹੋਣਾ....ਚੰਦਨ ਨੂੰ ਚਾਹੀਦਾ ਸੀ ਕਿ ਏਸੇ ਲੇਖ ਨੂੰ ਜ਼ਰੂਰਤ ਅਨੁਸਾਰ ਬਦਲਕੇ ਜਾਂ ਨਵਾਂ ਲਿਖਕੇ ਅਜਿਹਾ ਪੋਰਟਰੇਟ ਮਰਦ ਦਾ ਵੀ ਦਿੰਦਾ। ਹੁਣ ਅਜਿਹਾ ਨਾ ਹੋਣ ਕਰਕੇ ਔਰਤ ਤੇ ਮਰਦ ਦੇ ਨੁਕਤੇ ਤੋਂ ਕਿਤਾਬ ਦਾ ਬੈਲੈਂਸ ਡੋਲਿਆ ਹੈ।

'ਫੈਲਸੂਫੀਆਂ' 'ਚ ਦੋ ਕੁ ਸ਼ਬਦ ਵੀ ਕੁੱਝ ਅਣਪਟੇ ਲਗਦੇ ਹਨ ਜਿਵੇਂ, ਨਾਚੀ ਨੂੰ 'ਨਾਤਸੀ' ਲਿਖਣਾ ਤੇ ਡਾਇਰੀ ਨੂੰ 'ਦਿਨ-ਵਰਕੀ'। ਦਿਨ-ਵਰਕੀ ਸ਼ਬਦ ਬੜਾ ਆਊਟ-ਡੇਟਿਡ ਜਿਹਾ ਜਾਪਦਾ ਹੈ। ਸਾਡੇ ਪੰਜਾਬੀ ਦੇ ਬਹੁਤੇ ਲੇਖਕਾਂ ਨੂੰ ਇਹ ਕਰਨ ਦੀ ਬੀਮਾਰੀ ਪਤਾ ਨਹੀਂ ਕਿਉਂ ਹੈ ਕਿ ਉਹ ਆਮ ਬੋਲਚਾਲ ਵਿਚ ਤਾਂ ਕੌਫ਼ੀ ਹਾਊਸ ਨੂੰ ਕੌਫ਼ੀ ਹਾਊਸ ਹੀ ਆਖਣਗੇ ਪਰ ਲਿਖਣਗੇ ਤਾਂ ਕਾਹਵਾ ਘਰ। ਚੰਦਨ ਨੇ ਦਿਨ-ਵਰਕੀ ਸ਼ਬਦ ਵਰਤ ਕੇ ਕੁੱਝ ਅਜਿਹਾ ਹੀ ਕੀਤਾ ਹੈ। ਬਿਹਤਰ ਹੁੰਦਾ ਜੇ ਉਹ ਆਪਣੀਆਂ ਫੈਲਸੂਫੀਆਂ ਨੂੰ ਵੀ 'ਨਿਬੰਧ' (ESSAYS) ਆਖਣ ਨਾਲੋਂ ਵਿਚਾਰ ਸਕੈੱਚ (thought Sketches) ਜਿਹਾ ਕੁੱਝ ਆਖਦਾ।

ਅਖ਼ੀਰ 'ਤੇ ਮੈਂ ਅਮਰਜੀਤ ਚੰਦਨ ਦੀ ਹੀ ਗੱਲ ਲੈ ਕੇ ਆਪਣੀ ਗੱਲ ਕਹਿਣੀ ਚਾਹੁੰਦੀ ਹਾਂ। "ਕਿਤਾਬਾਂ ਸਾਹ ਲੈਂਦੀਆਂ ਹਨ" ਲੇਖ ਵਿਚ ਉਹ ਇਕ ਥਾਂ ਲਿਖਦਾ ਹੈ: "ਕਿਸੇ ਸੁਹਣੇ ਲਿਖਾਰੀ ਦੀ ਸੁਹਣੇ ਕਾਗ਼ਜ਼ ਤੇ ਸੁਹਣੀ ਛਪੀ ਕਿਤਾਬ ਪੜ੍ਹਕੇ ਬਾਬਾ ਨਾਨਕ ਯਾਦ ਆਉਂਦਾ ਹੈ....।' ਪਰ 'ਫੈਲਸੂਫੀਆਂ' ਪੜ੍ਹਦੇ ਮੈਨੂੰ ਜਾਮਣੀ ਰੰਗ ਦੇ ਪੈਨਜ਼ੀ ਫੁੱਲ ਯਾਦ ਆ ਰਹੇ ਹਨ, ਤੇ ਮੇਰਾ ਧਿਆਨ ਇਨ੍ਹਾਂ 'ਤੇ ਉੱਡ ਰਹੀ ਨੀਲੀ ਤਿਤਲੀ ਵਿਚ ਉਲਝ ਗਿਆ ਹੈ। ਤੇ ਇਹਦੇ ਨਾਲ ਨਾਲ ਸੋਚ ਵਿਚ ਤੁਰ ਪਈ ਹੈ ਚੰਦਨ ਦੀ ਕਵਿਤਾ:

'ਯਾਦ ਤਾਂ ਹੁੰਦੀ ਨੀਲੀ ਤਿਤਲੀ
ਪਲਕਾਂ 'ਤੇ ਜੋ ਆ ਕੇ ਬਹਿੰਦੀ.....

**-ਸ਼ਸ਼ੀ ਸਮੁੰਦਰਾ, ਕੈਲੇਫੋਰਨੀਆਂ**

**'ਸੂਲੀ ਟੰਗੀਆਂ ਸਾਂਝਾਂ'**
**(ਕਹਾਣੀ ਸੰਗ੍ਰਹਿ)**
**ਲੇਖਕ: ਅਵਤਾਰ ਸਾਦਿਕ**
ਪ੍ਰਕਾਸ਼ਕ:
ਪੰਨੇ: ਮੁੱਲ : ਰੁਪਏ

ਇੰਗਲੈਂਡ ਦੇ ਲੇਖਕ ਅਵਤਾਰ ਸਾਦਿਕ ਦਾ ਨਾਂ ਕਿਸੇ ਜਾਣ ਪਹਿਚਾਣ ਦਾ ਮੁਥਾਜ ਨਹੀਂ। ਜਿਥੇ ਉਸਨੇ ਸਾਹਿਤਕ ਤੌਰ ਉਤੇ ਨਾਮਣਾ ਖੱਟਿਆ ਹੈ, ਉਥੇ ਉਹ ਇਕ ਸਰਗਰਮ ਰਾਜਨੀਤਕ ਆਗੂ ਵੀ ਹੈ। 'ਸੂਲੀ ਟੰਗੀਆਂ ਸਾਂਝਾਂ' ਉਸ ਦਾ ਇਸੇ ਵਰ੍ਹੇ ਛਪਿਆ ਨਵਾਂ ਕਹਾਣੀ-ਸੰਗ੍ਰਹਿ ਹੈ। ਸਾਦਿਕ ਇਸ ਤੋਂ ਪਹਿਲਾਂ ਕਹਾਣੀਆਂ ਦੀਆਂ ਦੋ ਪੁਸਤਕਾਂ 'ਕੁੱਤੇ ਵਾਲਾ ਗੋਰਾ' ਤੇ 'ਚਿਮਨੀਆਂ ਦੀ ਛਾਵੇਂ' ਪ੍ਰਕਾਸ਼ਤ ਕਰ ਚੁੱਕਾ ਹੈ। ਉਸਦੀ ਪਹਿਚਾਣ ਕਵੀ ਦੇ ਤੌਰ ਉਤੇ ਵੀ ਆਪਣੀ ਹੈ। ਉਸਦੇ ਦੋ ਕਾਵਿ-ਸੰਗ੍ਰਹਿ 'ਮੁੜ੍ਹਕੇ ਦੇ ਮੋਤੀ', 'ਕਿਰਨਾਂ ਦੀ ਚਮਕ' ਛਪ ਚੁੱਕੇ ਹਨ। ਮਾਸਿਕ 'ਲੋਕਤਾ' ਨਾਲ ਸਾਦਿਕ ਸੰਪਾਦਕ ਵਜੋਂ ਜੁੜਿਆ ਰਿਹਾ ਹੈ।

ਇਸ ਹਥਲੀ ਪੁਸਤਕ ਵਿਚ ਕੁਲ 18 ਕਹਾਣੀਆਂ ਸਮੇਤ ਕੁਝ ਮਿੰਨੀ ਕਹਾਣੀਆਂ ਏ ਸੰਕਿਲਤ ਹਨ। ਵਿਸ਼ੇ ਪੱਖ ਤੋਂ ਇਹ ਸਮੁੱਚਾ ਕਹਾਣੀ-ਸੰਗ੍ਰਹਿ ਜ਼ਿੰਦਗੀ ਦੀਆਂ ਨਰੋਈਆਂ ਕਦਰਾਂ-ਕੀਮਤਾਂ ਦੀ ਸ਼ਾਹਦੀ ਭਰਦਾ ਹੈ। ਜਿਸ ਤਰ੍ਹਾਂ ਸਾਦਿਕ ਮੁੱਢ ਵਿਚ ਹੀ ਦੇਸ਼ ਦੀ ਏਕਤਾ, ਮਾਨਵੀ ਪਿਆਰ ਤੇ ਜ਼ਿੰਦਗੀ ਦੇ ਸੁਹੱਪਣ ਦੀ ਕਾਮਨਾ ਕਰਦਾ ਹੈ।

ਇਸ ਸੰਗ੍ਰਹਿ ਦੀ ਪਹਿਲੀ ਕਹਾਣੀ 'ਮਹਿਕ ਦਾ ਰਿਸ਼ਤਾ' ਹੈ। ਕਹਾਣੀ ਦਾ ਮੁੱਖ ਪਾਤਰ ਦਿਲਾਵਰ ਸਿੰਘ ਹੈ ਜੋ ਪਾਕਿਸਤਾਨ ਵਿਚ 'ਪਵਿੱਤਰ ਗਊ ਦੀ ਰੱਖਿਆ' ਲਈ ਇਕ ਮੁਸਲਮਾਨ ਮੁੰਡੇ ਦੇ ਸੀਨੇ ਵਿਚ ਦੀ ਬਰਛੀ ਪਾਰ ਕਰਕੇ ਉਮਰ ਕੈਦ ਵਿਚ ਬੱਝ ਜਾਂਦਾ ਹੈ। 1947 ਦੀ ਵਿਥਿਆ ਅਜੋਕੇ ਸਮੇਂ ਵਿਚ ਦੁਹਰਾਈ ਜਾਣ ਸਮੇਂ ਉਹੀ ਦਿਲਾਵਰ ਸਿੰਘ, ਜੋ ਜੇਲ੍ਹ ਸਮੇਂ ਇਕ ਕਮਿਊਨਿਸਟ ਵਰਕਰ ਨੂੰ ਮਿਲਕੇ ਫ਼ਿਰਕਾਪ੍ਰਸਤੀ ਤੋਂ ਦੂਰ ਚਲਾ ਜਾਂਦਾ ਹੈ। ਅੰਤ ਵਿਚ ਕਹਿੰਦਾ ਹੈ 'ਜੇ ਕਿਧਰੇ ਉਹ ਕਾਮਰੇਡ ਜਿਉਂਦਾ ਹੋਵੇਗਾ ਤਾਂ ਉਹ ਜ਼ਰੂਰ ਅਜੇ ਵੀ ਆਪਣੇ ਸੁਪਨੇ ਲਈ ਲੜ ਰਿਹਾ ਹੋਵੇਗਾ ਤਾਂ ਜੋ ਹੋਰ ਸੰਤਾਲੀ ਨਾ ਬਣੇ।' ਇਸ ਤਰ੍ਹਾਂ ਇਹ ਕਹਾਣੀ ਅਜੋਕੀ ਪੰਜਾਬ ਦੀ ਤ੍ਰਾਸਦੀ ਲਈ ਫ਼ਿਰਕੂ ਸੋਚ ਨੂੰ ਜਿਮੇਂਵਾਰ ਠਹਿਰਾਉਂਦੀ ਹੈ।

'ਗਣੇਸੀ' ਨਾਂ ਦੀ ਕਹਾਣੀ ਵਿਚ ਇੰਗਲੈਂਡ ਤੋਂ ਪਰਤਿਆ ਸੋਹਣ ਜਦ ਆਪਣੇ ਕਿੱਤੇ ਬਾਰੇ ਲੋਕਾਂ ਨੂੰ ਦਸਦਾ ਹੈ ਤਾਂ ਉਸਦਾ ਪਿਉ ਹੀਣਤਾ ਦਾ ਅਹਿਸਾਸ ਮਹਿਸੂਸ ਕਰਦਾ ਹੈ। ਪਰ ਦੂਜੇ ਪਾਸੇ ਤਾਇਆ ਬਿਸ਼ਨਾ ਹੈ ਜੋ ਆਪਣੀ ਔਰਤ 'ਗਣੇਸੀ' ਤੋਂ ਵੱਖ ਹੋਣ ਤੋਂ ਇਨਕਾਰੀ ਹੁੰਦਾ ਹੋਇਆ ਪਾਸਪੋਰਟ ਬਣਿਆ ਹੋਣ ਦੇ ਬਾਵਜੂਦ ਦੇਸ਼ ਵਿਚ ਹੀ ਰਹਿ ਜਾਂਦਾ ਹੈ। ਅਸਲ ਵਿਚ ਸੋਹਣ ਦਾ ਪਿਉ ਇਕ ਬੇਜ਼ਮੀਨਾ ਕਿਸਾਨ ਸੀ ਜੋ ਵਲਾਇਤ ਦੀ ਕਮਾਈ ਨਾਲ ਖਰੀਦੀ ਜ਼ਮੀਨ ਕਾਰਨ ਜਾਗੀਰਦਾਰੀ ਰੁਚੀਆਂ ਦਾ ਸ਼ਿਕਾਰ ਹੁੰਦਾ ਦਿਖਾਇਆ ਗਿਆ ਹੈ।

'ਘਰ' ਨਾਂ ਦੀ ਕਹਾਣੀ ਵਿਚ ਹਰਕੰਵਲ ਨਾਂ ਦਾ ਪਾਤਰ ਇਸ ਸੁਆਲ ਦਾ ਉਤਰ ਲੱਭਣ ਦੀ ਕੋਸ਼ਿਸ਼ ਵਿਚ ਹੈ ਕਿ ਮਿਹਨਤ ਸ਼ਕਤੀ ਵੇਚਣ ਵਾਲਿਆਂ ਦਾ ਵੀ ਕੋਈ ਪਿੰਡ, ਸੂਬਾ ਜਾਂ ਦੇਸ਼ ਹੁੰਦਾ ਹੈ?

'ਬਦੇਸ਼ੀ ਨਸਲ' ਵਿਚ ਨਸਲੀ ਜ਼ਹਿਰ ਤੇ ਫ਼ਿਰਕੂ ਜ਼ਹਿਰ ਦੇ ਆਪਸੀ ਰਿਸ਼ਤੇ ਲੱਭਣ ਦੀ ਖੋਜ ਹੈ।

'ਮੁਕੱਦਮਾ' ਕਹਾਣੀ ਬੇਜ਼ਮੀਨੇ ਕਿਸਾਨ ਦੀ ਕਹਾਣੀ ਹੈ ਜਿਸ ਵਿਚ ਇਕ ਲੜਕੀ ਨੂੰ ਆਪਣਾ ਪਿਉ ਮਰਨ ਪਿਛੋਂ ਵੀ ਸੁਪਨੇ ਵਿਚ ਬਿਨ ਕਪੜਿਓਂ ਦਿਸਦਾ ਹੈ।

'ਜਮਾਂ ਦੇ ਵੱਸ' ਵਿਚ ਦੋ ਬਜ਼ੁਰਗ ਪਾਤਰ ਹਨ। ਇਕ ਪਾਸੇ ਬੀਮਣ ਸਿੰਘ ਹੈ ਜੋ 'ਕੰਮ ਤੋਂ ਪੱਬ ਤੇ ਪੱਬ ਤੋਂ ਘਰ' ਤੱਕ ਦਾ ਸਫ਼ਰ ਕਰਦਾ ਰੀਟਾਇਰ ਹੋ ਜਾਂਦਾ ਹੈ। ਦੂਜੇ ਪਾਸੇ ਉਸਦੀ ਪਤਨੀ ਬੰਤੀ ਹੈ ਜੋ 'ਹੁਣ ਪਈ ਆ ਅਸਲੀ ਜਮਾਂ ਦੇ ਵੱਸ - ਪੋਤੇ ਪੋਤੀਆਂ ਦਾ ਗੂੰਹ-ਮੂਤ ਢੁਕਦੀ ਆਂ ਸਾਰਾ ਦਿਨ - ਬੁੱਢੇ ਬਾਰੇ-ਨੂੰਹਾਂ ਹਾਰ ਸ਼ਿੰਗਾਰ ਲਾ ਕੇ ਕੰਮਾਂ ਤੇ ਜਾਂਦੀਆਂ'। ਇਸ ਤਰ੍ਹਾਂ ਇਹ ਕਹਾਣੀ ਬਦੇਸ਼ਾਂ ਵਿਚ ਬਜ਼ੁਰਗਾਂ ਦੀ ਤ੍ਰਾਸਦੀ ਨੂੰ ਸਾਹਮਣੇ ਲੈ ਕੇ ਆਉਂਦਾ ਹੈ।

'ਨੱਕ ਕਟੇ' ਇਸ ਸੰਗ੍ਰਹਿ ਦੀ ਖ਼ੂਬਸੂਰਤ ਕਹਾਣੀ ਹੈ ਜਿਸ ਵਿਚ ਪੁਰਾਣੇ ਸੰਸਕਾਰਾਂ ਨਾਲ ਬੱਝਾ ਜ਼ੈਲਦਾਰ ਦਾ ਪੁਤਰ ਬਿਕਰਮ ਇੰਗਲੈਂਡ ਵਿਚ ਵੀ ਜ਼ੈਲਦਾਰੀ ਦੇ ਸੁਪਨੇ ਲੈਂਦਾ ਨਰਕ ਹੰਢਾ ਰਿਹਾ ਹੈ। ਉਸਦੀ ਪਤਨੀ ਹਰਪ੍ਰੀਤ ਵਿਅੰਗ ਕੱਸਦਿਆਂ ਕਹਿੰਦੀ ਐ 'ਜ਼ੈਲਦਾਰਾਂ ਦੀ ਨੂੰਹ ਲੋਕਾਂ ਦੀਆਂ ਜੂਠੀਆਂ ਪਲੇਟਾਂ ਧੋਂਦੀ ਆ-ਫੌਂਡਰੀ ਵਿਚ ਕੰਮ ਕਰਕੇ ਇਹਨਾਂ ਦੇ ਹੱਥ ਏਨੇ ਸੁਹਣੇ ਬਣ ਗਏ ਆ ਕਿ ਔੜਿਆਂ ਤੇ ਫੇਰਨ ਵਾਲੇ ਖਰਖਰੇ ਬਣਨੋਂ ਹਟ ਗਏ ਆ'-

ਇੰਗਲੈਂਡ ਵਿਚ ਉਠ ਰਹੀ ਨਵੀਂ ਪੀੜ੍ਹੀ ਦੀ ਸਮੱਸਿਆ ਨਾਲ ਦੋ ਚਾਰ ਹੁੰਦੀ ਕਹਾਣੀ 'ਬਾਜ' ਹੈ। ਪੱਛਮੀ ਸਭਿਆਚਾਰ ਵਿਚ ਪਲ ਰਹੇ ਰੁਪਿੰਦਰ ਨੂੰ 'ਬਾਜ਼' ਬਣਨ ਲਈ ਨਸਲੀ ਵਿਤਕਰੇ ਦੇ ਨਸ਼ਤਰ ਤਿਆਰ ਕਰਦੇ ਹਨ। ਨਸਲੀ ਵਿਤਕਰਾ ਇਸ ਸਭਿਆਚਾਰ ਨਾਲ ਪਰਛਾਵੇਂ ਵਾਂਗ ਜੁੜਿਆ ਹੋਇਆ ਹੈ। "ਸਾਂਝ ਬਿਨਾਂ, ਜ਼ਿੰਦਗੀ ਬਾਂਝ ਹੁੰਦੀ ਹੈ। ਅਜੇਹੀ ਚੇਤੰਨਤਾ, ਸੰਘਰਸ਼ ਦੀ ਜਿੰਦਜਾਨ ਹੁੰਦੀ ਹੈ।" ਨਵੀਂ ਪੀੜ੍ਹੀ ਵਿਚ ਅਜਿਹੀ ਚੇਤੰਨਤਾ ਪੈਦਾ ਕਰਦੀ ਇਹ ਕਹਾਣੀ ਸਾਦਿਕ ਦੀਆਂ ਸਫ਼ਲ ਕਹਾਣੀਆਂ ਵਿਚੋਂ ਇਕ ਹੈ।

'ਸਾਡੇ ਲੋਕਾਂ ਦਾ ਕੀ ਬਣੂ' ਵਿਚ ਭੂਆ ਦਾ ਪਾਤਰ ਪੁਰਾਣੀਆਂ ਕਦਰਾਂ-ਕੀਮਤਾਂ ਨਾਲ ਬੱਝਾ ਹੋਇਆ ਹੈ। 'ਜਮਾਂ ਦੇ ਵੱਸ' ਕਹਾਣੀ ਵਾਂਗ ਇਹ ਕਹਾਣੀ ਵੀ ਪੁਰਾਣੀ ਪੀੜ੍ਹੀ ਦੇ ਨਵੇਂ ਸਭਿਆਚਾਰ ਵਿਚ ਨਾ ਢਲ ਸਕਣ ਦੀ ਤ੍ਰਾਸਦੀ ਨੂੰ ਹੀ ਅੱਗੇ ਲਿਆਉਂਦੀ ਹੈ। ਬਦਲਦੇ ਹਾਲਾਤਾਂ ਨੂੰ ਸਮਝਣ ਦੀ ਚੇਤੰਨਤਾ ਦੀ ਅਣਹੋਂਦ ਕਾਰਨ ਇਹ ਤ੍ਰਾਸਦੀ ਉਤਪੰਨ ਹੁੰਦੀ ਹੈ।

'ਹਥਿਆਰ' ਕਹਾਣੀ ਉਲਾਰ ਪਾਤਰਾਂ ਨੂੰ ਅੱਗੇ ਲਿਆਉਂਦੀ ਹੈ ਜਿਸ ਵਿਚ ਬਿਰਧ ਪੰਜਾਬੀ ਲੇਖਕ, ਤੇ ਦੂਜੇ ਪਾਸੇ ਬਿਰਧ ਅੰਗਰੇਜ਼ ਦੋਵੇਂ ਉਲਾਰ ਪਾਤਰ ਹਨ ਜੋ ਬੋਲੀ, ਧਰਮ, ਰੰਗ, ਜਾਤ, ਨਸਲ ਸੰਬੰਧੀ ਕੱਟੜ ਹਨ।

'ਸੂਲੀ ਟੰਗੀਆਂ ਸਾਂਝਾਂ' ਇਕ ਵਿਸ਼ੇਸ਼ ਕਹਾਣੀ ਹੈ ਜਿਸ ਉਤੇ ਕਹਾਣੀਕਾਰ ਨੇ ਇਸ ਕਹਾਣੀ ਸੰਗ੍ਰਹਿ ਦਾ ਨਾਮ ਕਰਣ ਕੀਤਾ ਹੈ। ਸੰਤਾਲੀ ਦੀ ਵੰਡ ਨਾਲ ਸਬੰਧਤ ਇਹ ਕਹਾਣੀ ਅਜਿਹਾ ਵਾਤਾਵਰਣ ਉਪਜਾਉਂਦੀ ਹੈ ਜੋ ਇਕ ਕਿਸਾਨ ਤੇ ਗੋਰੇ ਬਲਦ ਵਿਚਕਾਰ ਮੋਹ ਦੀਆਂ ਤੰਦਾਂ ਨੂੰ ਪੀਢੀਆਂ ਕਰਦਾ ਹੈ। ਗੋਰੇ ਬਲਦ ਤੋਂ ਵੱਖ ਹੋਣਾ ਕਿਵੇਂ ਇਕ ਕਿਸਾਨ ਨੂੰ ਵਿਆਕੁਲ ਕਰਦਾ ਹੈ।

ਸੰਗ੍ਰਹਿ ਦੀ ਅੰਤਲੀ ਕਹਾਣੀ 'ਅੱਗ ਦਾ ਦਰਿਆ' ਹੈ ਜੋ ਬਾਹਰ ਵਸਦੇ ਪੰਜਾਬੀਆਂ ਉਤੇ ਪੰਜਾਬ ਵਿਚ ਵਾਪਰ ਰਹੇ ਪਿਛਲੇ ਦਹਾਕੇ ਦੇ ਆਤੰਕਵਾਦ ਦੇ ਪ੍ਰਭਾਵਾਂ ਦਾ ਚਿਤਰਣ ਹੈ। ਇਸ ਕਹਾਣੀ ਦਾ ਹਾਂ-ਪੱਖੀ ਅੰਤ ਇਸ ਨੂੰ ਸਫ਼ਲ ਕਹਾਣੀ ਬਣਾਉਂਦਾ ਹੈ।

'ਬਿੱਛੂ', 'ਸ਼ੀਸ਼ ਮਹਿਲ', 'ਸੰਦਲੀ ਮਹਿਕ', 'ਦੀਪ ਕਦੋਂ ਜਗੇਗਾ?', 'ਪੀਘਾਂ', 'ਬੇੜੀ' ਕਹਾਣੀਆਂ ਇਸ ਸੰਗ੍ਰਹਿ ਦੀਆਂ ਕਮਜ਼ੋਰ ਕਹਾਣੀਆਂ ਹਨ।

ਇਨ੍ਹਾਂ ਕਹਾਣੀਆਂ ਦੇ ਵਿਸ਼ਿਆਂ ਬਾਰੇ ਜਾਣਕਾਰੀ ਦੇਣ ਦਾ ਮੇਰਾ ਭਾਵ ਇੰਨਾ ਹੀ ਹੈ ਕਿ ਸਾਦਿਕ ਮਾਰਕਸਵਾਦੀ ਹੋਣ ਕਾਰਨ ਇਕ ਪ੍ਰਤੀਬੱਧ ਲੇਖਕ ਹੈ। ਉਸ ਦੀ ਯਥਾਰਥਵਾਦੀ ਪਹੁੰਚ ਨਰੋਈਆਂ ਮਾਨਵਵਾਦੀ ਕਦਰਾਂ-ਕੀਮਤਾਂ ਅਪਣਾਉਂਦੀ ਹੈ। ਉਸ ਦੀ ਜੰਗ ਸੰਕੀਰਣਤਾ ਤੇ ਸੰਪਰਦਾਇਕਤਾ ਵਿਰੁੱਧ ਹੈ। ਉਸਨੂੰ ਇਹ ਵੀ ਪਤਾ ਹੈ ਕਿ ਸਮਾਜਕ ਤੌਰ ਨੂੰ ਨਿਰਧਾਰਤ ਕਰਨ ਵਾਲੀਆਂ ਵੱਡੀਆਂ ਸ਼ਕਤੀਆਂ ਆਰਥਿਕ ਤੇ ਰਾਜਨੀਤਕ ਹੁੰਦੀਆਂ ਹਨ। ਸਾਹਿਤ ਦਾ ਰੋਲ ਆਪਣੇ ਆਪ ਵਿਚ ਇਕ ਸੰਸਕ੍ਰਿਤੀ ਦੇ ਅੰਗ ਵਲੋਂ ਕਾਫ਼ੀ ਸੀਮਤ ਹੁੰਦਾ ਹੈ। ਜੀਵਨ ਦੀਆਂ ਹੋਰ ਸਮੱਸਿਆਵਾਂ - ਗਰੀਬੀ, ਲੁੱਟ-ਖਸੁੱਟ, ਅਨਿਆਂ - ਆਦਿ ਨੂੰ ਸਾਹਿਤਕਾਰ ਨੇ ਸਾਹਿਤਕ ਕਿਰਤਾਂ ਵਿਚ ਸਮੋਣਾ ਹੁੰਦਾ ਹੈ। 'ਸੂਲੀ ਟੰਗੀਆਂ ਸਾਂਝਾਂ' ਦਾ ਅਧਿਐਨ ਕਰਦਿਆਂ ਮੈਨੂੰ ਇਹ ਮਹਿਸੂਸ ਹੋਇਆ ਕਿ ਸਾਦਿਕ ਦੀ ਬਣਤਰ, ਵਾਰਤਾਲਾਪ, ਘਟਨਾਵਾਂ ਦਾ ਸਯਨਤਹੇਸਸਿ ਕਰਨ ਲਈ ਨੂੰ ਕਿਤੇ ਵੱਧ ਹੋਰ ਧਿਆਨ ਦੇਣਾ ਪਵੇਗਾ। ਸਾਹਿਤ ਇਕ ਸਿਰਜਣਾਤਮਕ ਪ੍ਰਕਿਰਿਆ ਹੈ। ਇਸ ਅਮਲ ਵਿਚ ਕਲਾ-ਕੌਸ਼ਲਤਾ ਵੀ ਉਨੀ ਹੀ ਲੋੜੀਂਦੀ

ਬਾਕੀ ਸਫਾ 41 'ਤੇ

**WANT TO SELL FASTER? LOOKING FOR A GOOD DEAL?**

List with well known Indo-Canadian Personality



***Darshan Bains***

**Res: 275-2533 Pager 667-0884**

MULTIPLE REALTY LTD

**Multiple Realty**
**2298 Kingsway**
**Vancouver**
**Ph:434-1431**

Commercial & Household Refrigeration

**U-Day Appliance Repairs**

*Fridge
*Stove
*Washers and
*Dryers etc.
All major appliances
&Commercial
Refrigeration



*Dependable Service
*Reasonable Rates

Ask for
Uday Korotana

ਤਸੱਲੀਬਖਸ਼ ਮੁਰੰਮਤ ਲਈ ਹਮੇਸ਼ਾਂ ਯਾਦ ਰੱਖੋ

**Ph: 435-5428**

# ਤੇ ਤੁਸੀਂ ਲਿਖਿਆ...

'ਵਤਨ' ਵਲੋਂ ਕੈਨੇਡੀਅਨ ਰੰਗਮੰਚ ਉੱਤੇ ਵਿਸ਼ੇਸ਼ ਅੰਕ ਦੀ ਪ੍ਰਕਾਸ਼ਨਾ ਇਕ ਮਹੱਤਵ ਪੂਰਨ ਪ੍ਰਾਪਤੀ ਹੈ। ਇਹ ਅਦਾਰਾ ਵਤਨ ਦੀ ਯੋਗਤਾ ਉੱਤੇ ਵੀ ਝਾਤ ਪੁਆਉਂਦੀ ਹੈ। ਚੁਰਾਸੀ ਪੰਨੇ ਦਾ ਸੁਚਿੱਤਰ ਅੰਕ ਪ੍ਰਕਾਸ਼ਿਤ ਕਰਨਾ ਕੋਈ ਸੁਖਾਲਾ ਕੰਮ ਨਹੀਂ। ਇਸ ਅੰਕ ਦੀ ਮੁੱਖ ਦੇਣ ਕੈਨੇਡੀਅਨ ਅਤੇ ਵਿਸ਼ਵ ਦੇ ਬਾਕੀ ਪੰਜਾਬੀ ਪਾਠਕਾਂ ਨਾਲ ਕੈਨੇਡੀਅਨ ਰੰਗਮੰਚ ਦੀ ਜਾਣ ਪਛਾਣ ਕਰਵਾਉਣੀ ਹੈ ਅਤੇ ਇਤਨੀ ਹੀ ਮਹੱਤਤਾ ਵਾਲੀ ਗੱਲ ਹੈ ਕੈਨੇਡੀਅਨ ਰੰਗਮੰਚ ਦੇ ਕਲਾਕਾਰਾਂ ਨੂੰ ਮਾਨਤਾ ਦੇਣੀ।

ਸੁਖਵੰਤ ਹੁੰਦਲ ਦਾ ਰੰਗਮੰਚ ਸਰਵੇਖਣ ਵਧੀਆ ਲੱਗਾ। ਇਸ ਵਿਚ ਉਠਾਏ ਗਏ ਪ੍ਰਸ਼ਨ ਇਕ ਵੱਖਰੇ ਲੇਖ ਦੀ ਮੰਗ ਕਰਦੇ ਹਨ। ਸੁਖਵੰਤ ਦੀ ਸ਼ੈਲੀ ਵਿਚ ਪਹਿਲਾਂ ਨਾਲੋਂ ਪ੍ਰਵਾਹ ਅਤੇ ਸਰਲਤਾ ਵਧੀ ਹੈ। ਅਸਲ ਵਿਚ ਵਾਰਤਕ ਪੱਖੋਂ ਸਮੁੱਚੇ ਅੰਕ ਵਿਚ ਹੀ ਪਹਿਲਾਂ ਨਾਲੋਂ ਪਰਪੱਕਤਾ ਆਈ ਹੈ ਜਿਸ ਨਾਲ ਲੇਖਕ ਵਧਾਈ ਦੇ ਪਾਤਰ ਹਨ। ਜਿਵੇਂ ਸੰਪਾਦਕੀ ਵਿਚ ਦੱਸਿਆ ਗਿਆ ਹੈ, ਇਸ ਅੰਕ ਵਿਚ ਮੁੱਖ ਤੌਰ ਤੇ ਰੰਗਮੰਚ ਦੀਆਂ ਸਰਗਰਮੀਆਂ ਨੂੰ ਹੀ ਰੀਕਾਰਡ ਕਰਨ ਦਾ ਯਤਨ ਕੀਤਾ ਗਿਆ ਹੈ। ਉਹਨਾਂ ਨੂੰ ਆਲੋਚਨਾਤਮਕ ਪੱਖ ਤੋਂ ਨਹੀਂ ਵਿਚਾਰਿਆ ਗਿਆ। ਇਸ ਤਰ੍ਹਾਂ ਕੁਝ ਉਹ ਕਲਾਕਾਰ ਸਾਹਮਣੇ ਨਹੀਂ ਆ ਸਕੇ ਜਿਨਾਂ ਨੇ ਕੰਮ ਭਾਵੇਂ ਥੋੜੇ ਨਾਟਕਾਂ ਵਿਚ ਕੀਤਾ ਪਰ ਉੱਚੀ ਪੱਧਰ ਦਾ ਕੀਤਾ। (ਪਰਮਿੰਦਰ ਰਾਏ ਅਤੇ ਸੁਰਤੀ ਦੇ ਰੇਖਾ ਚਿਤਰ ਰਹਿ ਗਏ ਹਨ। ਪਰਮਿੰਦਰ ਨੇ 'ਲੋਹਾ ਕੁੱਟ', 'ਤੂੜੀ ਵਾਲਾ ਕੋਠਾ' ਅਤੇ 'ਚੇਤਨਾ' ਵਿਚ; ਅਤੇ ਸੁਰਤੀ ਨੇ, 'ਕਾਮਾਗਾਟਾਮਾਰੂ', 'ਇਕ ਕੁੜੀ ਇਕ ਸੁਪਨਾ', 'ਚੇਤਨਾ' ਅਤੇ 'ਤੀਸਰੀ ਅੱਖ' ਵਿਚ ਅਦਾਕਾਰੀ ਕੀਤੀ।)

ਸਕਰਿਪਟ ਰੰਗਮੰਚ ਦੇ ਅਹਿਮ ਅੰਗਾਂ ਵਿਚੋਂ ਇਕ ਹੈ। ਇਸ ਪੱਖੋਂ ਰਵਿੰਦਰ ਰਵੀ ਦਾ ਨਾਮ ਰਹਿ ਗਿਆ ਹੈ ਜਿਸ ਨੇ ਕੈਨੇਡਾ ਵਿਚ ਰਹਿੰਦਿਆਂ ਕਈ ਨਾਟਕ ਲਿਖੇ ਹਨ। ਭਾਵੇਂ ਇਹ ਠੀਕ ਹੈ ਕਿ ਰਵੀ ਦਾ ਕੋਈ ਵੀ ਨਾਟਕ ਕੈਨੇਡਾ ਵਿਚ ਖੇਡਿਆ ਨਹੀਂ ਗਿਆ ਅਤੇ ਨਾਂ ਹੀ ਰਵੀ ਨੇ ਕਨੇਡੀਅਨ ਰੰਗਮੰਚ ਵਿਚ ਕੋਈ ਦਿਲਚਸਪੀ ਲਈ ਹੈ। ਅਮਨਪਾਲ ਨੇ ਮੁਲਾਕਾਤਾਂ ਮਿਹਨਤ ਨਾਲ ਕੀਤੀਆਂ ਅਤੇ ਅੰਕਿਤ ਕੀਤੀਆਂ ਹਨ। ਮੁਲਾਕਾਤਾਂ ਨਾਲ ਰੰਗਮੰਚ ਬਾਰੇ ਨਵੀਂ ਜਾਣਕਾਰੀ ਉਘੜ ਕੇ ਸਾਹਮਣੇ ਆਈ ਹੈ। ਇਹਨਾਂ ਵਿਚ ਸੱਥ ਦੇ ਕੁਝ ਮੈਂਬਰਾਂ ਨਾਲ ਮੁਲਾਕਾਤਾਂ ਵੀ ਸ਼ਾਮਲ ਹੋਣੀਆਂ ਚਾਹੀਦੀਆਂ ਸਨ। ਕੁਝ ਅੰਗਰੇਜ਼ੀ ਸ਼ਬਦਾਂ ਦੇ ਸ਼ਬਦ-ਜੋੜਾਂ ਦੀਆਂ ਗਲਤੀਆਂ ਚੁਭਦੀਆਂ ਹਨ।

ਜਗਦੀਸ਼ ਬਿਨਿੰਗ ਅਤੇ ਅੰਜੂ ਹੁੰਦਲ ਦਾ ਲੇਖ ਕੈਨੇਡੀਅਨ ਰੰਗਮੰਚ ਅਤੇ ਉਸ ਵਿਚ ਔਰਤਾਂ ਦੀ ਘੱਟ ਸ਼ਮੂਲੀਅਤ ਦਾ ਵਧੀਆ ਵਿਸ਼ਲੇਸ਼ਣ ਹੈ। ਘੱਟ ਸ਼ਮੂਲੀਅਤ ਦਾ ਇਕ ਕਾਰਨ ਇਹ ਵੀ ਹੈ ਕਿ ਕੈਨੇਡੀਅਨ ਨਾਟਕਾਂ ਵਿਚ ਔਰਤ ਪਾਤਰ ਹੀ ਘੱਟ ਹਨ ਕਿਉਂਕਿ ਬਹੁਤੇ ਮਰਦ ਲੇਖਕਾਂ ਨੇ ਲਿਖੇ ਹਨ ਅਤੇ ਉਹ ਔਰਤ ਪਾਤਰਾਂ ਦਾ ਚਿਤਰਣ ਸ਼ਾਇਦ ਇਤਨੀ ਆਸਾਨੀ ਨਾਲ ਨਹੀਂ ਕਰ ਸਕਦੇ। ਔਰਤ ਲੇਖਕਾਵਾਂ ਨੂੰ ਹੋਰ ਨਾਟਕ ਲਿਖਣੇ ਚਾਹੀਦੇ ਹਨ। ਇਹ ਜ਼ਿੰਮੇਵਾਰੀ ਵੀ ਬਹੁਤੀ ਮੌਜੂਦਾ ਔਰਤ ਕਲਾਕਾਰਾਂ ਉਤੇ ਹੀ ਆਉਂਦੀ ਹੈ ਕਿ ਉਹ ਨਵੀਆਂ ਕਲਾਕਾਰਾਂ ਨੂੰ ਰੰਗਮੰਚ ਵਿਚ ਆਉਣ ਲਈ ਉਤਸ਼ਾਹਤ ਕਰਨ ਅਤੇ ਉਹਨਾਂ ਨੂੰ ਰੰਗਮੰਚ ਵਿਚ 'ਸਪੇਸ' ਦੇਣ।

ਰੰਗਮੰਚ ਦੀ ਜ਼ਿੰਦਗੀ ਉਤੇ ਪ੍ਰਭਾਵ ਦੀ ਇਕ ਦਿਲਚਸਪ ਮਿਸਾਲ ਸੁਰਜੀਤ ਦੇ ਨਾਟਕ 'ਮਹਿਲੀਂ ਵਸਦੀਆਂ ਧੀਆਂ' ਨੂੰ ਸਟੇਜ ਕਰਨ ਦੀ ਹੈ। ਇਸ ਵਿਚ ਸਾਰੇ ਮੁੱਖ ਅਦਾਕਾਰਾ ਔਰਤਾਂ ਸਨ ਅਤੇ ਉਹ ਜਿੰਦਗੀ ਵਿਚ ਸਾਰੀਆਂ ਹੀ ਮਰਦ ਦੇ ਤਸ਼ੱਦਦ ਦਾ ਸ਼ਿਕਾਰ ਬਣ ਚੁਕੀਆਂ ਸਨ। ਨਾਟਕ ਕਰਨ ਪਿੱਛੋਂ ਉਹਨਾਂ ਦੇ ਦਿਲ ਸਵੈ-ਵਿਸ਼ਵਾਸ ਨਾਲ ਭਰਪੂਰ ਹੋ ਗਏ ਅਤੇ ਜ਼ਿੰਦਗੀ ਨੂੰ ਨਵੇਂ ਸਿਰਓਂ ਸ਼ੁਰੂ ਕਰਨ ਦਾ ਸਾਹਸ ਮਿਲਿਆ।

ਸਾਧੂ ਨੇ ਵੈਨਕੂਵਰ ਸੱਥ ਦੀਆਂ ਪ੍ਰਾਪਤੀਆਂ ਬਾਰੇ ਵਿਸਥਾਰ ਪੂਰਵਕ ਲੇਖ ਲਿਖਿਆ ਹੈ। ਰੰਗਮੰਚ ਨਾਲ ਸਬੰਧਤ ਹੋਰ ਸੰਸਥਾਵਾਂ ਬਾਰੇ ਵੀ ਕੁਝ ਜਾਣਕਾਰੀ ਆ ਜਾਂਦੀ ਤਾਂ ਵਧੀਆ ਹੋਣਾ ਸੀ। ਸੱਥ ਨੇ ਪਿਛਲੇ ਕੁਝ ਸਾਲਾਂ ਵਿਚ ਅਜਿਹੀਆਂ ਕਈ ਸਰਗਰਮੀਆਂ ਕੀਤੀਆਂ ਹਨ ਜਿਹਨਾਂ ਉੱਤੇ ਸੱਥ ਦੇ ਮੈਂਬਰ ਹੀ ਨਹੀਂ ਅਸੀਂ ਸਾਰੇ ਹੀ ਗੌਰਵ ਮਹਿਸੂਸ ਕਰ ਸਕਦੇ ਹਾਂ। ਵਤਨ ਦਾ ਹਥਲਾ ਅੰਕ ਵੀ ਇਕ ਅਜਿਹੀ ਹੀ ਮਿਸਾਲ ਹੈ। ਪਰ ਲੇਖ ਵਿਚ ਅੰਕਿਤ ਸਾਰੀਆਂ ਗਲਾਂ ਨਾਲ ਸਹਿਮਤ ਨਹੀਂ ਹੋਇਆ ਜਾ ਸਕਦਾ। ਮੇਰੇ ਵਿਚਾਰ ਵਿਚ ਸੱਥ ਨੇ 'ਸੇਧ' ਉਤੇ ਲੋੜ ਤੋਂ ਵੱਧ ਜੋਰ ਦਿੱਤਾ ਹੋਇਆ ਹੈ ਅਤੇ ਇਸ ਜੋਰ ਦਾ ਕਿਸੇ ਹੱਦ ਤੱਕ ਨਾਟਕਾਂ ਦੀ ਸ਼ਿੱਦਤ ਅਤੇ ਕਲਾਤਮਿਕ ਪੱਖ ਉਤੇ ਪ੍ਰਭਾਵ ਵੀ ਪਿਆ ਹੈ। ਕਈ ਕਲਾਕਾਰਾਂ ਨੇ ਇਸ ਸੇਧ ਸਦਕਾ 'ਘੁਟਨ' ਮਹਿਸੂਸ ਕੀਤੀ ਹੈ ਅਤੇ ਇਸਦਾ ਇਜ਼ਹਾਰ ਵੀ ਕੀਤਾ ਹੈ। ਜਿਹਨਾਂ ਸੰਸਥਾਵਾਂ ਨੇ ਕਿਸੇ ਵਿਸ਼ੇਸ਼ ਸੇਧ ਦਾ ਐਲਾਨ ਨਹੀਂ ਕੀਤਾ ਉਹਨਾਂ ਦੇ ਨਾਟਕ ਵੀ ਅਕਸਰ ਨਸਲਵਾਦ, ਅਵਾਸ ਦੀਆਂ ਮੁਸ਼ਕਿਲਾਂ, ਔਰਤ-ਤਸ਼ੱਦਦ ਆਦਿ ਵਿਸ਼ਿਆਂ ਦੁਆਲੇ ਹੀ ਘੁੰਮੇ ਹਨ। ਕੈਨੇਡੀਅਨ ਰੰਗਮੰਚ ਦੇ ਸੰਦਰਭ ਵਿਚ 'ਕਲਾ ਕਲਾ ਲਈ' ਜਾਂ 'ਕਲਾ ਜੀਵਨ ਲਈ' ਵਰਗੇ ਕਲੀਸ਼ੇ ਨਿਰਮੂਲ ਹਨ।

ਪਰ ਇਹ ਸਭ ਕੁੱਝ, ਜਿਸ ਤਰ੍ਹਾਂ ਸੁਖਵੰਤ ਨੇ ਆਪਣੇ ਸਰਵੇਖਣ ਵਿਚ ਲਿਖਿਆ ਹੈ, ਕਨੇਡੀਅਨ ਰੰਗਮੰਚ ਵਿਚ ਰੰਗਮੰਚ ਵਿਚ ਨਿਰੰਤਰ ਚਲ ਰਹੀ ਬਹਿਸ ਦਾ ਹਿੱਸਾ ਹੈ। ਇਹ ਬਹਿਸ 'ਰੰਗਮੰਚ ਵਿਚ ਕਲਾ ਦੀ ਮਹੱਤਤਾ' ਬਾਰੇ ਹੈ। ਉਂਝ ਇਸ ਬਹਿਸ ਦਾ ਹੁਣ ਤੱਕ ਸ਼ਾਇਦ ਲਾਭ ਹੀ ਹੋਇਆ ਹੈ ਕਿਉਂਕਿ ਖੁਸ਼ਕਿਸਮਤੀ ਨਾਲ ਇਹ ਬਹਿਸ ਅਕਸਰ ਸੁਹਿਰਦ ਅਤੇ ਸੰਜੀਦਾ ਪੱਧਰ ਉਤੇ ਹੀ ਹੋਈ ਹੈ। ਇਸ ਨੇ ਕਦੇ ਜਾਤੀ ਰੰਗ ਧਾਰਨ ਨਹੀਂ ਕੀਤਾ।

ਅੰਤ ਵਿਚ ਇਹ ਕਹਿਣਾ ਚਾਹਾਂਗਾ ਕਿ ਸੱਥ ਨੇ ਇਸ ਅੰਕ ਵਿਚ ਰੰਗਮੰਚ ਬਾਰੇ ਜਾਣਕਾਰੀ ਨੂੰ ਨਿਰਪੱਖਤਾ ਨਾਲ ਪੇਸ਼ ਕਰਨ ਦਾ ਯਤਨ ਕੀਤਾ ਹੈ ਜੋ ਆਪਣੇ ਆਪ ਵਿਚ ਇਕ ਮਹੱਤਵ ਪੂਰਣ ਗੱਲ ਹੈ। ਸੱਥ ਕੈਨੇਡੀਅਨ ਰੰਗਮੰਚ ਵਿਚ ਅੱਜ ਕਲ ਸੱਭ ਤੋਂ ਸਰਗਰਮ ਸੰਸਥਾ ਹੈ। ਇਸ ਦੇ ਨਾਟਕਾਂ ਦੀ ਪੇਸ਼ਕਾਰੀ ਵਿਚ ਅਤੇ ਅਦਾਕਾਰੀ ਵਿਚ ਪਹਿਲਾਂ ਨਾਲੋਂ ਨਿਖਾਰ ਆਇਆ ਹੈ। ਇਹ ਖੂਬਸੂਰਤ ਅੰਕ ਕੱਢਣ ਲਈ ਸੱਥ ਦੇ ਮੈਂਬਰ ਵਧਾਈ ਦੇ ਪਾਤਰ ਹਨ।

**ਅਜਮੇਰ ਰੋਡੇ, ਰਿਚਮੰਡ।**

ਕੈਨੇਡੀਅਨ ਪੰਜਾਬੀ ਰੰਗਮੰਚ ਦਾ ਇਹ ਵਿਸ਼ੇਸ਼ ਅੰਕ ਸੱਚਮੁੱਚ ਸ਼ਲਾਘਾ ਦਾ ਹੱਕਦਾਰ ਹੈ। 'ਪੰਜਾਬੀ ਰੰਗ ਮੰਚ' ਬਾਰੇ ਛਪਿਆ ਏਨੀ ਸੁਹਣੀ ਦਿੱਖ ਵਾਲਾ ਪਰਚਾ ਮੈਂ ਤਾਂ ਪਹਿਲੀ ਵਾਰ ਵੇਖਿਆ ਹੈ। ਮੇਟਰ ਪੱਖੋਂ ਇਹ ਕੈਨੇਡੀਅਨ ਪੰਜਾਬੀ ਰੰਗਮੰਚ ਬਾਰੇ ਕਈ ਅੰਨ੍ਹਿਆਂ ਨੂੰ ਸੁਜਾਖਾ ਕਰਨਵਾਲਾ ਹੈ (ਮੈਂ ਵੀ ਇਕ ਅਜਿਹਾ ਅੰਨ੍ਹਾਂ ਹੀ ਸਾਂ) ਤੁਸੀਂ ਕੈਨੇਡਾ ਵਿਚ ਹੁਣ ਤੱਕ ਹੋਈਆਂ ਸਰਗਰਮੀਆਂ ਦਾ ਵਿਸਤ੍ਰਿਤ ਤੇ ਬਹੁ-ਭਾਂਤੀ ਵੇਰਵਾ ਦੇ ਕੇ ਇਕ ਸਾਂਭਣਯੋਗ ਦਸਤਾਵੇਜ ਆਪਣੇ ਪਾਠਕਾਂ ਤੇ ਵਿਸ਼ੇਸ਼ ਤੌਰ ਤੇ ਪੰਜਾਬੀ ਰੰਗਕਰਮੀਆਂ, ਦੀ ਝੋਲੀ ਪਾ ਦਿੱਤੀ ਹੈ। ਕੈਨੇਡਾ ਵਿਚਲੀਆਂ ਨਾਟ-ਮੰਡਲੀਆਂ, ਨਿਰਦੇਸ਼ਕਾਂ, ਅਦਾਕਾਰਾਂ, ਥਿਏਟਰ-ਘਰਾਂ, ਉਹਨਾਂ ਦੀਆਂ ਦਿਕਤਾਂ, ਸੀਮਾਵਾਂ ਤੇ ਸੰਭਾਵਨਾਵਾਂ ਬਾਰੇ ਇਹ ਅੰਕ ਭਰਪੂਰ ਚਾਨਣਾ ਪਾਉਂਦਾ ਹੈ। ਕੈਨੇਡਾ ਦੇ ਪੰਜਾਬੀ ਰੰਗਮੰਚ ਦੀਆਂ ਬਹੁਤ ਸਾਰੀਆਂ ਮੁਸ਼ਕਿਲਾਂ ਏਧਰਲੇ ਸ਼ਹਿਰੀ ਪੰਜਾਬੀ ਰੰਗਮੰਚ ਵਾਲੀਆਂ ਹੀ ਹਨ- ਇਸ ਗੱਲ ਦਾ ਮੈਨੂੰ ਪਤਾ ਇਹ ਅੰਕ ਪੜ੍ਹ ਕੇ ਹੀ ਲੱਗਿਆ ਹੈ। ਪੂਰੀ ਮਿਹਨਤ ਨਾਲ ਤਿਆਰ ਕੀਤੇ ਇਸ ਸੁਹਣੇ ਤੇ ਵੱਡਮੁੱਲੇ ਅੰਕ ਲਈ 'ਲੋਕ ਕਲਾ ਮੰਚ ਮਾਨਸਾ' ਦੀ ਸਮੁੱਚੀ ਨਾਟ-ਮੰਡਲੀ ਤੇ ਮੇਰੀ ਵਲੋਂ ਅਦਾਰਾ 'ਵਤਨ' ਦੇ ਸਮੁੱਚੇ ਅਮਲੇ ਨੂੰ ਬਹੁਤ ਬਹੁਤ ਮੁਬਾਰਕਾਂ। ਆਸ ਹੈ ਅੱਗੋਂ ਨੂੰ ਵੀ ਅਜਿਹੇ ਸੁਚੱਜੇ ਕਾਰਜ ਕਰਕੇ ਪੰਜਾਬੀ ਸਾਹਿਤ, ਰੰਗ ਮੰਚ ਤੇ ਸਭਿਆਚਾਰ ਦੇ ਵਿਕਾਸ ਵਿਚ ਆਪਣਾ ਬੌਧਿਕ ਯੋਗਦਾਨ ਪਾਉਂਦੇ ਰਹੋਗੇ।

**ਅਜਮੇਰ ਸਿੰਘ ਔਲਖ, ਮਾਨਸਾ**

'ਵਤਨ' ਦਾ ਇਹ ਵਿਸ਼ੇਸ਼ ਅੰਕ ਜਿਹੜਾ ਕੈਨੇਡੀਅਨ ਰੰਗਮੰਚ(ਪੰਜਾਬੀ) ਸਬੰਧੀ ਵਿਸਤ੍ਰਿਤ ਜਾਣਕਾਰੀ ਦਿੰਦਾ ਹੈ ਉਥੇ ਇਸ ਦੀ ਸੰਪਾਦਨਾ ਪਿਛੇ ਕੰਮ ਕਰ ਰਹੀ ਇਕ-ਦ੍ਰਿਸ਼ਟੀ, ਸਿਆਣਪ ਅਤੇ ਸੂਝ ਵੀ ਝਲਕਦੀ ਹੈ। ਭਾਰਤੀ ਪੰਜਾਬੀ ਪਾਠਕਾਂ ਤੇ ਦਰਸ਼ਕਾਂ ਨੂੰ ਕੈਨੇਡੀਅਨ ਪੰਜਾਬੀ ਰੰਗਮੰਚ ਸੰਬੰਧੀ ਜਾਣਕਾਰੀ ਨਹੀਂ ਸੀ। ਇਸ ਲਈ

ਪੇਤਲੀ ਜਿਹੀ ਜਾਣਕਾਰੀ ਦੇ ਆਧਾਰ ਤੇ ਵਿਦੇਸ਼ੀ ਪੰਜਾਬੀ ਰੰਗਮੰਚ ਸੰਬੰਧੀ ਤਰਕਹੀਣ ਧਾਰਨਾਵਾਂ ਘੜਾਈਆਂ ਜਾਂਦੀਆਂ ਰਹੀਆਂ ਹਨ। ਇਸ ਅੰਕ ਨਾਲ ਕੈਨੇਡੀਅਨ ਪੰਜਾਬੀ ਰੰਗਮੰਚ ਸੰਬੰਧੀ ਗੰਭੀਰ ਤੌਰ ਤੇ ਚਰਚਾ ਹੋਣ ਦੀ ਸੰਭਾਵਨਾ ਹੈ ਅਤੇ ਜੇ ਇਹ ਸਰਗਰਮੀਆਂ ਇਸੇ ਰਫ਼ਤਾਰ ਨਾਲ ਚਲਦੀਆਂ ਰਹੀਆਂ ਤਾਂ ਸ਼ਾਇਦ ਪੰਜਾਬ ਦਾ ਪੰਜਾਬੀ ਰੰਗਮੰਚ ਪਿੱਛੇ ਰਹਿ ਜਾਵੇ ਕਿਉਂਕਿ ਇਥੇ ਸਰਕਾਰ ਤੇ ਯੂਨੀਵਰਸਿਟੀਆਂ ਦੇ ਚੌਧਰੀਆਂ ਦਾ ਦਖਲ ਜ਼ਿਆਦਾ ਹੈ। ਉਹ ਆਪਣੇ ਨੱਕ ਤੋਂ ਅੱਗੇ ਨਹੀਂ ਦੇਖਦੇ ਅਤੇ ਸਮੁਚੇ ਰੰਗਮੰਚੀ ਵਾਤਾਵਰਣ ਨੂੰ ਗੰਧਲਾ ਕਰ ਰਹੇ ਹਨ। ਅਜਿਹੇ ਅੰਕ ਕਢਣ ਲਈ ਉਤਸਾਹਿਤ ਕਰਦਾ ਹਾਂ ਅਤੇ ਕਾਮਾਗਾਟਾਮਾਰੂ ਬਾਦ ਦੂਜਾ ਅੰਕ ਵੀ ਮਾਹਰਕੇ ਵਾਲਾ ਹੋਣ ਤੇ ਵਧਾਈ ਪੇਸ਼ ਕਰਦਾ ਹਾਂ।

ਸਾਡਾ ਵਿਚਾਰ ਬਣ ਰਿਹਾ ਹੈ ਕਿ ਵਤਨ ਦੇ ਇਸ ਅੰਕ ਨੂੰ ਲੋਕਾਂ ਵਿਚ ਪਰਚਾਰਿਆ ਹੀ ਨਾ ਜਾਵੇ ਸਗੋਂ ਇਸ ਸੰਬੰਧੀ ਗੰਭੀਰ ਚਰਚਾ ਵੀ ਹੋਵੇ। ਇਸ ਮੰਤਵ ਲਈ ਅਸੀਂ ਇਸ ਅੰਕ ਉਤੇ ਵਿਸ਼ੇਸ਼ ਸਮਾਗਮ ਕਰਨਾ ਚਾਹੁੰਦੇ ਹਾਂ ਜੋ ਨਵੰਬਰ ਦੇ ਪਹਿਲੇ ਹਫ਼ਤੇ ਵਿਚ ਕਰਨਾ ਚਾਹੁੰਦੇ ਹਾਂ।

ਕੈਨੇਡਾ ਵਿਚਲੇ ਲੇਖਕਾਂ ਨੂੰ ਪ੍ਰਵਾਸ ਵਿਚ ਪ੍ਰਕਾਸ਼ਤ ਕਰਨਯੋਗ ਸਮਗਰੀ ਭੇਜਣ ਲਈ ਪ੍ਰੇਰੋ। 'ਪਰਵਾਸ' ਵਿਚ ਸਾਹਿਤਕ ਘੇਰੇ ਤੋਂ ਬਾਹਰ ਦੀਆਂ ਗੈਰ ਸਿਆਸੀ ਸਰਗਰਮੀਆਂ, ਪੰਜਾਬੀ ਰੇਡੀਓ, ਟੀ. ਵੀ. ਫ਼ਿਲਮਾਂ, ਵਿਸ਼ੇਸ਼ ਘਟਨਾਵਾਂ, ਪੰਜਾਬੀ ਸ਼ਖ਼ਸੀਅਤਾਂ ਸੰਬੰਧੀ ਵੀ ਸਮਗਰੀ ਛਾਪਣ ਦਾ ਵਿਚਾਰ ਹੈ। ਤੁਸੀਂ ਕੈਨੇਡਾ ਤੋਂ ਅਜਿਹੀ ਸਮੱਗਰੀ ਭਿਜਵਾਉਣ ਦਾ ਯਤਨ ਕਰਨਾ।

**ਸ.ਪ. ਸਿੰਘ(ਡਾ:), ਅਮ੍ਰਿਤਸਰ**

'ਵਤਨ' ਦਾ ਕੈਨੇਡੀਅਨ ਪੰਜਾਬੀ ਰੰਗਮੰਚ ਵਿਸ਼ੇਸ਼ ਅੰਕ ਮਿਲਿਆ। ਤੁਸੀਂ ਬਹੁਤ ਮਿਹਨਤ ਕੀਤੀ ਹੈ, ਤੇ ਕੈਨੇਡਾ ਦੇ ਵੱਖ ਵੱਖ ਸ਼ਹਿਰਾਂ ਵੈਨਕੂਵਰ, ਕੈਲਗਰੀ, ਐਡਮੰਟਨ ਵਿਚ ਹੁੰਦੀਆਂ ਰਹੀਆਂ ਰੰਗਮੰਚੀ ਸਰਗਰਮੀਆਂ ਦਾ ਗੰਭੀਰ ਅਧਿਐਨ ਪੇਸ਼ ਕੀਤਾ ਹੈ। ਹੋਰ ਸ਼ਹਿਰਾਂ ਵਿਚ ਵੀ ਹੋਈ ਥੋੜੇ ਥੋੜੇ ਕੰਮ ਉੱਤੇ ਝਾਤ ਪਾਈ ਹੈ। ਜਿੰਨ੍ਹਾ ਕੁ ਰੰਗਮੰਚੀ ਕੰਮ ਹੋਇਆ ਹੈ, ਉਸਦੀ ਪ੍ਰਸੰਸਾ ਕੀਤੀ ਹੈ, ਪਰ ਨਾਲ ਨਾਲ ਘਟ ਸਰਗਰਮੀ ਲਈ ਅਫ਼ਸੋਸ ਵੀ ਪਰਗਟ ਕੀਤਾ ਹੈ। ਇਹ ਕੌੜੀ ਹਕੀਕਤ ਹੈ ਕਿ ਪੰਜਾਬੀ ਲੋਕ ਜਿੰਨ੍ਹਾ ਚੰਗਾ ਖਾਂਦੇ ਪੀਂਦੇ ਤੇ ਪਹਿਨਦੇ ਹਨ, ਉਤਨੇ ਹੀ 'ਸਭਿਆਚਾਰਕ ਖੁਰਾਕ' ਵਲੋਂ ਅਵੇਸਲੇ ਹਨ। ਨਾਂ ਕਿਤਾਬਾਂ ਪੜ੍ਹਦੇ ਹਨ, ਨਾਂ ਨਾਟਕ ਦੇਖਦੇ ਹਨ, ਨਾਂ ਚੰਗੇ ਅਤੇ ਮੰਦੇ ਸੰਗੀਤ ਵਿਚਕਾਰ ਤਮੀਜ਼ ਕਰਦੇ ਹਨ। ਇਹ ਘਾਟ ਪੰਜਾਬ ਵਿਚ ਵੀ ਹੈ, ਇੰਗਲੈਂਡ ਦੇ ਪੰਜਾਬੀਆਂ ਵਿਚ ਵੀ ਅਤੇ ਕੈਨੇਡਾ ਦੇ ਪੰਜਾਬੀਆਂ ਵਿਚ ਵੀ। 'ਵਤਨ' ਅਤੇ ਇਸ ਤੋਂ ਪਹਿਲਾਂ 'ਵਤਨੋਂ ਦੂਰ' ਪੰਜਾਬੀਆਂ ਦੇ ਮਨਾਂ ਉੱਤੇ ਦਸਤਕ ਦੇ ਰਿਹਾ ਹੈ। ਤੁਹਾਡੇ ਉੱਦਮ ਦੀ ਮੈਂ ਪ੍ਰਸੰਸਾ ਕਰਦਾ ਹਾਂ। ਰੰਗਮੰਚ ਨੂੰ ਪ੍ਰਫੁੱਲਤ ਕਰਨ ਲਈ ਲੇਖਕ ਅਤੇ ਕਲਾਕਾਰਾਂ ਦੋਨਾਂ ਦਾ ਵਿਸ਼ੇਸ਼ ਯੋਗਦਾਨ ਹੁੰਦਾ ਹੈ। ਤੁਸੀਂ ਇਸ ਵਿਸ਼ੇਸ਼ ਅੰਕ ਵਿਚ ਕੈਨੇਡੀਅਨ ਪੰਜਾਬੀ ਨਾਟਕਕਾਰਾਂ ਅਜਮੇਰ ਰੋਡੇ, ਰਮਿੰਦਰ ਸੰਧੂ, ਸਾਧੂ ਬਿਨਿੰਗ ਤੇ ਸੁਖਵੰਤ ਹੁੰਦਲ ਦੇ ਨਾਟਕ ਅਤੇ ਕੁਝ ਹੋਰ ਲੇਖਕਾਂ ਦੀਆਂ ਸਕਿੱਟਾਂ ਛਾਪ ਕੇ ਉਨ੍ਹਾਂ ਦੇ ਸਿਰਜਣਾਤਮਕ ਕੰਮ ਨਾਲ ਜਾਣ-ਪਛਾਣ ਕਰਾਈ ਹੈ, ਤੇ ਨਾਲ ਨਾਲ ਕੈਨੇਡਾ ਦੇ ਨਾਟਕਾਂ ਵਿਚ ਕੰਮ ਕਰਦੇ ਕਲਾਕਾਰ ਪੁਰਖਾਂ ਤੇ ਇਸਤਰੀਆਂ ਦੀਆਂ ਫ਼ੋਟੋਆਂ ਸਮੇਤ ਉਨ੍ਹਾਂ ਦੇ ਕੰਮ ਦਾ ਪ੍ਰਚੈ ਦੇ ਕੇ ਉਨ੍ਹਾਂ ਦਾ ਹੌਂਸਲਾ ਵਧਾਇਆ ਹੈ। ਇਹੋ ਜਿਹਾ ਵਿਸ਼ੇਸ਼ ਅੰਕ ਪੰਜਾਬ ਦੇ ਕਿਸੇ ਪਰਚੇ ਨੇ ਵੀ ਨਹੀਂ ਕੱਢਿਆ। ਮੇਰੀਆਂ ਵਧਾਈਆਂ।

ਇਕ ਹੋਰ ਕੰਮ ਵੱਲ ਧਿਆਨ ਦਿਓ। ਸਰਵੇ ਕਰਾਓ, ਕੈਨੇਡਾ ਦੀਆਂ ਲਾਇਬ੍ਰੇਰੀਆਂ ਵਿਚ ਪੰਜਾਬੀ ਦੀਆਂ ਪ੍ਰਕਾਸ਼ਤ ਕਿੰਨੀਆਂ ਕੁ ਪੁਸਤਕਾਂ ਪਹੁੰਚਦੀਆਂ ਹਨ? ਜੇ ਘੱਟ ਪਹੁੰਚਦੀਆਂ ਹਨ ਤਾਂ ਕਿਉਂ? ਕਿੰਨੇ ਕੁ ਪਾਠਕ ਇਹ ਪੁਸਤਕਾਂ ਲਾਇਬ੍ਰੇਰੀਆਂ ਤੋਂ ਜਾਰੀ ਕਰਵਾਉਂਦੇ ਹਨ? ਵੱਧ ਪਾਠਕਾਂ ਨੂੰ ਕਿਵੇਂ ਪ੍ਰੇਰਿਆ ਜਾ ਸਕਦਾ ਹੈ? ਪੰਜਾਬੀ ਬੋਲੀ ਦੀ ਇਕ ਵੱਡੀ ਸਮੱਸਿਆ ਦੇਸ-ਪਰਦੇਸ ਵਿਚ ਕਿਤਾਬਾਂ ਦੀ ਘੱਟ ਵਿਕਰੀ ਹੈ। ਇਹ ਵਧਣੀ ਚਾਹੀਦੀ ਹੈ।

**ਪਿਆਰਾ ਸਿੰਘ ਭੋਗਲ, ਜਲੰਧਰ**

ਇਸ ਵਾਰ ਦਾ ਵਤਨ ਮਿਲਿਆ। ਗੱਲਾਂ ਹੀ ਛਡ ਦਿਉ, ਬਹੁਤ ਵਧੀਆ ਲੱਗਿਆ। ਪਰ ਤਿੰਨ ਮਹੀਨਿਆਂ ਬਾਦ ਪਰਚੇ ਦਾ ਨਿਕਲਣਾ ਬਹੁਤ ਲੇਟ ਲੱਗਦਾ ਹੈ। ਇਸ ਵਾਰ ਤਾਂ ਬਹੁਤ ਹੀ ਲੇਟ ਹੋ ਗਿਆ। ਉਦਾਂ ਮੈਨੂੰ ਪਹਿਲੀ ਵਾਰ ਡਰਾਮਿਆਂ ਸਬੰਧੀ ਤੁਹਾਡੀਆਂ ਸਰਗਰਮੀਆਂ ਬਾਰੇ ਪਤਾ ਲਗ ਗਿਆ। ਜਿਹੜੇ ਡਰਾਮੇ ਲਿਖਦੇ ਹੋ ਉਦਾਂ ਵੀ ਕਦੇ ਕਦੇ ਇਕ ਅੱਧਾ ਵਤਨ ਦੇ ਹਰੇਕ ਅੰਕ ਵਿਚ ਪਾ ਦਿਆ ਕਰੋ। ਹੋਰ ਸਾਡੇ ਪਰਿਵਾਰ ਦੀਆਂ ਔਰਤਾਂ ਮੈਂਬਰਾਂ ਨੂੰ 'ਹਰ ਉਮਰ ਦਾ ਇਕੋ ਰੋਣਾ' ਬਹੁਤ ਵਧੀਆ ਲੱਗਿਆ।

**ਹਰੀਪਾਲ, ਫੋਰਟ ਨੈਲਸਨ, ਬੀ. ਸੀ.**

'ਵਤਨ' ਦਾ ਡਰਾਮੇ ਵਾਲਾ ਅੰਕ ਤੇ 'ਅੰਕੁਰ' ਦਾ ਤਾਜ਼ਾ ਅੰਕ ਵੀ ਮਿਲ ਗਏ ਹਨ। ਕੈਨੇਡਾ ਵਿਚ ਤੁਸੀਂ ਜਿਹੜਾ ਕੰਮ ਪੰਜਾਬੀ ਜ਼ਬਾਨ, ਸਾਹਿਤ ਤੇ ਥੀਏਟਰ ਲਈ ਕਰ ਰਹੇ ਹੋ, ਉਤਨਾ ਕੰਮ ਹਿੰਦੁਸਤਾਨ ਤੇ ਪਾਕਿਸਤਾਨ ਵਿਚ ਵੀ ਨਹੀਂ ਹੋ ਰਿਹਾ। ਮੈਂ 'ਵੰਝਲੀ' ਨਾਮ ਦਾ ਇਕ ਮੈਗਜ਼ੀਨ ਪ੍ਰਕਾਸ਼ਤ ਕਰ ਰਿਹਾ ਹਾਂ, ਜਿਸ ਦਾ ਤਾਜ਼ਾ ਤੇ ਪਹਿਲਾ ਅੰਕ ਹਿੰਦੁਸਤਾਨੀ ਸ਼ਾਇਰੀ ਬਾਰੇ ਹੋਵੇਗਾ। ਆਪਣੇ ਕਵੀ ਸੰਗਤਿਆਂ ਦੀਆਂ ਕਵਿਤਾਵਾਂ ਤੇ ਉਹਨਾਂ ਦੀਆਂ ਤਸਵੀਰਾਂ ਜਾਣਕਾਰੀ ਸਣੇ ਭੇਜ ਦਿਉ। ਤੁਹਾਡੇ ਸਾਰੇ ਦੋਸਤਾਂ 'ਵਤਨ' ਤੇ 'ਅੰਕੁਰ' ਵਿਚ ਕੰਮ ਕਰਨ ਵਾਲਿਆਂ ਨੂੰ ਸਲਾਮ।

**ਤੌਕੀਰ ਚੁਗਤਾਈ, ਕਰਾਚੀ ਪਾਕਿਸਤਾਨ**

ਵਤਨ ਦੇ ਕਾਮਿਆਂ ਨੂੰ ਮੈਂ ਕੈਨੇਡੀਅਨ ਪੰਜਾਬੀ ਰੰਗਮੰਚ ਦਾ ਵਿਸ਼ੇਸ਼ ਅੰਕ ਕੱਢਣ ਦੀ ਬਹੁਤ ਬਹੁਤ ਵਧਾਈ ਦਿੰਦੀ ਹਾਂ। ਮੈਨੂੰ ਤਾਂ ਇਹ ਕੈਨੇਡਾ-ਪੰਜਾਬੀ ਰੰਗਮੰਚ ਕਲਾਕਾਰਾਂ ਅਤੇ ਲਿਖਾਰੀਆਂ ਦੀ ਇਕ ਡਾਇਰੈਕਟਰੀ ਹੀ ਲੱਗਦੀ ਹੈ। ਇਹ ਸਮੁੱਚੀ ਸੂਚਨਾ ਨੂੰ ਇਕੱਠਿਆਂ ਕਰਨਾ ਇਕ ਮਹਾਨ ਕੰਮ ਸੀ। ਸਾਰੇ ਕਲਾਕਾਰਾਂ ਦੀ ਪੁੱਛ ਪੜਤਾਲ ਕਰਨੀ, ਉਹਨਾਂ ਤੋਂ ਸੂਚਨਾ ਇਕੱਤਰ ਕਰਨੀ, ਉਹਨਾਂ ਨਾਲ ਮੁਲਾਕਾਤਾਂ ਕਰਨੀਆਂ, ਤੇ ਫਿਰ ਸਾਰੀ ਸੂਚਨਾ ਨੂੰ ਲੜੀ-ਬੱਧ ਕਰਨ ਲਈ ਬੇਅੰਤ ਉਦਮ ਦੀ ਲੋੜ ਪਈ ਹੋਵੇਗੀ। ਇਸ ਅੰਕ ਨੂੰ ਪੜ੍ਹ ਕੇ ਸਾਡਾ ਸਿਰ ਮਾਣ ਨਾਲ ਉੱਚਾ ਹੋ ਜਾਂਦਾ ਹੈ ਕਿ ਕਿਸ ਤਰਹਾਂ ਸਾਡੇ ਵੀਰ ਤੇ ਭੈਣਾਂ, ਕੁੱਲੀ ਗੁੱਲੀ ਅਤੇ ਜੁੱਲੀ ਦੀ ਚਿੰਤਾ ਵਿਚ ਭੱਜਦੌੜ ਕਰਨ ਤੋਂ ਉਪਰੰਤ ਵੀ, ਆਪਣੇ ਪੰਜਾਬੀ ਸਭਿਆਚਾਰ ਨੂੰ ਇਸ ਧਰਤੀ ਉੱਤੇ ਜਿਉਂਦਾ ਰੱਖਣ ਲਈ ਡਰਾਮੇ ਲਿਖ ਕੇ ਤੇ ਖੇਡ ਕੇ ਕੈਨੇਡਾ-ਪੰਜਾਬੀ ਰੰਗਮੰਚ ਦੀ ਵਿਲੱਖਣਤਾ ਅਤੇ ਰੂਪ ਰੇਖਾ ਨੂੰ ਨਿਖਾਰਨ ਵਿਚ ਯੋਗ ਹਿੱਸਾ ਪਾਉਂਦੇ ਰਹੇ ਹਨ। ਇਹ ਸੱਭ ਸਾਡੀ ਸਾਰਿਆਂ ਦੀ ਮਿਹਨਤ ਅਤੇ ਸ਼ੌਕ ਦਾ ਹੀ ਸਦਕਾ ਹੈ ਕਿ ਸਾਡੇ ਨਾਟਕਾਂ ਦੇ ਵਿਸ਼ੇ ਸਾਡੇ ਆਪਣੇ ਹਨ। ਇਨਾਂ ਨੂੰ ਪੜ੍ਹ ਕੇ ਤੇ ਦੇਖਣ ਤੋਂ ਸਾਨੂੰ ਇਥੋਂ ਦੇ ਪੰਜਾਬੀਆਂ ਦੀ ਜ਼ਿੰਦਗੀ ਦਾ ਅਹਿਸਾਸ ਹੁੰਦਾ ਹੈ, ਜਿਸ ਦੀ ਹੋਂਦ ਵਿਚ ਪੰਜਾਬੀਅਤ ਵੀ ਹੈ ਅਤੇ ਵਿਲੱਖਣਤਾ ਵੀ।

ਜਗਦੀਸ਼ ਅਤੇ ਅੰਜੂ ਦੇ ਲੇਖ: <u>ਕੈਨੇਡਾ ਦੇ ਪੰਜਾਬੀ ਰੰਗਮੰਚ ਵਿਚ ਔਰਤਾਂ ਦੀ ਸ਼ਮੂਲੀਅਤ</u> ਤੋਂ ਪਤਾ ਚਲਦਾ ਹੈ ਕਿ ਇਥੋਂ ਦੇ ਕਲਾਕਾਰਾਂ ਵਿਚ ਕੁਲ ਦਸ ਤੋਂ ਵੀਹ ਫੀਸਦੀ ਹੀ ਔਰਤਾਂ ਨੇ ਡਰਾਮਿਆਂ ਵਿਚ ਭਾਗ ਲਿਆ ਹੈ। ਇਸ ਤੋਂ ਉਪਰੰਤ ਉਹਨਾਂ ਨੇ ਬੜੇ ਸੁਚੱਜੇ ਢੰਗ ਨਾਲ ਔਰਤਾਂ ਦੀ ਘੱਟ ਗਿਣਤੀ ਹੋਣ ਦੇ ਕਾਰਨ ਵੀ ਦੱਸੇ ਹਨ ਅਤੇ ਔਰਤਾਂ ਨੂੰ ਪਰੇਰਨਾ ਵੀ ਦਿੱਤੀ ਹੈ ਕਿ ਓਹ ਇਸ ਮੈਦਾਨ ਵਿਚ ਆਦਮੀਆਂ ਦੇ ਬਰਾਬਰ ਹਿੱਸਾ ਪਾਉਣ। ਪੰਜਾਬੀ ਦੀ ਇਕ ਅਖਾਣ ਹੈ ਕਿ ਰੋਏ ਬਿਨਾਂ ਤਾਂ ਮਾਂ ਵੀ ਬੱਚੇ ਨੂੰ ਦੁੱਧ ਨਹੀਂ ਦਿੰਦੀ। ਸੋ ਜਿਨਾਂ ਚਿਰ ਸਾਨੂੰ ਆਪਣੇ ਹੱਕਾਂ ਦੀ ਬੋਲੀ ਨਹੀਂ ਆਉਂਦੀ ਤੇ ਅਸੀਂ ਇਹ ਹੱਕ ਮੰਗਣੇ ਸ਼ੁਰੂ ਨਹੀਂ ਕਰਦੇ, ਉਨਾਂ ਚਿਰ ਉਨਾਂ ਦੇ ਮਿਲਣ ਦੀ ਆਸ ਵੀ ਨਹੀਂ ਕਰ ਸਕਦੇ। ਸ਼ਾਸਤਰਾਂ ਵਿਚ ਆਉਂਦਾ ਹੈ ਕਿ ਮੰਨੂੰ ਨੇ ਭਾਰਤੀ ਸਮਾਜ ਨੂੰ ਚਾਰ ਵਰਗਾਂ ਵਿਚ ਵੰਡਿਆਂ ਸੀ, ਤਾਂ ਜੋ ਸਮਾਜ 'ਚ ਕੰਮ ਸੁਵਿਧਾ ਨਾਲ ਚੱਲ ਸਕੇ। ਪਰ ਮੇਰੇ ਵਿਚਾਰ ਵਿਚ ਤਾਂ ਸਾਡਾ ਸਮਾਜ ਬਹੁਤ ਚਿਰਾਂ ਤੋਂ ਦੋ ਹੋਰ ਜਾਤਾਂ ਵਿਚ ਵੀ ਵੰਡਿਆ ਚਲਿਆ ਆ ਰਿਹਾ ਹੈ। ਇਕ ਹੈ ਓਉੱਚੀ ਅਤੇ ਸੁੱਚੀ ਮਰਦ ਦੀ ਜਾਤ-ਜੋ ਪੂਜਨੀਕ ਪਿਤਾ ਹੈ, ਪਤੀ ਪ੍ਰਮੇਸ਼ਰ ਹੈ, ਧੁਰ ਦਰਗਾਹੋਂ ਘੱਲੀ ਦਾਤ ਵੀਰ ਜਾਂ ਸਪੁੱਤਰ ਹੈ। ਦੂਜੇ ਪਾਸੇ ਹੈ ਔਰਤ ਦੀ ਜਾਤ, ਜੋ ਹਰ ਪੱਖੋਂ ਨੀਵੀਂ ਹੈ ਪੈਰ ਦੀ ਜੁੱਤੀ ਹੈ। ਜਿਵੇਂ ਨੀਵੀਆਂ ਜਾਤੀਆਂ ਦੀ ਸਿਰਜਣਾ ਇਸ ਲਈ ਕੀਤੀ ਗਈ ਸੀ ਕਿ ਉਹ ਉਚੀਆਂ ਜਾਤੀਆਂ ਦੀ ਸੇਵਾ ਕਰਨ, ਇਵੇਂ ਹੀ ਇਸਤਰੀ ਜਾਤੀ ਵੀ ਆਦਮੀ ਦੀ ਸੇਵਾ ਦੇ ਲਈ ਹੀ ਬਣਾਈ ਮੰਨੀ ਜਾਂਦੀ ਹੈ। ਇਹ ਵੀ ਚੰਗਾ ਹੈ ਜੋ

ਭਾਰਤੀ ਸਰਕਾਰ ਨੇ ਸ਼ਡੂਲ ਕਲਾਸ ਦੀਆਂ ਸ਼੍ਰੇਣੀਆਂ ਵਿਚ ਔਰਤਾਂ ਦੀ ਜਾਤ ਨੂੰ ਵੀ ਸ਼ਾਮਲ ਕਰ ਲਿਆ ਹੋਇਆ

ਸੋ ਅੰਜੂ ਤੇ ਜਗਦੀਸ਼ ਜੀ ਪਹਿਲ ਤਾਂ ਕਿਸੇ ਨਾ ਕਿਸੇ ਨੂੰ ਕਰਨੀ ਹੀ ਪੈਂਦੀ ਹੈ। ਸਾਡੇ ਪੰਜਾਬੀ ਸਭਿਆਚਾਰ ਵਿਚ ਔਰਤਾਂ ਦੇ ਸਟੇਜ 'ਤੇ ਨੱਚਣ, ਗਾਉਣ ਅਤੇ ਡਰਾਮੇ ਕਰਨ ਨੂੰ ਕੋਠੇ ਉੱਤੇ ਜਾ ਬੈਠਣ ਬਰਾਬਰ ਹੀ ਸਮਝਿਆ ਜਾਂਦਾ ਰਿਹਾ ਹੈ। ਅੱਜ ਤੋਂ ਕੋਈ ਤੀਹ ਕੁ ਵਰੇ ਪਹਿਲਾਂ ਦੀ ਗੱਲ ਹੈ ਜਦੋਂ ਨੀਨਾ ਟਿਵਾਣਾ, ਪਹਿਲੀ ਪੰਜਾਬਣ ਦੇ ਰੂਪ ਵਿਚ ਨੈਸ਼ਨਲ ਸਕੂਲ ਆਫ ਡਰਾਮਾ ਦਿੱਲੀ ਵਿਚ ਤਿੰਨ ਸਾਲ ਦੀ ਟ੍ਰੇਨਿੰਗ ਲੈਣ ਲਈ ਗਈ ਤਾਂ ਜਾਣ ਪਹਿਚਾਣ ਵਾਲੇ ਸਾਰੇ ਲੋਕ ਹੈਰਾਨ ਸਨ ਕਿ ਕੁੜੀ ਦੀ ਕੀ ਮੱਤ ਮਾਰੀ ਗਈ ਹੈ, ਐਮ ਏ ਪਾਸ ਹੈ, ਭਾਸ਼ਾ ਵਿਭਾਗ ਪਟਿਆਲਾ ਵਿਚ ਪੱਕੀ ਨੌਕਰੀ ਹੈ ਤੇ ਇਹ ਡਰਾਮੇ ਦਾ ਚੱਕਰ ਕੀ ? ਅੱਜ ਉਸਤੋਂ ਪਿਛੋਂ ਕਿੰਨੀਆਂ ਹੀ ਕੁੜੀਆਂ ਟ੍ਰੇਨਿੰਗ ਲੈ ਚੁੱਕੀਆਂ ਹਨ। ਕਿੰਨੀਆਂ ਹੀ ਔਰਤਾਂ ਡਰਾਮਿਆਂ ਵਿਚ ਕੰਮ ਕਰਦੀਆਂ ਹਨ, ਗਾਉਣ ਅਤੇ ਨੱਚਣ ਦੇ ਪੇਸ਼ੇ ਵਿਚ ਵੀ ਹਨ ਅਤੇ ਇਜ਼ਤ ਨਾਲ ਆਪਣੀ ਰੋਟੀ ਕਮਾਉਂਦੀਆਂ ਹਨ। ਮੇਰੇ ਕਹਿਣ ਦਾ ਭਾਵ ਹੈ ਕਿ ਜੇ ਅੱਜ ਵੀਹ ਔਰਤਾਂ ਕੈਨੇਡਾ ਦੇ ਪੰਜਾਬੀ ਰੰਗਮੰਚ ਵਿਚ ਹਿੱਸਾ ਲੈ ਰਹੀਆਂ ਹਨ ਤਾਂ ਭਵਿੱਖ ਇਸ ਨਾਲੋਂ ਉੱਜਲ ਹੀ ਹੋਵੇਗਾ ਤੇ ਤੁਹਾਡੇ ਲੇਖ ਤੋਂ ਵੀ ਕੁਝ ਕੁ ਪ੍ਰੇਰਣਾ ਮਿਲੇਗੀ। ਮੈਂ ਤਾਂ ਕਹਿੰਦੀ ਹਾਂ ਕਿ ਔਰਤਾਂ ਨੂੰ ਵੱਧ ਤੋਂ ਵੱਧ ਖੇਤ੍ਰਾਂ ਵਿਚ ਆਦਮੀ ਦੇ ਨਾਲ ਹੀ ਹਿੱਸਾ ਪਾਉਣਾ ਚਾਹੀਦਾ ਹੈ। ਪਰ ਇਸ ਸੱਭ ਕੁਝ ਲਈ, ਔਰਤਾਂ ਦੀ ਜਦੋਜਹਿਦ ਅਤੇ ਆਦਮੀਆਂ ਦੇ ਸਹਿਯੋਗ ਦੀ ਲੋੜ ਹੈ।

ਸੰਪਾਦਕੀ ਕਾਲਮ ਵਿਚ ਤੁਸੀਂ ਸਾਨੂੰ ਪਾਠਕਾਂ ਨੂੰ ਰੰਗਮੰਚ ਸਬੰਧੀ ਜਾਣਕਾਰੀ ਵਿਚ ਰਹਿ ਗਈਆਂ ਉਕਾਈਆਂ ਤੋਂ ਜਾਣੂ ਕਰਾਉਣ ਲਈ ਕਿਹਾ ਹੈ। ਸੋ ਇਸ ਬਾਰੇ ਵੀ ਮੈਂ ਕੁਝ ਕਹਿਣਾ ਚਾਹੁੰਦੀ ਹਾਂ। ਸੁਖਵੰਤ ਹੁੰਦਲ ਦੇ ਲੇਖ <u>ਕੈਨੇਡਾ ਵਿਚ ਪੰਜਾਬੀ ਰੰਗਮੰਚ: ਇਕ ਸਰਵੇਖਣ</u> ਵਿਚ ਪੰਜਾਬ ਕਲਾ ਮੰਚ ਦੀ ਇਕ ਧੁੰਦਲੀ ਜਿਹੀ ਅੱਧ ਪਚੱਦੀ ਤਸਵੀਰ ਉਲੀਕੀ ਦੇਖ ਕੇ ਮੈਨੂੰ ਕੁਝ ਦੁੱਖ ਮਹਿਸੂਸ ਹੋਇਆ। ਜਿਵੇਂ ਵੈਨਕੂਵਰ ਸੱਥ ਵਿਚ ਭਾਵੇਂ ਕਿੰਨੇ ਕਲਾਕਾਰ ਆਉਂਦੇ ਤੇ ਹਿੱਸਾ ਪਾ ਕੇ ਜਾਂਦੇ ਰਹਿਣ ਪਰ ਕੁਝ ਵਿਅਕਤੀਆਂ ਅਤੇ ਕਲਾਕਾਰਾਂ ਦਾ ਨਾਮ ਇਸ ਨਾਲ ਸਦਾ ਹੀ ਜੁੜਿਆ ਰਹੇਗਾ। ਇਵੇਂ ਹੀ 1959 ਤੋਂ ਤਾਂ ਮੈਨੂੰ ਪਤਾ ਹੈ ਕਿ ਹਰਪਾਲ ਅਤੇ ਨੀਨਾ ਟਿਵਾਣਾ ਦੇ ਨਾਮ ਨੂੰ ਪੰਜਾਬ ਕਲਾ ਮੰਚ ਨਾਲੋਂ ਨਖੇੜਿਆ ਨਹੀਂ ਜਾ ਸਕਦਾ। ਇਹ ਉਹੀ ਪੰਜਾਬ ਕਲਾ ਮੰਚ ਹੈ ਜਿਸ ਵਿਚ ਓਮ ਪੁਰੀ, ਰਾਜ ਬੱਬਰ, ਗਿਰਜਾ ਸ਼ੰਕਰ, ਨਿਰਮਲ ਰਿਸ਼ੀ (ਗੁਲਾਬੋ ਮਾਸੀ) ਪਰਮਜੀਤ ਸੋਹੀ, ਗੁਰਦਾਸ ਮਾਨ, ਯੋਗਰਾਜ ਸੇਦਾ, ਗੁਰਦੀਪ ਗਰੇਵਾਲ, ਮੋਹਨ ਬੱਗਣ ਅਤੇ ਹੋਰ ਅਨੇਕਾਂ ਹੀ ਕਲਾਕਾਰਾਂ ਨੇ ਸਮੇਂ ਸਮੇਂ ਸਿਰ ਆ ਕੇ ਹਰਪਾਲ ਟਿਵਾਣਾ ਦੀ ਨਿਰਦੇਸ਼ਨਾ ਹੇਠਾਂ ਡਰਾਮੇ ਕੀਤੇ ਤੇ ਆਪਣੇ ਆਪਣੇ ਟੀਚੇ ਵੱਲ ਵੱਧਦੇ ਗਏ। ਇਹ ਹਰਪਾਲ ਅਤੇ ਨੀਨਾ ਟਿਵਾਣਾ ਹੀ ਸਨ ਜੋ ਆਪਣੇ ਨਾਲ ਯੋਗਰਾਜ, ਗੁਰਦੀਪ ਗਰੇਵਾਲ ਅਤੇ ਮੋਹਨ ਬੱਗਣ ਕੇ ਆਏ ਸਨ। ਪਰ ਪੰਜਾਬ ਕਲਾ ਮੰਚ ਦੇ ਇਨਾਂ ਪੰਜਾਂ ਕਲਾਕਾਰਾਂ ਨੇ ਹੀ ਚਮਕੌਰ ਦੀ ਗੜ੍ਹੀ ਅਤੇ ਕਣਕ ਦੀ ਬੱਲੀ ਨਾਟਕ ਨਹੀਂ ਕੀਤੇ, ਸਗੋਂ ਇਨਾਂ ਨੇ ਵੀ ਇਥੋਂ ਦੇ ਸਥਾਨਕ ਕਲਾਕਾਰਾਂ ਨੂੰ ਆਪਣੇ ਨਾਲ ਲੈ ਕੇ ਇਹ ਨਾਟਕ ਖੇਡੇ। ਕਣਕ ਦੀ ਬੱਲੀ ਦੇ ਤਾਂ ਬਹੁਤ ਪਾਤਰ ਸਨ ਜੋ ਇਥੋਂ ਹੀ ਲਏ ਗਏ ਸਨ। ਸੋ ਹਰਪਾਲ ਅਤੇ ਨੀਨਾ ਦਾ ਡਰਾਮੇ ਕਰਨ ਲਈ ਇਥੇ ਆਉਣਾ ਵੀ ਕੈਨੇਡਾ ਪੰਜਾਬੀ ਡਰਾਮੇ ਦੇ ਪੜਾ ਦੀ ਇਕ ਇਤਹਾਸਕ ਸਚਾਈ ਹੈ, ਜਿਸਨੂੰ ਨਜ਼ਰ ਅੰਦਾਜ਼ ਕਰਨਾ, ਇਥੋਂ ਦੇ ਡਰਾਮੇ ਦੇ ਇਤਹਾਸ ਅਤੇ ਵਿਕਾਸ ਨਾਲ ਬੇਇਨਸਾਫੀ ਕਰਨਾ ਹੈ।

ਤੀਜੀ ਪਾਸ ਡਰਾਮਾ ਜੋ ਦਸੰਬਰ 72 ਵਿਚ ਖੇਡਿਆ ਗਿਆ ਕੈਨੇਡਾ ਦਾ ਪਹਿਲਾ ਪੰਜਾਬੀ ਡਰਾਮਾ ਹੋਣ ਕਰਕੇ ਇਕ ਖਾਸ ਮਹੱਤਤਾ ਰੱਖਦਾ ਹੈ, ਇਸੇ ਤਰ੍ਹਾਂ ਕਣਕ ਦੀ ਬੱਲੀ ਦੀ ਵੀ ਇਥੋਂ ਦੇ ਰੰਗਮੰਚ ਵਿਚ ਖਾਸ ਥਾਂ ਹੈ ਕਿਉਂ ਜੋ ਇਹ ਪਹਿਲਾ ਪੰਜਾਬੀ ਡਰਾਮਾ ਹੈ ਜੋ ਕੁਈਨ ਅਲੈਜ਼ਿਬੈੱਥ ਪਲੇ-ਹਾਊਸ ਵਿਚ ਖੇਡਿਆ ਗਿਆ, ਜਿਸ ਵਿਚ ਅੱਧੇ ਤੋਂ ਜ਼ਿਆਦਾ ਕਲਾਕਾਰ ਸਥਾਨਕ ਸੀ। ਜੋ ਮੰਚ ਸਜਾ, ਮੰਚ ਉਸਾਰੀ ਅਤੇ ਰੋਸ਼ਨੀ ਦੀਆਂ ਤਕਨੀਕਾਂ ਦਾ ਜ਼ਿਕਰ ਤੁਸੀਂ ਰੱਤਾ ਸਾਲੂ, ਲੋਹਾ ਕੁੱਟ ਅਤੇ ਸ਼ਰਬਤੀ ਨਾਟਕਾਂ ਦੇ ਸੰਬੰਧ ਨਾਲ ਕੀਤਾ ਹੈ, ਉਨਾਂ ਸੱਭ ਤਕਨੀਕਾਂ ਦੀ ਸ਼ੁਰੂਆਤ ਵੀ ਚਮਕੌਰ ਦੀ ਗੜ੍ਹੀ ਅਤੇ ਕਣਕ ਦੀ ਬੱਲੀ ਤੋਂ ਹੀ ਹੋਈ। ਇਸ ਨਾਤੇ ਇਹ ਦੋਨੋਂ ਨਾਟਕ ਕੈਨੇਡਾ - ਪੰਜਾਬੀ ਨਾਟਕੀ ਇਤਹਾਸ ਦਾ ਉਨਾਂ ਹੀ ਹਿੱਸਾ ਹਨ, ਜਿਨਾਂ ਕਿ ਇਨਾਂ ਤੋਂ ਪਿਛੋਂ ਬਾਹਰਲੇ ਕਲਾਕਾਰਾਂ ਦੀ ਸਹਾਇਤਾ ਨਾਲ ਕੀਤੇ ਦੂਜੇ ਨਾਟਕ।

ਹਰਪਾਲ ਅਤੇ ਨੀਨਾ ਟਿਵਾਣਾ ਨੇ ਟਰਾਂਟੋ ਜਾ ਕੇ ਵੀ ਉਥੋਂ ਦੇ ਸਥਾਨਕ ਕਲਾਕਾਰਾਂ ਨੂੰ ਨਾਲ ਲੈ ਕੇ ਜਿਨਾਂ ਵਿਚ ਕੁਲਦੀਪ ਦੀਪਕ ਵੀ ਸ਼ਾਮਲ ਸੀ, ਦੋ ਨਾਟਕ ਚਮਕੌਰ ਦੀ ਗੜ੍ਹੀ ਅਤੇ ਦੀਵਾ ਬਲੇ ਸਾਰੀ ਰਾਤ ਖੇਡੇ ਗਏ।

ਇਸ ਤੋਂ ਇਲਾਵਾ ਕੈਨੇਡਾ ਪੰਜਾਬੀ ਰੰਗਮੰਚ ਦੀ ਉਸਾਰੀ ਵਿਚ ਇੰਡੀਆ ਮਹਿਲਾ ਐਸੋਸੀਏਸ਼ਨ ਦਾ ਨਾਮ ਵੀ ਵਰਨਣ ਯੋਗ ਹੈ, ਜੋ ਪੰਜਵੇ (ਵਿਸ਼ੇਸ਼ ਅੰਕ) ਸਫੇ ਦੀ ਵੈਨਕੂਵਰ ਸੀ ਲਿਸਟ ਵਿਚ ਮੈਨੂੰ ਦਿਖਾਈ ਨਹੀਂ ਦਿੱਤਾ। ਇੰਡੀਆ ਮਹਿਲਾ ਐਸੋਸੀਏਸ਼ਨ Battered Wife Support Service ਨਾਲ ਮਿਲ ਕੇ ਵੀ ਇਕ ਸਾਂਝਾ ਸਮਾਗਮ ਕੀਤਾ। ਇਸਤੋਂ ਇਲਾਵਾ ਬਾਜ਼ਾਰ ਆਫ ਹੈਦਰਾਬਾਦ 1980 ਵਿਚ, ਸਮੱਸਿਆ 1988 ਵਿਚ, ਅਤੇ ਨਵੀਂ ਪੀੜ੍ਹੀ 1990 ਵਿਚ ਵੀ ਆਪਣੇ ਮੈਂਬਰਾਂ ਤੇ ਉਨਾਂ ਦੇ ਪ੍ਰਵਾਰਾਂ ਲਈ ਖੇਡੇ।

ਇਹੋ ਜਿਹੀਆਂ ਕੁਝ ਕੁ ਗੱਲਾਂ ਦਾ ਵਰਨਣ ਨਾ ਹੋਣ ਦੇ ਬਾਵਜੂਦ ਵੀ ਇਹ ਕੰਮ ਤੁਸੀਂ ਬਹੁਤ ਸ਼ਲਾਘਾ ਯੋਗ ਕੀਤਾ। ਕਿਉਂ ਜੋ ਤੁਸੀਂ ਇਸ ਅੰਕ ਨੂੰ ਪੰਜਾਬੀ ਬੋਲੀ ਅਤੇ ਪੰਜਾਬੀ ਨਾਟਕਾਂ ਨਾਲ ਪਿਆਰ ਕਰਨ ਵਾਲਿਆਂ ਨੂੰ ਇੰਡੀਆਂ ਅਤੇ ਹੋਰ ਬਾਹਰ ਵੀ ਭੇਜਣ ਦਾ ਉੱਦਮ ਕੀਤਾ ਹੈ ਅਵੱਸ਼ ਹੀ ਇਹ ਅੰਕ ਉਨਾਂ ਸੱਭ ਲੋਕਾਂ ਨੂੰ ਇਥੇ ਕੈਨੇਡਾ ਵਿਚ ਹੋ ਰਹੀਆਂ ਸਰਗਰਮੀਆਂ ਤੋਂ ਜਾਣਕਾਰੀ ਕਰਵਾਏਗਾ ਤੇ ਇਸ ਲਈ ਸਾਨੂੰ ਸੱਭ ਨੂੰ ਹੀ ਤੁਹਾਡੇ ਤੇ ਮਾਣ ਹੈ।

**ਬਲਿੰਦ੍ਰ ਜੌਹਲ, ਵੈਨਕੂਵਰ**

'ਵਤਨ' ਦੇ ਪਰਚੇ ਜੋ ਮੈਨੂੰ ਪਹਿਲਾਂ ਵੀ ਮਿਲੇ ਸਨ ਤੇ ਉਨ੍ਹਾਂ ਸਬੰਧੀ ਜੋ ਵਿਚਾਰ ਮੈਂ ਪਹਿਲਾਂ ਵੀ ਲਿਖੇ ਸਨ, ਮੈਨੂੰ ਖੁਸ਼ੀ ਹੈ ਕਿ 'ਵਤਨ' ਦੇ ਬਾਕੀ ਪਰਚਿਆਂ ਨੇ ਮੇਰੇ ਵਿਚਾਰਾਂ ਨੂੰ ਹੋਰ ਸੰਤੁਸ਼ਟੀ ਦਿੱਤੀ ਹੈ ਕਿ 'ਵਤਨ' ਆਪਣੀ ਵਿਸ਼ੇਸ਼ ਤੇ ਗੰਭੀਰ ਦਿੱਖ ਬਣਾਉਣ ਵਿਚ ਹਰ ਅੰਕ ਨਾਲ ਵਧੇਰੇ ਸਫ਼ਲ ਹੋ ਰਿਹਾ ਹੈ। ਹੁਣ ਤਕ ਨਿਕਲੇ ਸਾਰੇ ਅੰਕ ਹੀ ਆਪਣੀ ਉੱਚ ਪੱਧਰੀ ਸਮੱਗਰੀ ਨਾਲ ਆਪਣਾ ਪ੍ਰਭਾਵ ਛਡਦੇ ਹਨ। ਜੇ ਵੱਖੋ-ਵਖਰੇ ਅੰਕਾਂ ਦੀ ਗੱਲ ਕਰਨੀ ਹੋਵੇ ਤਾਂ ਸਭ ਤੋਂ ਪਹਿਲਾ ਅੰਕ 'ਕਾਮਾਗਾਟਾਮਾਰੂ ਅੰਕ' ਸ਼ਾਇਦ ਸਭ ਤੋਂ ਵੱਧ ਪ੍ਰਭਾਵਸ਼ਾਲੀ ਅੰਕ ਹੈ। ਇਸ ਇਤਿਹਾਸਕ ਘਟਨਾਂ ਦੇ ਵੱਖ ਵੱਖ ਪਹਿਲੂ ਉਘਾੜਣ ਤੇ ਨੌਜਵਾਨ ਪੀੜ੍ਹੀ ਨੂੰ ਪ੍ਰੇਰਣਾ ਦੇਣ ਹਿਤ ਇਹ ਕਿਤਾਬ ਵਾਂਗ ਸੰਭਾਲ ਕੇ ਰੱਖਣ ਵਾਲਾ ਅੰਕ ਹੈ।

'ਵਤਨ' ਦੇ ਅੰਕਾਂ ਵਿਚ ਤਾਂ ਰਾਜਪਾਲ ਹੁਰਾਂ ਦੇ ਲੇਖ ਵੀ ਬੜੇ ਚੰਗੇ ਹਨ। ਅਜਿਹੇ ਵਿਸ਼ਿਆਂ ਤੇ ਲੇਖਣ ਘੱਟ ਹੀ ਕੀਤਾ ਜਾਂਦਾ ਹੈ, ਪਰ ਡਾ: ਸਾਹਿਬ ਚੰਗੀ ਪੰਜਾਬੀ ਭਾਸ਼ਾ ਵਿਚ ਇਨ੍ਹਾਂ ਵਿਸ਼ਿਆਂ ਨੂੰ ਸੌਖੀ ਤਰਾਂ ਸਮਝਾਉਣ ਵਿਚ ਸਫਲ ਹੋ ਰਹੇ ਹਨ।

'ਵਤਨ' ਦੇ ਅੰਕਾ ਵਿਚ ਛਪ ਰਹੀਆਂ ਕਵਿਤਾਵਾਂ-ਕਹਾਣੀਆਂ ਵੀ ਸਧਾਰਣ ਤੋਰ ਤੇ ਚੰਗੇ ਪੱਧਰ ਦੀਆਂ ਹਨ ਅਤੇ ਖਾਸ ਕਰ ਜਦੋਂ ਬਦੇਸ਼ੀ ਬੈਠੇ ਪੰਜਾਬੀ ਉੱਚੇ ਸ਼ਿਦਤ ਨਾਲ ਆਪਣੀ ਜ਼ੁਬਾਨ ਨੂੰ ਆਪਣੇ ਜਜ਼ਬਾਤੀ ਇਜ਼ਹਾਰ ਦਾ ਮਾਧਿਅਮ ਬਣਾਉਂਦੇ ਹਨ। ਏਧਰਲੇ ਪੰਜਾਬੀਆਂ ਲਈ ਤਾਂ ਇਸਦਾ ਮਹੱਤਵ ਹੋਰ ਵੀ ਵੱਧ ਜਾਂਦਾ ਹੈ। ਅਮਨਪਾਲ ਸਾਰਾ ਦੀਆਂ ਕਹਾਣੀਆਂ ਵਿਚ ਕਹਾਣੀ ਦੇ ਨਾਲ ਨਾਲ ਹੀ ਮਨੁੱਖੀ ਭਾਵਾਂ ਨੂੰ ਛੂਹਣ ਵਾਲੀਆਂ ਮਾਨਵੀ ਭਾਵਨਾਵਾਂ ਮਿਲਦੀਆਂ ਹਨ।

ਇਕ ਗੱਲ ਹੋਰ ਜੇ ਕੀਤੀ ਜਾ ਸਕੇ ਜੋ ਜ਼ਰੂਰੀ ਹੈ - ਪਿਛਲੇ ਸਮੇਂ ਵਿਚ ਸਾਰੀ ਦੁਨੀਆਂ ਦੀ ਪੱਧਰ ਤੇ ਪ੍ਰਗਤੀਵਾਦੀ ਵਿਚਾਰਧਾਰਾ ਨੂੰ ਢਾਹ ਲੱਗੀ ਹੈ। ਏਧਰ 'ਸਿਰਜਣਾ' ਆਦਿ ਪਰਚਿਆਂ ਵਿਚ ਇਸ ਵਿਸ਼ੇ ਤੇ ਗੰਭੀਰ ਚਰਚਾ ਛਿੜੀ ਹੈ ਤੇ ਸ਼ਾਇਦ ਤੁਹਾਨੂੰ ਵੀ ਇਹ ਚਰਚਾ 'ਵਤਨ' ਵਿਚ ਸ਼ੁਰੂ ਕਰਨੀ ਚਾਹੀਦੀ ਹੈ। ਕੈਨੇਡਾ ਦੇ ਲੇਖਕਾਂ ਨੂੰ ਵੀ ਇਸ ਬਹਿਸ ਜਾਂ ਚਰਚਾ ਵਿਚ ਸ਼ਾਮਲ ਹੋਣਾ ਚਾਹੀਦਾ ਹੈ। ਇਹ ਕਾਫੀ ਜ਼ਰੂਰੀ ਹੈ।

**ਚਮਨ ਲਾਲ, ਪ੍ਰਭਾਕਰ**

ਪਰਚਾ ਮਿਲ ਰਿਹਾ ਹੈ। ਤੁਹਾਡੀ ਮਿਹਨਤ ਤੇ ਸਿਰੜ ਹਰ ਅੰਕ ਵਿਚੋਂ ਝਲਕਦਾ ਹੈ। ਅਜਮੇਰ ਰੋਡੇ ਐਤਕੀਂ ਨਜ਼ਰ ਨਹੀਂ ਆਏ। ਵਤਨ ਲਈ ਸ਼ੁਭ ਇਛਾਵਾਂ। ਦੱਬੀ ਚਲੋ। ਪਰਚੇ ਚਲਾਉਣੇ ਬੜੇ ਔਖੇ ਨੇ, ਨੁਕਤਾਚੀਨੀ ਕਰਨੀ ਬੜੀ ਆਸਾਨ ਹੁੰਦੀ ਹੈ। ਮੈਂ ਇਸ ਪਰਚਾ ਛਾਪਣ ਦੀ ਵੇਦਨਾ ਚੋਂ ਗੁਜ਼ਰਿਆਂ ਹਾਂ ਤੇ ਮੈਨੂੰ ਇਹਦਾ ਅਹਿਸਾਸ

ਹੈ। ਚੰਦਾ ਹਾਜ਼ਰ ਹੈ। ਜਿਹੜੇ ਅਸੀਂ ਭਾਰਤ ਤੋਂ ਬਾਹਰ ਬੈਠੇ ਹਾਂ, ਕਿਸੇ ਨੂੰ ਮੁਫਤ ਪਰਚਾ ਨਾ ਘੱਲੋ। ਏਥੇ ਬੜੇ ਤੋਂ ਬੜੇ ਕਹਿੰਦੇ ਕਹਾਉਂਦੇ ਢੀਠ ਬੈਠੇ ਹਨ।

**ਕੇ.ਸੀ. ਮੋਹਨ, ਇੰਗਲੈਂਡ।**

'ਵਤਨ' ਦੀ ਸਾਹਿਤਕ ਪੰਡ ਹਰ ਵਾਰ ਵਧੇਰੇ ਨਿੱਗਰਤਾ ਨਾਲ ਲਗਾਤਾਰ ਪਹੁੰਚ ਰਹੀ ਹੈ। ਵੱਡੇ ਲੇਖਾਂ ਵਿਚ ਸਿਆਸਤ ਸੰਬੰਧੀ ਪੁਣਛਾਣ, ਕਵਿਤਾਵਾਂ ਵਿਚ ਕੌੜੇ ਸੱਚ ਤੇ ਕਹਾਣੀਆਂ ਵਿਚ ਭਵਿਖ ਦੀ ਚਿੰਤਾ ਤੇ ਵਰਤਮਾਨ ਦੀਆਂ ਔਕੜਾਂ ਦਾ ਅਕਸ ਹਰ ਅੰਕ ਵਿਚ ਬਿਨਾ-ਸ਼ੱਕ ਆਪਣੀ ਉਦਾਹਰਣ ਆਪ ਹੁੰਦੇ ਹਨ।

**ਹਰਜਿੰਦਰ ਕੰਗ, ਕੈਲੀਫੋਰਨੀਆਂ**

'ਵਤਨ' ਦਾ ਜੁਲਾਈ-ਸਤਬੰਰ ਅੰਕ ਮਿਲਿਆ ਹੈ। ਇਸ ਤੋਂ ਪਹਿਲਾਂ ਵਤਨ ਬਾਰੇ ਸੁਣਿਆ ਸੀ ਪਰ ਵੇਖਿਆ ਨਹੀਂ ਸੀ। ਵਤਨੋਂ ਦੂਰ ਇਤਨਾ ਚੰਗਾ 'ਵਤਨ' ਰਚਣ ਲਈ ਮੁਬਾਰਕਬਾਦ ਦੇ ਹੱਕੀ ਹੋ। ਇਹ ਜਾਣ ਕੇ ਹੋਰ ਵੀ ਚੰਗਾ ਲੱਗਾ ਕਿ ਕੈਨੇਡਾ ਵਿਚ ਪੰਜਾਬੀ ਰੰਗ ਮੰਚ ਦੀਆਂ ਸਰਗਰਮੀਆਂ ਇਤਨੇ ਚੰਗੇ ਪੱਧਰ ਤੇ ਹਨ। ਮੈਂ ਪਿੱਛੇ ਜਿਹੇ 'ਵੰਨਗੀ' ਨਾਂ ਦੀ ਪੁਸਤਕ ਐਡਿਟ ਕੀਤੀ ਸੀ। ਇਰਾਦਾ ਤਾਂ ਹਰ ਸਾਲ ਇਹੋ ਜਹੀ ਪੁਸਤਕ ਕੱਢਣ ਦਾ ਸੀ ਪਰ ਕਈ ਕਾਰਨਾਂ ਤੇ ਆਪਣੇ ਕੰਮ ਦੇ ਝਮੇਲਿਆਂ ਕਾਰਨ ਇਸ ਨੂੰ ਨਿਭਾ ਨਾ ਸਕਿਆ। ਵੰਨਗੀ ਦਾ ਦੂਜੇ ਅੰਕ ਵਿਚ ਨਵੇਂ ਭਾਰਤ ਤੋਂ ਬਾਹਰ ਰਹਿੰਦੇ ਲੇਖਕਾਂ ਦੀਆਂ ਪੰਜਾਬੀ ਰਚਨਾਵਾਂ ਛਾਪਣਾ ਚਾਹੁੰਦਾ ਹਾਂ। ਇਸ ਕੰਮ ਨੂੰ 6-8 ਮਹੀਨੇ ਲਗ ਸਕਦੇ ਹਨ।

**ਸਵਰਨ, ਬੰਬੇ**

ਕੈਨੇਡਾ ਦੇ ਇਕ ਮਿੱਤਰ ਨੇ ਮੈਨੂੰ ਤੁਹਾਡਾ ਅਪਰੈਲ/ਮਈ/ਜੂਨ 1991 ਦਾ ਪਰਚਾ ਘਲਿਆ ਜਿਸ ਨੂੰ ਪੜ੍ਹ ਕੇ ਮੈਂ ਬੜਾ ਪਰਸੰਨ ਹੋਇਆ ਹਾਂ। ਤੁਸਾਂ ਪਰਚੇ ਉੱਤੇ ਵਧੇਰੀ ਮਿਹਨਤ ਕੀਤੀ ਏ। ਮੈਨੂੰ ਬਲਿੰਦਰ ਜੋਹਲ ਦਾ ਲੇਖ ਵਧੇਰੇ ਚੰਗਾ ਲੱਗਾ ਏ। ਇਹ ਜਾਣਕਾਰੀ ਵਾਲਾ ਵੀ ਏ ਤੇ ਅਪਣੇ ਅੰਦਰ ਇਕ ਦਰਦ ਵੀ ਰੱਖਦਾ ਏ। ਜਨਾਨੀ ਦੀ ਸਮਾਜ ਵਿਚ ਜਿਹੜੀ ਥਾਂ ਏ ਇਸ ਉੱਤੇ ਬੜੇ ਵਿਸਥਾਰ ਨਾਲ ਚਾਨਣ ਪਾਂਦਾ ਏ। ਮਰਦ ਦਾ ਸਮਾਜ ਜਨਾਨੀ ਨਾਲ ਜੋ ਵਿਤਕਰਾ ਕਰਦਾ ਏ ਇਸ ਦਾ ਨਿਤਾਰਾ ਕਰਦਾ ਏ। 20ਵੀਂ ਸਦੀ ਵਿਚ ਪੈਰ ਰਖਦਿਆਂ ਸਾਨੂੰ ਸੋਚਣਾ ਚਾਹੀਦਾ ਹੈ। ਅਸੀਂ ਪਾਕਿਸਤਾਨ ਵਿਚ ਪੰਜਾਬੀ ਲਈ ਵਧੇਰਾ ਕੁਝ ਕਰ ਰਹੇ ਆਂ। ਤੁਹਾਨੂੰ ਖ਼ਬਰਾਂ ਤਾਂ ਅਪੜਦੀਆਂ ਰਹਿੰਦੀਆਂ ਹੋਣਗੀਆਂ। ਤੁਸੀਂ ਆਪਣੇ ਪਰਚੇ ਵਿਚ ਛਾਪਿਆ ਕਰੋ।

**ਸ਼ਹਿਬਾਜ਼ ਮਲਿਕ, ਪਾਕਿਸਤਾਨ**

ਦੂਸਰੇ ਵਤਨ ਵਿਚ ਰਹਿ ਕੇ ਉੱਥੇ ਆਪਣਾ ਵਤਨ ਵਸਾ ਲੈਣਾ ਕਰਮਯੋਗੀਆਂ ਦੇ ਹੀ ਹਿੱਸੇ ਆਇਆ ਹੈ- ਇਸ ਵਾਸਤੇ ਮੁਬਾਰਕਵਾਦ ਕਬੂਲ ਕਰਨੀ। ਵਤਨ ਦੇ ਦੋ ਅੰਕ ਮਿਲੇ ਹਨ- ਇਸਦੇ ਮੈਟਰ ਦੇ ਨਾਲ ਨਾਲ ਇਸਦੀ ਛਪਾਈ ਤੇ ਕਾਗਜ਼ ਵੀ ਬਹੁਤ ਵਧੀਆ ਹੈ- ਇਹ ਚੰਗੀ ਕੋਸ਼ਿਸ਼ ਹੈ। ਵਤਨ ਅੰਕ ਚੋਥਾ ਵਿਚ ਸੁਖਪਾਲ ਅਤੇ ਰਵਿੰਦਰ ਸਹਿਰਾਅ ਦੀਆਂ ਨਜ਼ਮਾਂ ਪਸੰਦ ਆਈਆਂ- ਸੁਖਪਾਲ ਦੀ ਨਜ਼ਮ 'ਇਕ ਢੀਠ ਦਾ ਇਕਬਾਲੀਆ ਬਿਆਨ ਬਹੁਤ ਚੰਗੀ ਲੱਗੀ। ਵਿਸ਼ੇ ਤੇ ਨਿਭਾਅ ਪੱਖੋਂ ਵੀ। ਸਹਿਰਾਅ ਦੀ ਨਜ਼ਮ ਜਜ਼ਬਾਤੀ ਕਰ ਦੇਣ ਦੀ ਜਿੰਨੀ ਪਾਇਦਾਰ ਹੈ। ਸਥਾਈ ਕਾਲਮ ਮਾਨਸਿਕ ਸਿਹਤ ਦਿਲਚਸਪ ਤੇ ਜਾਣਕਾਰੀ ਭਰਿਆ ਹੈ। ਪਰ ਇਸ ਵਿਚਲੇ ਨਾਵਾਂ ਦੇ ਜੇ ਡਾਂ: ਸਾਹਿਬ ਪੰਜਾਬੀ ਵਿਚ ਅਰਥ ਕਰਕੇ ਲਿਖਦੇ ਤਾਂ ਚੰਗਾ ਸੀ। ਇਹ ਕਾਲਮ ਜਾਰੀ ਰਹਿਣਾ ਚਾਹੀਦਾ ਹੈ। ਅਮਰਜੀਤ ਚੰਦਨ ਦਾ ਲੇਖ ਉਸਦੀ ਹਰ ਲਿਖਤ ਵਾਂਗ ਆਪਣੀ ਤਰ੍ਹਾਂ ਦਾ ਹੈ ਤੇ ਬਲਿੰਦਰ ਜੋਹਲ ਦਾ ਲੇਖ "ਲਿੰਗ ਵਿਤਕਰਾ ਤੇ ਨਵੀਆਂ ਤਕਨੀਕਾਂ" ਉਹਨਾਂ ਵਲੋਂ ਉਠਾਏ ਗਏ ਸਵਾਲਾਂ ਤੇ ਸੋਚਣ ਲਾ ਦਿੰਦਾ ਹੈ, ਇਸ ਵਿਸ਼ੇ ਤੇ ਪਰਚੇ ਵਿਚ ਬਹਿਸ ਛੇੜੀ ਜਾ ਸਕਦੀ ਹੈ। ਪੁਸਤਕ ਪਰਿਚੈ ਵਿਚ ਇਕਬਾਲ ਰਾਮੂਵਾਲੀਆ ਦੀ ਕਿਤਾਬ ਨਾਲ ਮੁਲਾਕਾਤ ਕਰਾਉਣ ਦਾ ਢੰਗ ਜਚਿਆ।- ਉਹਨਾਂ ਦੀ ਨਜ਼ਮ ਦੀਆਂ ਸਤਰਾਂ: ਸਿਵਿਆਂ ਨੂੰ ਸਿਰਜਦੇ ਹੋ / ਸੱਜਰੀ ਹੀ ਸੇਜ ਨਾਲ / ਸੂਰਮਾਂ ਤੁਸੀਂ ਹੋ ਪਾਉਂਦੇ / ਅੱਜਕਲ ਬਲੇਡ ਨਾਲ। ਪੜ੍ਹਕੇ ਕਿਤਾਬ ਪੜ੍ਹਨ ਲਈ ਮਨ ਕਰਦਾ ਹੈ। ਪਰਦਾ ਜੋ ਉੱਠ ਗਿਆ ਵਿਚ ਦਿੱਤੀ ਗਈ ਜਾਣਕਾਰੀ ਦਿਲਚਸਪ ਹੋਣ ਦੇ ਨਾਲ ਨਾਲ ਇਹਨਾਂ ਖਬਰਾਂ ਬਾਰੇ ਸੋਚਣ ਲਈ ਮਜ਼ਬੂਰ ਕਰਦੀ ਹੈ।

**ਅਮਰ ਜਿਓਤੀ, ਅਮਸਟਰਡਮ**

ਅਪ੍ਰੈਲ, ਮਈ, ਜੂਨ 1991 ਦਾ ਵਤਨ ਮਿਲ ਗਿਆ। ਸੰਪਾਦਕੀ ਵਿਚ 'ਸੰਵਾਦ' ਦੇ ਭਗਤ ਸਿੰਘ-ਪਾਸ਼ ਵਿਸ਼ੇਸ਼ ਅੰਕ ਦਾ ਜ਼ਿਕਰ ਕਰਨ ਲਈ ਸ਼ੁਕਰੀਆ। ਸੁਖਪਾਲ ਦੀਆਂ ਨਜ਼ਮਾਂ ਪੜ੍ਹ ਕੇ ਜਾਪਿਐ ਕਿ ਕੈਨੇਡਾ ਦੇ ਲੇਖਕਾਂ ਵਿਚ ਪ੍ਰਭਵਾਦ ਇਕ ਚਰਚਿਤ ਵਿਸ਼ਾ ਬਣਦਾ ਜਾ ਰਿਹੈ। ਸ਼ਸ਼ੀ ਦੀ ਨਜ਼ਮ ਦੁਸ਼ਮਣ ਵਧੀਆ ਸੀ। ਅਮਨਪਾਲ ਸਾਰਾ ਦੀਆਂ ਕਹਾਣੀਆਂ ਵਿਚ ਸਦਾ ਹੀ ਇਕ ਤਾਜ਼ਗੀ ਹੁੰਦੀ ਹੈ। ਬਲਿੰਦਰ ਜੋਹਲ ਦਾ ਨਿਬੰਧ 'ਲਿੰਗ ਵਿਤਕਰਾ ਤੇ ਨਵੀਂਆਂ ਤਕਨੀਕਾਂ' ਇਸ ਅੰਕ ਦੀ ਵਿਸ਼ੇਸ਼ ਪ੍ਰਾਪਤੀ ਹੈ। ਇਕਬਾਲ ਰਾਮੂਵਾਲੀਆ ਦੀ ਪੁਸਤਕ 'ਪਾਣੀ ਦਾ ਪਰਛਾਵਾਂ' ਦਾ ਰੀਵੀਊ ਕਰਦਿਆਂ ਸੁਰਿੰਦਰ ਧੰਜਲ ਵਿਸ਼ੇਸ਼ ਨੁਕਤਿਆਂ ਉੱਤੇ ਪਹੁੰਚ ਕੇ ਇਕਬਾਲ ਦੀ ਆਲੋਚਨਾ ਕਰਨ ਤੋਂ ਸ਼ਰਮਾ ਗਿਆ ਜਾਪਦਾ ਹੈ। ਧੰਜਲ ਦੀ ਆਲੋਚਨਾ ਵਿਚ ਇਹ ਇਕ ਪੁਰਾਣੀ ਕਮਜ਼ੋਰੀ ਹੈ। ਰਚਨਾ ਅੰਦਰ ਪਏ ਪਰਮਾਣ ਵੀ ਧੰਜਲ ਦੀ ਪਕੜ ਵਿਚ ਨਹੀਂ ਆ ਸਕੇ।

**ਸੁਖਿੰਦਰ, ਮਿਸੀਸਾਗਾ, ਓਨਟੇਰੀਓ**

■□■□■□■□■□■□■

ਸਫਾ 37 ਦੀ ਬਾਕੀ-

ਹੈ ਜਿੰਨਾ ਕੁ ਵਿਸ਼ੇ-ਵਸਤੂ ਦਾ ਨਰੋਆ ਹੋਣਾ। ਕਹਾਣੀ ਲਿਖਣ ਸਮੇਂ ਕਹਾਣੀ ਦਾ ਨਿਭਾਅ ਬਹੁਤ ਜ਼ਰੂਰੀ ਅੰਗ ਸਮਝਿਆ ਜਾਂਦਾ ਹੈ।

ਮੈਨੂੰ ਆਪ ਬੇਸ਼ਕ ਕਵਿਤਾ ਨਾਲ ਇਸ਼ਕ ਹੈ ਪਰ ਸ਼ੁਰੂ ਤੋਂ ਹੀ ਮੇਰਾ ਲਗਾਅ ਕਹਾਣੀ ਨਾਲ ਰਿਹਾ ਹੈ। ਮੇਰਾ ਖਿਆਲ ਹੈ ਕਿ ਕਵਿਤਾਵਾਂ ਦੀਆਂ ਪੁਸਤਕਾਂ ਨਾਲੋਂ ਕਹਾਣੀਆਂ ਦਾ ਪੁਸਤਕਾਂ ਮੈਂ ਵਧੇਰੇ ਗਿਣਤੀ ਵਿਚ ਪੜ੍ਹੀਆਂ ਹਨ। ਕਹਾਣੀਆਂ ਦਾ ਪਾਠਕ ਹੋਣ ਦੇ ਨਾਤੇ ਮੈਂ ਦਾਅਵੇ ਨਾਲ ਕਹਿ ਸਕਦਾ ਹਾਂ ਕਿ ਸਾਦਿਕ ਦੀ ਬੋਲੀ ਦੀ ਸਰਲਤਾ ਤੇ ਸਾਦਗੀ ਮਨ ਨੂੰ ਮੋਹਦੀ ਹੈ।

ਰਘੁਬੀਰ ਢੰਡ ਦੀ ਇਕ ਪੁਸਤਕ ਦੇ ਮੁੱਖ-ਬੰਧ ਵਿਚ ਡਾ: ਕੇਸਰ ਨੇ ਕਿਹਾ ਹੈ ਕਿ ਸੇਖੋਂ ਦੀ ਬੋਧਿਕ ਕਹਾਣੀ ਦਾ ਹੱਕੀ ਵਾਰਿਸ ਰਘੁਬੀਰ ਢੰਡ ਹੀ ਹੈ। ਮੇਰੀ ਇਛਾ ਹੈ ਕਿ ਸਾਦਿਕ ਬਰਤਾਨੀਆਂ ਵਿਚ ਰਘੁਬੀਰ ਢੰਡ ਦੀ ਕਹਾਣੀ ਦਾ ਹੱਕੀ ਵਾਰਿਸ ਬਣੇ।

**ਦਰਸ਼ਨ ਗਿੱਲ, ਸਰੀ**

□■□■□■□■□■□■□■□■□■□■□■□■□■□

## ਕੈਨੇਡਾ ਦੇ ਪੰਜਾਬੀ ਲੇਖਕਾਂ ਦੀਆਂ ਕੁੱਝ ਨਵੀਆਂ ਪੁਸਤਕਾਂ

**ਲੇਖਕ ਗਿਆਨੀ ਕੇਸਰ ਸਿੰਘ**

*ਹੀਰੋਸ਼ੀਮਾ (ਨਾਵਲ)*

*ਮੇਰੀ ਅਜ਼ਾਦ ਹਿੰਦ ਫੋਜ ਦੀ ਡਾਇਰੀ (ਡਾਇਰੀ)*

**ਲੇਖਕ ਜਸਪਾਲ ਸੂਸ**

*ਚੁੱਪ ਦੀ ਆਵਾਜ਼ (ਕਾਵਿ ਸੰਗ੍ਰਹਿ)*

**ਲੇਖਕ ਸਾਧੂ**

*ਰਿਸ਼ਤੇ ਦਰਿਆਵਾਂ ਦੇ (ਕਾਵਿ ਸੰਗ੍ਰਹਿ)*

ਅਦਾਰਾ ਵਤਨ ਇਹਨਾਂ ਪੁਸਤਕਾਂ ਨੂੰ ਜੀ ਆਇਆਂ ਆਖਦਾ ਹੈ ਅਤੇ ਇਹਨਾਂ ਪੁਸਤਕਾਂ ਦੇ ਲੇਖਕਾਂ ਨੂੰ ਵਧਾਈ ਦਿੰਦਾ ਹੈ।

# ਸਰਗਰਮੀਆਂ

**ਕੈਲਗਰੀ, 8 ਸਤੰਬਰ, 1991-** ਪੰਜਾਬੀ ਕਵੀ ਪਾਸ਼ ਦੇ ਜਨਮ ਦਿਨ ਤੇ ਲੋਕ ਸਭਿਆਚਾਰਕ ਮੰਚ ਕੈਲਗਰੀ ਵਲੋਂ ਕਵਿਤਾ ਦਿਵਸ ਮਨਾਇਆ ਗਿਆ। ਪ੍ਰੋਗਰਾਮ ਦੇ ਸ਼ੁਰੂ ਵਿਚ ਸਟੇਜ ਸਕੱਤਰ ਦੀਆਂ ਜ਼ਿੰਮੇਵਾਰੀਆਂ ਨਿਭਾਅ ਰਹੇ ਰਾਜ ਕੈਲਗਰੀ ਨੇ ਸੰਖੇਪ ਵਿਚ ਪਾਸ਼ ਬਾਰੇ, ਦਿਨ ਦੀ ਮਹੱਤਤਾ ਬਾਰੇ ਅਤੇ ਪਾਸ਼ ਟਰੱਸਟ ਬਾਰੇ ਦੱਸਿਆ। ਫਿਰ ਗੁਰਵਿੰਦਰ ਨੀਟਾ ਦੀ ਅਗਵਾਈ ਹੇਠ ਮੰਚ ਦੀ ਗਰੁੱਪ ਸਾਂਗ ਟੀਮ ਵਲੋਂ ਪਾਸ਼ ਦਾ ਲਿਖਿਆ ਗੀਤ 'ਸੋਨੇ ਦੀ ਸਵੇਰ ਜਦੋਂ ਆਊ ਹਾਣੀਆਂ' ਪੇਸ਼ ਕੀਤਾ ਗਿਆ।

ਸਾਥੀ ਹਰਕੰਵਲ ਨੇ, ਪਾਸ਼ ਦੇ ਜੀਵਨ ਬਾਰੇ ਦੱਸਿਆ ਅਤੇ ਪਾਸ਼ ਦੀ ਕਵਿਤਾ "ਤੀਸਰਾ ਮਹਾਂ ਯੁੱਧ" ਪੜ੍ਹਕੇ ਸੁਣਾਈ। ਉਹਨਾਂ ਤੋਂ ਬਾਅਦ ਕੈਲਗਰੀ ਦੇ ਸਥਾਨਕ ਕਵੀਆਂ- ਬਹਾਦਰ ਆਜ਼ਾਦ, ਰਾਜ, ਗੁਰਵਿੰਦਰ ਨੀਟਾ, ਗੁਰਪ੍ਰੀਤ ਅਤੇ ਹਰਕੰਵਲ- ਨੇ ਆਪਣੀਆਂ ਮੌਲਿਕ ਕਵਿਤਾਵਾਂ ਸੁਣਾਈਆਂ। ਇਹਨਾਂ ਕਵਿਤਾਵਾਂ ਤੋਂ ਬਿਨਾਂ ਪਾਸ਼ ਦੀ ਕਵਿਤਾ 'ਉੱਡਦਿਆਂ ਬਾਜ਼ਾਂ ਮਗਰ' ਦਰਸ਼ਨ ਔਜਲਾ ਨੇ, 'ਅਸੀਂ ਲੜਾਂਗੇ ਸਾਥੀ' ਰਾਜ ਨੇ, 'ਲੋਹਾ' ਬਹਾਦਰ ਅਜ਼ਾਦ ਨੇ, ਅਤੇ ਦਰਸ਼ਨ ਖਟਕੜ ਦੀ ਗ਼ਜ਼ਲ ' ਦੋਸਤੀ ਦੇ ਪੰਧ ਤੇ ਚਲਣਗੇ ਪੈਰ ਕਿੰਨਾ ਕੁ ਹੋਰ' ਹਰਕੰਵਲਜੀਤ ਨੇ ਪੇਸ਼ ਕੀਤੀਆਂ।

ਪਾਸ਼ ਇੰਟਰਨੈਸ਼ਨਲ ਟਰੱਸਟ ਦੇ ਕਨਵੀਨਰ ਸੁਰਿੰਦਰ ਧੰਜਲ ਵਲੋਂ ਭੇਜਿਆ ਸੁਨੇਹਾ ਬਜ਼ੁਰਗ ਕਾਮਰੇਡ ਪ੍ਰਿੰਸੀਪਲ ਮਨਜੀਤ ਸਿੰਘ ਹੋਰਾਂ ਨੇ ਪੜ੍ਹਕੇ ਸੁਣਾਇਆ। ਸਾਥੀ ਦਰਸ਼ਨ ਔਜਲਾ ਨੇ ਅਤੇ ਕਾਮਰੇਡ ਜਸਵੰਤ ਸਿੰਘ ਹੋਰਾਂ ਆਪਣੇ ਵਿਚਾਰ ਪ੍ਰਗਟਾਏ। ਪ੍ਰੋਗਰਾਮ ਦੇ ਅਖੀਰ ਵਿਚ ਗੁਰਵਿੰਦਰ ਨੀਟਾ ਅਤੇ ਸਾਥੀਆਂ ਨੇ ਜਸਬੀਰ ਦਾ ਗੀਤ ' ਇਹ ਕੇਹੀ ਰੁੱਤ ਆਈ ਵੇ ਲਾਲੋ' ਪੇਸ਼ ਕੀਤਾ। ਪ੍ਰੋਗਰਾਮ ਦੌਰਾਨ ਇਨਕਲਾਬੀ ਗੀਤਾਂ ਦੀਆਂ ਕੈਸਿਟਾਂ ਦੀ ਪ੍ਰਦਰਸ਼ਨੀ ਲਗਾਈ ਗਈ। ਇਸਤੋਂ ਇਲਾਵਾ ਤਲਵੰਡੀ ਸਲੇਮ ਵਿਖੇ 23 ਮਾਰਚ ਨੂੰ ਪਾਸ਼ ਦੇ ਸ਼ਹੀਦੀ ਪ੍ਰੋਗਰਾਮ ਅਤੇ ਦੋਰਾਹੇ ਵਿਚ ਹੋਏ ਸਾਥੀ ਤਰਸੇਮ ਬਾਵੇ ਦੇ ਸ਼ਹੀਦੀ ਦਿਵਸ ਦੀਆਂ ਬਣੀਆਂ ਵੀਡੀ ਉ ਮੂਵੀਆਂ ਵਿਚੋਂ ਕੁੱਛ ਹਿੱਸੇ ਦਿਖਾਏ ਗਏ। **(ਰਾਜ ਕੈਲਗਰੀ)**

**ਰਿਚਮੰਡ, 15 ਸਤੰਬਰ, 1991-** 'ਵਤਨ ' ਤ੍ਰੈਮਾਸਿਕ ਦਾ ਕੈਨੇਡੀਅਨ ਪੰਜਾਬੀ ਰੰਗਮੰਚ ਵਿਸ਼ੇਸ਼ ਅੰਕ ਈਸਟ ਰਿਚਮੰਡ ਕਮਿਊਨਟੀ ਸੈਂਟਰ ਵਿਖੇ ਅਦਾਰਾ ਵਤਨ ਵਲੋਂ ਆਯੋਜਿਤ ਇਕ ਵਿਸ਼ੇਸ਼ ਸਮਾਗਮ ਵਿਚ ਰਿਲੀਜ਼ ਕੀਤਾ ਗਿਆ। ਵੈਨਕੂਵਰ ਅਤੇ ਇਸਦੇ ਆਲੇ ਦੁਆਲੇ ਦੇ ਇਲਾਕੇ 'ਚੋਂ ਪੰਜਾਬੀ ਰੰਗਮੰਚ ਨਾਲ ਜੁੜੇ ਹੋਏ ਅਨੇਕਾਂ ਵਿਅਕਤੀਆਂ ਤੋਂ ਇਲਾਵਾ ਹੋਰ ਵੀ ਕਈ ਲੋਕਾਂ ਇਸ ਸਮਾਗਮ ਵਿਚ ਹਾਜ਼ਰੀ ਦਿੱਤੀ।

ਪ੍ਰੋਗਰਾਮ ਦੀ ਸ਼ੁਰੂਆਤ ਬਲਵਿੰਦਰ ਰੋਡੇ ਦੇ ਖ਼ੂਬਸੂਰਤ ਗੀਤ ਨਾਲ ਹੋਈ। ਅਦਾਰਾ ਵਤਨ ਨੇ ਕੈਨੇਡਾ ਦੇ ਪੰਜਾਬੀ ਰੰਗਮੰਚ ਬਾਰੇ ਇਹ ਅੰਕ ਕੱਢਣ ਦਾ ਫੈਸਲਾ ਕਿਉਂ ਲਿਆ, ਇਸ ਬਾਰੇ ਵਤਨ ਦੇ ਸੰਪਾਦਕ ਸਾਧੂ ਨੇ ਵਿਚਾਰ ਪ੍ਰਗਟ ਕੀਤੇ। ਬਾਅਦ ਵਿਚ 'ਵਤਨ' ਦੇ ਇਸ ਰੰਗਮੰਚ ਵਿਸ਼ੇਸ਼ ਅੰਕ ਬਾਰੇ ਅਮਰਜੀਤ ਸੂਫੀ ਹੋਰਾਂ ਨੇ ਆਪਣੇ ਵਿਚਾਰ ਪੇਸ਼ ਕੀਤੇ। ਸਮਾਗਮ ਵਿਚ ਵੈਨਕੂਵਰ ਇਲਾਕੇ ਦੇ ਕਈ ਜਾਣੇ ਪਛਾਣੇ ਕਲਾਕਾਰਾਂ ਨੂੰ 'ਵਤਨ' ਦੇ ਕੈਨੇਡੀਅਨ ਪੰਜਾਬੀ ਰੰਗਮੰਚ ਵਿਸ਼ੇਸ਼ ਅੰਕ ਦੀ ਇਕ ਇਕ ਕਾਪੀ ਭੇਂਟ ਕਰਕੇ ਸਨਮਾਨਿਤ ਕੀਤਾ ਗਿਆ। ਉਸ ਤੋਂ ਬਾਅਦ ਹਾਜ਼ਰ ਲੋਕਾਂ ਵਿਚੋਂ ਵੱਖ ਵੱਖ ਵਿਅਕਤੀਆਂ ਨੇ 'ਵਤਨ' ਅਤੇ ਕੈਨੇਡਾ ਦੇ ਪੰਜਾਬੀ ਰੰਗਮੰਚ ਬਾਰੇ ਆਪਣੇ ਆਪਣੇ ਵਿਚਾਰ ਪ੍ਰਗਟਾਏ। **(ਅਮਨਪਾਲ ਸਾਰਾ)**

**ਵੈਨਕੂਵਰ, 29 ਸਤੰਬਰ, 1991-** ਕੈਨੇਡਾ ਦੇ ਪੰਜਾਬੀ ਸ਼ਾਇਰ ਸਾਧੂ ਦੀ ਨਵੀਂ ਛਪੀ ਕਾਵਿ ਪੁਸਤਕ, 'ਰਿਸ਼ਤੇ ਦਰਿਆਵਾਂ ਦੇ' ਨੂੰ ਕਿਲਾਰਨੀ ਕਮਿਊਨਿਟੀ ਸੈਂਟਰ ਵਿਚ ਪੰਜਾਬੀ ਲੇਖਕ ਮੰਚ, ਵੈਨਕੂਵਰ ਦੇ ਮੈਂਬਰਾਂ ਵਲੋਂ ਆਯੋਜਤ ਕੀਤੇ ਇਕ ਵਿਸ਼ੇਸ਼ ਸਮਾਗਮ ਵਿਚ ਰੀਲੀਜ਼ ਕੀਤਾ ਗਿਆ। ਇਹ ਪਹਿਲਾ ਅਵਸਰ ਸੀ ਕਿ ਪੰਜਾਬੀ ਲੇਖਕ ਮੰਚ ਨੇ ਇਸ ਤਰ੍ਹਾਂ ਕਿਸੇ ਲੇਖਕ ਦੀ ਪੁਸਤਕ ਨੂੰ ਰੀਲੀਜ਼ ਕੀਤਾ ਅਤੇ ਅੱਗੋਂ ਤੋਂ ਅਜਿਹੇ ਸਮਾਗਮਾਂ ਦੀ ਨੀਂਹ ਰੱਖੀ।

ਪੰਜਾਬੀ ਲੇਖਕ ਮੰਚ ਦੀ ਕੁਆਰਡੀਨੇਟਰ ਸੁਰਜੀਤ ਕਲਸੀ ਨੇ ਸਮਾਗਮ ਦਾ ਆਰੰਭ ਕਰਦਿਆਂ ਸਰੋਤਿਆਂ ਨੂੰ ਜੀਅ ਆਇਆਂ ਕਿਹਾ ਅਤੇ ਗੁਰਚਰਨ ਰਾਮਪੁਰੀ ਹੋਰਾਂ ਨੂੰ ਸਮਾਗਮ ਦੀ ਪ੍ਰਧਾਨਗੀ ਕਰਨ ਲਈ ਸੱਦਾ ਦਿਤਾ। ਰਾਮਪੁਰੀ ਜੀ ਨੇ ਸਾਧੂ ਬਾਰੇ ਸੰਖੇਪ ਜਾਣ ਪਛਾਣ ਕਰਵਾਈ ਅਤੇ ਸੁਰਜੀਤ ਕਲਸੀ ਨੂੰ ਪੁਸਤਕ ਉਤੇ ਪਹਿਲਾ ਪਰਚਾ ਪੜ੍ਹਨ ਲਈ ਕਿਹਾ। ਇਹ ਪਰਚਾ ਉਂਟਾਰੀਓ ਵਿਚ ਰਹਿੰਦੇ ਪੰਜਾਬੀ ਲੇਖਕ, ਨਵਤੇਜ ਭਾਰਤੀ ਨੇ ਵਿਸ਼ੇਸ਼ ਤੌਰ ਉਤੇ ਇਸ ਸਮਾਗਮ ਲਈ ਲਿਖ ਕੇ ਭੇਜਿਆ ਸੀ।

ਇਸ ਪਿਛੋਂ ਮੰਚ ਦੇ ਮੈਂਬਰ, ਸੋਹਣ ਸੁਰਿੰਦਰ ਸਿੰਘ ਸੰਘਾ, ਮਾਈਕ ਤੇ ਆਏ ਅਤੇ ਉਹਨਾਂ ਪੁਸਤਕ ਬਾਰੇ ਆਪਣਾ ਪਰਚਾ ਪੜ੍ਹਨਾ ਆਰੰਭ ਕੀਤਾ। ਉਹਨਾਂ ਦੱਸਿਆ ਕਿ ਕੈਨੇਡੀਅਨ ਪੰਜਾਬੀ ਸਾਹਿਤ ਦਾ ਭਾਵ ਸਿਰਫ ਉਹ ਸਾਹਿਤ ਨਹੀਂ ਜੋ ਕੈਨੇਡਾ ਵਿਚ ਰਹਿ ਕੇ ਲਿਖਿਆ ਜਾਵੇ। ਇਸ ਸਾਹਿਤ ਵਿਚ ਵਿਸ਼ਾ ਵਸਤੂ ਅਤੇ ਥੀਮ ਵੀ ਕੈਨੇਡੀਅਨ ਹੋਣੇ ਚਾਹੀਦੇ ਹਨ। ਇਸ ਪੱਖੋਂ ਪੁਸਤਕ, 'ਰਿਸ਼ਤੇ ਦਰਿਆਵਾਂ ਦੇ' ਸਹੀ ਅਰਥਾਂ ਵਿਚ ਕੈਨੇਡੀਅਨ ਸਾਹਿਤ ਹੈ।

ਇਸ ਤੋਂ ਅਗਲਾ ਪਰਚਾ ਅਮਰਜੀਤ ਸੂਫੀ ਨੇ ਪੜ੍ਹਿਆ। ਸੂਫੀ ਹੋਰਾਂ ਨੇ ਦੱਸਿਆ ਕਿ ਸਾਧੂ ਨੇ ਆਪਣੀ ਪਹਿਲੀ ਕਾਵਿ ਪੁਸਤਕ 'ਸੋਨੇ ਰੰਗੀ ਸੜਕ' ਤੋਂ ਦਸ ਸਾਲ ਪਿੱਛੋਂ 'ਰਿਸ਼ਤੇ ਦਰਿਆਵਾਂ ਦੇ' ਛਪਣ ਤਕ ਲੰਬਾ ਸਫਰ ਤਹਿ ਕੀਤਾ ਹੈ। ਪਹਿਲੀ ਪੁਸਤਕ ਵਿਚ ਰਾਜਸੀ ਨੀਤੀ, ਵਿਸ਼ੇਸ਼ ਕਰਕੇ ਜੁਝਾਰੂਪਨ ਭਾਰੂ ਸੀ। ਦੂਸਰੀ ਪੁਸਤਕ ਵਿਚ ਲੇਖਕ ਨੇ ਆਲੋਚਨਾਤਮਕ ਦ੍ਰਿਸ਼ਟੀ ਗ੍ਰਹਿਣ ਕੀਤੀ ਹੈ ਅਤੇ ਇਸ ਦ੍ਰਿਸ਼ਟੀ ਨੇ ਮਾਨਸਿਕ, ਸਮਾਜਿਕ ਅਤੇ ਰਾਜਨੀਤਕ ਪੱਖਾਂ ਨੂੰ ਆਪਣੇ ਕਲਾਵੇ ਵਿਚ ਲਿਆ ਹੈ। ਕਈ ਵੇਰ ਕਵੀ ਇਤਨਾ ਸੰਵੇਦਨਸ਼ੀਲ ਹੋ ਜਾਂਦਾ ਹੈ ਕਿ ਪਾਠਕ ਦੇ ਦਿਲ ਨੂੰ ਪਿਘਲਾ ਦਿੰਦਾ ਹੈ।

ਅਮਰਜੀਤ ਸੂਫੀ ਪਿਛੋਂ ਅਜਮੇਰ ਰੋਡੇ ਨੇ ਸਾਧੂ ਬਾਰੇ ਜਾਣਕਾਰੀ ਦਿੱਤੀ ਅਤੇ ਦੱਸਿਆ ਕਿ ਸਾਹਿਤ ਅਤੇ ਸਭਿਆਚਾਰਕ ਖੇਤਰਾਂ ਵਿਚ ਸਾਧੂ ਦਾ ਯੋਗਦਾਨ ਬਹੁਪੱਖੀ ਹੈ। ਸਿਰਜਣਾਤਮਕ ਲੇਖਕ ਦੇ ਤੌਰ ਉਤੇ ਉਸ ਨੇ ਕਵਿਤਾ ਅਤੇ ਕਹਾਣੀਆਂ ਲਿਖੀਆਂ ਹਨ ਅਤੇ ਦੂਸਰੇ ਲੇਖਕਾਂ ਨਾਲ ਮਿਲਕੇ ਵਾਰਤਿਕ ਵੀ ਲਿਖੀ ਹੈ। ਸਾਹਿਤਕ ਪੱਤਰਕਾਰੀ ਵਿਚ ਉਸ ਨੇ 'ਵਤਨੋਂ ਦੂਰ' ਦੀ ਸੰਪਾਦਕੀ ਕੀਤੀ ਹੈ ਅਤੇ ਹੁਣ ਤ੍ਰੈਮਾਸਕ, 'ਵਤਨ' ਅਤੇ 'ਅੰਕੁਰ'(ਅੰਗ੍ਰੇਜ਼ੀ) ਦੀਆਂ ਟੀਮਾਂ ਦਾ ਸਰਗਰਮ ਮੈਂਬਰ ਹੈ। ਵੈਨਕੂਵਰ ਸੱਥ ਦਾ ਫਾਊਂਡਰ ਮੈਂਬਰ ਹੈ ਅਤੇ ਸੱਥ ਦੇ ਬੈਨਰ ਹੇਠ ਹੀ ਉਸਨੇ ਸੁਖਵੰਤ ਨਾਲ ਮਿਲਕੇ ਕਈ ਨਾਟਕ ਲਿਖੇ ਅਤੇ ਮੰਚਿਤ ਕੀਤੇ ਹਨ, ਅਤੇ ਹੋਰ ਵੀ ਸਰਗਰਮੀਆਂ ਵਿਚ ਹਿੱਸਾ ਲਿਆ ਹੈ।

ਰੀਲੀਜ਼ ਸਮਾਗਮ ਬਾਰੇ ਬੋਲਦਿਆਂ ਅਜਮੇਰ ਰੋਡੇ ਨੇ ਰਾਇ ਪ੍ਰਗਟ ਕੀਤੀ ਕਿ ਪੁਸਤਕ ਰੀਲੀਜ਼ ਸਮਾਗਮ ਬਹੁਤੇ ਆਲੋਚਨਾਤਮਕ ਹੋਣ ਦੀ ਬਜਾਇ ਖ਼ੁਸ਼ੀ ਦੇ ਅਵਸਰ ਹੋਣੇ ਚਾਹੀਦੇ ਹਨ ਅਤੇ ਇਹਨਾਂ ਵਿਚ ਮੂਡ ਸੈਲੀਬਰੇਸ਼ਨ ਦਾ ਹੋਣਾ ਚਾਹੀਦਾ ਹੈ। ਸਿਰਫ ਲੇਖਕਾਂ ਨੂੰ ਹੀ ਨਹੀਂ ਦੋਸਤਾਂ, ਮਿੱਤਰਾਂ ਅਤੇ ਰਿਸ਼ਤੇਦਾਰਾਂ ਨੂੰ ਵੀ ਇਹਨਾਂ ਸਮਾਗਮਾਂ ਵਿਚ ਹਿੱਸਾ ਲੈਣਾ ਚਾਹੀਦਾ ਹੈ ਅਤੇ ਨਵੀਂ ਪੁਸਤਕ ਦਾ ਨਵ-ਜਨਮੇਂ ਬੱਚੇ ਵਾਂਗ ਸਵਾਗਤ ਕਰਨਾ ਚਾਹੀਦਾ ਹੈ ਅਤੇ ਜਸ਼ਨ ਮਨਾਉਣਾ ਚਾਹੀਦਾ ਹੈ।

ਇਸ ਪਿਛੋਂ ਗੁਰਚਰਨ ਰਾਮਪੁਰੀ ਨੇ ਸਾਧੂ ਨੂੰ ਸਟੇਜ ਤੇ ਬੁਲਾਇਆ ਅਤੇ ਪੁਸਤਕ ਰੀਲੀਜ਼ ਕਰਨ ਦੀ ਰਸਮ ਅਦਾ ਕੀਤੀ। ਸਾਧੂ ਨੇ ਨਵੀਂ ਪੁਸਤਕ ਦੀ ਪ੍ਰਕਾਸ਼ਨਾ ਬਾਰੇ ਸੰਖੇਪ ਜਿਹੀ ਜਾਣਕਾਰੀ ਦਿਤੀ ਅਤੇ ਫੇਰ ਉਸ ਵਿਚੋਂ ਕਵਿਤਾਵਾਂ ਪੜ੍ਹ ਕੇ ਸੁਣਾਈਆਂ। ਸ੍ਰੋਤਿਆਂ ਨੇ ਕਈਆਂ ਨਜ਼ਮਾਂ ਨੂੰ ਦੁਬਾਰਾ ਪੜ੍ਹਨ ਦੀ ਮੰਗ ਵੀ ਕੀਤੀ।

ਅੰਤ ਵਿਚ ਸੁਰਜੀਤ ਕਲਸੀ ਨੇ ਸਰੋਤਿਆਂ ਦਾ ਧੰਨਵਾਦ ਕਰਦਿਆਂ ਕਾਰਵਾਈ ਸਮਾਪਤ ਕੀਤੀ। ਇਸ ਸਾਰੇ ਸਮਾਗਮ ਦੀ ਵੀਡੀਉ ਰੀਕਾਰਡਿੰਗ ਅਮਨਪਾਲ ਸਾਰਾ ਨੇ ਅਤੇ ਸਟਿਲ ਫੋਟੋਗ੍ਰਾਫੀ ਰਵੀ ਕੈਂਥ ਨੇ ਕੀਤੀ ਜਿਸ ਲਈ ਲੇਖਕ ਮੰਚ ਉਹਨਾਂ ਦਾ ਧੰਨਵਾਦੀ ਹੈ। ਪੀ. ਏ. ਸਿਸਟਮ ਦਾ ਪ੍ਰਬੰਧ ਗੁਰਚਰਨ ਟੱਲੇਵਾਲੀਆ ਨੇ ਕੀਤਾ। ਫਿਰ ਚਾਹ ਪਾਣੀ ਦਾ ਦੌਰ ਸ਼ੁਰੂ ਹੋਇਆ ਜਿਸ ਵਿਚ ਮੰਚ ਦੀ ਕੋਆਰਡੀਨੇਟਰ ਗੁਰਮੇਲ ਦਿਉਲ ਨੇ ਸਹਾਇਤਾ ਕੀਤੀ। ਸੋਸ਼ਲ ਮਾਹੌਲ ਛੇਤੀ ਹੀ ਖ਼ੁਸ਼ੀ ਦੇ ਅਵਸਰ ਵਿਚ ਤਬਦੀਲ ਹੋ ਗਿਆ ਅਤੇ ਕਾਫੀ ਦੇਰ ਤੱਕ ਜਾਰੀ ਰਿਹਾ।

ਸਮਾਗਮ ਦਾ ਪ੍ਰਬੰਧ ਲੇਖਕ ਮੰਚ ਦੀ ਸਭਿਆਚਾਰਕ ਕਮੇਟੀ ਵਲੋਂ ਕੀਤਾ ਗਿਆ। **(ਸਭਿਆਚਾਰਕ ਕਮੇਟੀ- ਪੰਜਾਬੀ ਲੇਖਕ ਮੰਚ)**

**ਕੈਮਲੂਪਸ, 25-26 ਅਕਤੂਬਰ-** ਕੈਮਲੂਪਸ ਇਮੀਗਰੈਂਟ ਸਰਵਿਸਜ਼ ਸੁਸਾਇਟੀ ਵਲੋਂ ਪਰਿਵਾਰਕ ਹਿੰਸਾ ਬਾਰੇ ਆਯੋਜਿਤ ਇਕ ਕਾਨਫਰੰਸ ਵਿਚ ਵੈਨਕੂਵਰ ਸੱਥ ਵਲੋਂ *ਨਿੱਕੀ ਜਿਹੀ ਗੱਲ ਨਹੀਂ* (*'No Small Matter'*) ਅੰਗ੍ਰੇਜ਼ੀ ਵਿਚ ਦੋ ਦਿਨ ਖੇਡਿਆ ਗਿਆ। ਬਾਅਦ ਵਿਚ ਇਹੀ ਨਾਟਕ 2 ਨਵੰਬਰ ਨੂੰ ਸ਼ੈਰਾਟਿਨ ਲੈਂਡਮਾਰਕ, ਵੈਨਕੂਵਰ ਵਿਚ ਹੋਈ ਇਕ ਹੋਰ ਕਾਨਫਰੰਸ ਵਿਚ ਖੇਡਿਆ ਗਿਆ। ਦੋਨੋਂ ਜਗ੍ਹਾ ਡਰਾਮੇ ਦੀ ਪੇਸ਼ਕਾਰੀ ਤੋਂ ਬਾਅਦ ਹਾਜ਼ਿਰ ਲੋਕਾਂ ਨੇ ਇਸ ਡਰਾਮੇ ਨਾਲ ਅਤੇ ਪਰਿਵਾਰਕ ਹਿੰਸਾ ਦੇ ਮਸਲੇ ਬਾਰੇ ਕਈ ਤਰ੍ਹਾਂ ਦੇ ਸੁਆਲ ਪੁੱਛੇ ਜਿਨ੍ਹਾਂ ਦੇ ਜਵਾਬ ਵੈਨਕੂਵਰ ਸੱਥ ਦੇ ਮੈਂਬਰਾਂ ਨੇ ਦਿੱਤੇ। ਡਰਾਮੇ ਦੀ ਪੇਸ਼ਕਾਰੀ ਵਿਚ ਅੰਜੂ ਹੁੰਦਲ, ਅਮਨਪਾਲ ਸਾਰਾ, ਅੰਮ੍ਰਿਤ ਮਾਨ, ਬਲਿੰਦਰ ਜੌਹਲ, ਮੱਖਣ ਟੁੱਟ, ਜਗਦੀਸ਼ ਬਿਨਿੰਗ, ਸਾਧੂ ਬਿਨਿੰਗ ਅਤੇ ਸੁਖਵੰਤ ਹੁੰਦਲ ਨੇ ਭਾਗ ਲਿਆ।

ਇਸੇ ਨਾਟਕ 'ਨਿੱਕੀ ਜਿਹੀ ਗੱਲ ਨਹੀਂ' ਦੀ ਪੰਜਾਬੀ ਵਿਚ ਵੀਡੀਉ ਵੈਨਕੂਵਰ ਦੇ ਟੀ.ਵੀ. ਪ੍ਰੋਗਰਾਮ ਇੰਦਰਧਨੁੱਸ਼ ਵਿਚ 7 ਨਵੰਬਰ 1991 ਨੂੰ ਦਿਖਾਈ ਗਈ। ਇਹ ਵੀਡੀਉ ਦੇਖਣ ਤੋਂ ਬਾਅਦ ਪੰਜਾਬੀ ਕਮਿਉਨਟੀ ਵਿਚੋਂ ਬਹੁਤ ਸਾਰੇ ਲੋਕਾਂ ਵਲੋਂ ਹਾਂ ਪੱਖੀ ਟਿੱਪਣੀਆਂ ਸੱਥ ਦੇ ਕਲਾਕਾਰਾਂ ਨੂੰ ਮਿਲੀਆਂ।

ਨਵੰਬਰ 1991 ਵਿਚ ਪੈਰਿਸ ਵਿਚ ਸੱਤਰ ਮੁਲਕਾਂ ਦੀ ਕਰਾਈਮ ਪਰਿਵੈਂਸ਼ਨ ਸਬੰਧੀ ਹੋਈ ਇਕ ਅੰਤਰਰਾਸ਼ਟਰੀ ਕਾਨਫਰੰਸ ਵਿਚ ਵੈਨਕੂਵਰ ਤੋਂ ਕੈਨੇਡਾ ਦੇ ਡੈਲੀਗੇਸ਼ਨ ਦੇ ਮੈਂਬਰ ਦੇ ਤੌਰ ਤੇ ਗਏ ਪੀਪਲਜ਼ ਲਾਅ ਸਕੂਲ ਦੇ ਐਗਜ਼ੇਕਟਿਵ ਡਾਇਰੈਕਟਰ ਗਾਰਡਨ ਹਾਰਡੀ ਤੋਂ ਬ੍ਰਮਿੰਘਮ ਇੰਗਲੈਂਡ ਦੇ ਡੈਲੀਗੇਸ਼ਨ ਨਾਲ ਆਏ ਇਕ ਮੈਂਬਰ ਨੇ 'ਨਿੱਕੀ ਜਿਹੀ ਗੱਲ ਨਹੀਂ' ਦੀ ਵੀਡੀ ਉ ਲਈ ਤਾਂਕਿ ਉਹ ਇਸ ਵੀਡੀਉ ਨੂੰ ਮਾਡਲ ਵਜੋਂ ਵਰਤ ਕੇ ਬ੍ਰਮਿੰਘਮ ਦੀ ਭਾਰਤੀ ਕਮਿਉਨਟੀ ਲਈ ਇਸ ਵਿਸ਼ੇ ਬਾਰੇ ਵੀਡੀਉ ਬਣਾ ਸਕਣ। **(ਅਮਨਪਾਲ ਸਾਰਾ)**

**ਬਰਕਲੇ, 17 ਨਵੰਬਰ, 1991-** ਪੰਜਾਬੀ ਪੀਪਲਜ਼ ਕਲਚਰਲ ਐਸੋਸੀਏਸ਼ਨ, ਵਿਮੁਨ ਆਫ ਸਾਉਥ ਏਸ਼ੀਅਨ ਡਿਸੈਂਟ ਅਤੇ ਐਂਟੀ -47 ਫਰੰਟ ਵਲੋਂ ਸਾਂਝੇ ਤੌਰ ਤੇ 17 ਨਵੰਬਰ 1991 ਨੂੰ ਯੂਨੀਵਰਸਿਟੀ ਆਫ ਕੈਲੇਫੋਰਨੀਆਂ, ਬਰਕਲੇ ਵਿਖੇ ਸ਼ਾਮ ਦੇ 7 ਵਜੇ ਗਦਰ ਲਹਿਰ ਦੇ ਸ਼ਹੀਦਾਂ ਨੂੰ ਸ਼ਰਧਾਂਜਲੀ ਅਰਪਣ ਕਰਨ ਲਈ ਇਕ ਸਭਿਆਚਾਰਕ ਪ੍ਰੋਗਰਾਮ ਪੇਸ਼ ਕੀਤਾ ਗਿਆ। ਪ੍ਰੋਗਰਾਮ ਦੇ ਦੌਰਾਨ ਸੁਖਵਿੰਦਰ ਕੰਬੋਜ਼, ਵੇਦ ਵਤੁੱਕ, ਇਕਬਾਲ ਖਾਨ ਅਤੇ ਸ਼ਸ਼ੀ ਸਮੁੰਦਰਾ ਨੇ ਆਪਣੀਆਂ ਨਜ਼ਮਾਂ ਪੜ੍ਹੀਆਂ ਅਤੇ ਜੁਗਿੰਦਰ ਰੰਧਾਵਾ ਨੇ ਪੰਜਾਬ ਦੀ ਮੌਜੂਦਾ ਸਥਿਤੀ ਸਬੰਧਤ ਅਗਾਂਹਵਧੂ ਗੀਤ ਪੇਸ਼ ਕੀਤੇ। ਇਸ ਤੋਂ ਇਲਾਵਾ ਰੀਤਾ ਸਹਾਏ ਤੇ ਉਨ੍ਹਾਂ ਦੇ ਸੰਗੀਤ ਵਿਦਿਆਰਥੀਆਂ ਦੀ ਟੀਮ ਨੇ ਸ਼ਾਨਦਾਰ ਭਾਰਤੀ ਕਲਾਸੀਕਲ ਸੰਗੀਤ ਦੀਆਂ ਵੰਨਗੀਆਂ ਪੇਸ਼ ਕੀਤੀਆਂ। ਇਸ ਤੋਂ ਬਾਅਦ ਪੰਜਾਬ ਤੋਂ ਆਏ ਪ੍ਰੋਫੈਸਰ ਜਗਮੋਹਨ ਸਿੰਘ ਜੋ ਕਿ ਸ਼ਹੀਦ ਭਗਤ ਸਿੰਘ ਰੀਸਰਚ ਕਮੇਟੀ ਦੇ ਚੇਅਰਪਰਸਨ ਹਨ, ਅਤੇ ਜਮਹੂਰੀ ਅਧਿਕਾਰ, ਪੰਜਾਬ ਯੂਨਿਟ ਦੇ ਜਨਰਲ ਸਕੱਤਰ ਹਨ, ਨੇ ਪੰਜਾਬ ਵਿਚ ਮੌਜੂਦਾ ਸਮੇਂ ਦੌਰਾਨ ਵਾਪਰ ਰਹੀਆਂ ਅਣਮਨੁੱਖੀ ਅਤਿਆਚਾਰ ਦੇ ਵੱਖ ਵੱਖ ਪਹਿਲੂਆਂ ਉੱਪਰ ਵਿਸਥਾਰ ਚਾਨਣ ਪਾਇਆ। ਉਨ੍ਹਾਂ ਦੇ ਬੋਲਣ ਤੋਂ ਬਾਅਦ ਸਰੋਤਿਆਂ ਨੇ ਉਹਨਾਂ ਨੂੰ ਪੰਜਾਬ ਸਥਿਤੀ ਨਾਲ ਸਬੰਧਤ ਵੱਖ ਵੱਖ ਵਿਸ਼ਿਆਂ ਉੱਪਰ ਸੁਆਲ ਪੁੱਛੇ। 70 ਦੇ ਕਰੀਬ ਸਰੋਤਿਆਂ ਵਿਚ ਵਿਨੀਪੈੱਗ ਤੋਂ ਸ਼ਿਵਦੇਵ ਸਿੱਧੂ, ਐਡਮੰਟਨ ਤੋਂ ਜੁਗਿੰਦਰ ਰੰਧਾਵਾ, ਵੈਨਕੂਵਰ ਤੋਂ ਅਮਨਪਾਲ ਸਾਰਾ, ਟਰਾਂਟੋ ਤੋਂ ਇਕਬਾਲ ਖਾਨ ਅਤੇ ਬਲਬੀਰ ਮੋਮੀ ਹਾਜ਼ਰ ਸਨ।

ਇਸ ਤੋਂ ਪਹਿਲਾਂ ਉਸੇ ਦਿਨ ਦੁਪਹਿਰ ਨੂੰ ਗਦਰ ਮੈਮੋਰੀਅਲ ਹਾਲ ਸਾਨਫਰਾਂਸਿਸਕੋ ਵਿਖੇ ਭਾਰਤ ਦੇ ਕੌਂਸਲੇਟ ਵਲੋਂ ਗਦਰ ਲਹਿਰ ਦੇ ਸ਼ਹੀਦਾਂ ਦੀ ਯਾਦ ਤਾਜ਼ਾ ਕਰਨ ਲਈ ਇਕ ਪ੍ਰੋਗਰਾਮ ਤੇ ਉਸ ਤੋਂ ਬਾਅਦ ਲੰਚ ਦਾ ਪ੍ਰਬੰਧ ਕੀਤਾ ਗਿਆ। **(ਅਮਨਪਾਲ ਸਾਰਾ)**

**ਵੈਨਕੂਵਰ, 23 ਨਵੰਬਰ 1991 -** ਹਿੰਦੀ ਲਿਟਰੇਰੀ ਸੁਸਾਇਟੀ ਆਫ ਬੀ ਸੀ ਤੇ ਯੂ ਬੀ ਸੀ ਦੇ ਡੀਪਾਰਟਮੈਂਟ ਆਫ ਏਸ਼ੀਅਨ ਸਟੀਡੀਜ਼ ਵਲੋਂ ਸਾਹਿਤ-ਸੰਗਮ ਨਾਂ ਦਾ ਇਕ ਰੋਜ਼ਾ ਸਾਹਿਤਕ ਪ੍ਰੋਗਰਾਮ ਕੀਤਾ ਗਿਆ। ਇਸ ਵਿਚ ਭਾਰਤ ਦੀਆਂ ਵੱਖਰੀਆਂ ਵੱਖਰੀਆਂ ਬੋਲੀਆਂ ਬੋਲਣ ਵਾਲੇ ਅਤੇ ਲਿਖਣ ਵਾਲੇ ਸ਼ਾਮਲ ਹੋਏ। ਵੈਨਕੂਵਰ ਦੇ ਆਸ ਪਾਸ ਰਹਿਣ ਵਾਲੇ ਲੋਕਾਂ ਤੋਂ ਬਿਨਾਂ ਐਡਮੰਟਨ, ਕੈਲਗਰੀ ਅਤੇ ਕੈਮਲੂਪਸ ਤੋਂ ਵੀ ਸਾਹਿਤਕਾਰ ਸ਼ਾਮਲ ਹੋਏ। ਪ੍ਰੋਗਰਾਮ ਸਵੇਰ ਦੇ ਸਾਢੇ ਨੌ ਤੋਂ ਸ਼ੁਰੂ ਹੋ ਕੇ ਸ਼ਾਮ ਦੇ ਸੱਤ ਵਜੇ ਤੱਕ ਚਲਿਆ। ਪਹਿਲੇ ਦੌਰ ਵਿਚ ਕਵਿਤਾਵਾਂ ਤੇ ਵੱਖਰੀਆਂ ਬੋਲੀਆਂ ਤੇ ਸਾਹਿਤ ਬਾਰੇ ਜਾਣਕਾਰੀ ਪੇਸ਼ ਸੀ ਅਤੇ ਦੂਜੇ ਦੌਰ ਵਿਚ ਸੰਗੀਤ।

ਇਸ ਵਿਚ ਹਿੱਸਾ ਲੈਣ ਵਾਲੇ ਸਨ: ਡਾਕਟਰ ਜੀ. ਕਰਿਸ਼ਨਨ (ਤਾਮਿਲ ਤੇ ਮਲਿਆਲਮ); ਡਾਕਟਰ ਵਿਦੂਅਤ ਅਕਲੂਚਕਰ (ਮਰਾਠੀ); ਡਾਕਟਰ ਅਸ਼ੋਕ ਅਕਲੂਚਕਰ (ਸੰਸਕ੍ਰਿਤ); ਨਾਸ਼ਾਦ ਜੌਨਪੁਰੀ (ਉਰਦੂ); ਗੁਰਚਰਨ ਰਾਮਪੁਰੀ (ਪੰਜਾਬੀ); ਸ੍ਰੀ ਨਾਥ ਪ੍ਰਸਾਦ ਦ੍ਵਿਵੇਦੀ(ਹਿੰਦੀ); ਦਵਿੰਦਰ ਸ਼ਰਮਾ (ਹਿੰਦੀ) ਸਾਧੂ ਬਿਨਿੰਗ (ਪੰਜਾਬੀ); ਮਧੂ ਵਾਰਸ਼ਨੀ (ਹਿੰਦੀ) ਨਦੀਮ ਪਰਮਾਰ (ਉਰਦੂ); ਬਲਦੇਵ ਦੂਹੜੇ (ਪੰਜਾਬੀ); ਅਜਮੇਰ ਰੋਡੇ (ਪੰਜਾਬੀ); ਤੀਰਥਾਂਕਰ ਬੋਸ (ਬੰਗਾਲੀ); ਕਾਰਲਾ ਪੇਟਿਆਵਿਚ (ਉਰਦੂ); ਸੁਰਜੀਤ ਕਲਸੀ (ਪੰਜਾਬੀ); ਅਨਿਨ ਭੱਟਾ ਚਾਰੀਆ (ਬੰਗਾਲੀ); ਮਹੁੰਮਦ ਅਮੀਨ (ਬੰਗਾਲੀ - ਬੰਗਲਾਦੇਸ਼); ਡਾਕਟਰ ਮੁਥਾਨਾ (ਅੰਗਰੇਜ਼ੀ); ਹਰਕਿਰਪਾਲ ਸਾਰਾ (ਪੰਜਾਬੀ); ਮਿਸਟਰ ਗਗੋਈ (ਆਸਾਮੀ); ਬੀ ਕੇ ਦੱਤ (ਹਿੰਦੀ)

ਸ੍ਰੀ ਰਾਮਪੁਰੀ ਜੀ ਨੇ ਸਕੱਤਰ ਦੀ ਜ਼ਿੰਮੇਵਾਰੀ ਬੜੀ ਭਾਵਪੂਰਤ ਨਿਭਾਈ। ਸਾਰੇ ਪ੍ਰੋਗਰਾਮ ਦਾ ਪ੍ਰਬੰਧ ਸ੍ਰੀ ਬੀ ਕੇ ਦੱਤ ਨੇ ਕੀਤਾ ਸੀ ਤੇ ਦੁਪਹਿਰ ਦੇ ਖਾਣੇ ਦੀ ਸੇਵਾ ਮਿਸਿਜ਼ ਦੱਤ ਨੇ ਕੀਤੀ। **(ਸਾਧੂ)**

**ਵੈਨਕੂਵਰ, 1 ਦਸੰਬਰ, 1991:** ਪੰਜਾਬੀ ਲੇਖਕ ਮੰਚ ਵੈਨਕੂਵਰ ਦੀ ਸਾਲ 91 ਦੀ ਆਖਰੀ ਮੀਟਿੰਗ ਹੋਈ। ਮੰਚ ਵਲੋਂ ਸੰਨ 91 ਵਿਚ ਮੰਚ ਦੀਆਂ ਕਾਰਵਾਈਆਂ ਨੂੰ ਸੁਚੱਜਤਾ ਨਾਲ ਨਿਭਾਉਣ ਲਈ ਸਾਲ 91 ਵਿਚ ਰਹਿ ਚੁੱਕੇ ਕੋਆਰਡੀਨੇਟਰਾਂ ਸੁਰਜੀਤ ਕਲਸੀ ਅਤੇ ਗੁਰਮੇਲ ਦਿਉ ਹੁਰਾਂ ਦਾ ਧੰਨਵਾਦ ਕੀਤਾ ਗਿਆ। ਅਗਲੇ ਸਾਲ ਲਈ ਮੰਚ ਦੇ ਕੋਆਰਡੀਨੇਟਰਾਂ ਦੇ ਤੌਰ ਤੇ ਮੰਗਾ ਬਾਸੀ, ਦਰਸ਼ਨ ਗਿੱਲ ਅਤੇ ਸਾਧੂ ਦੀ ਚੋਣ ਕੀਤੀ ਗਈ। ਚੋਣ ਤੋਂ ਬਿਨਾਂ ਮੰਚ ਦੇ ਮੈਂਬਰਾਂ ਵਲੋਂ ਆਪਣੀਆਂ ਰਚਨਾਵਾਂ ਪੜ੍ਹਕੇ ਸੁਣਾਈਆਂ ਗਈਆਂ। ਮੀਟਿੰਗ ਤੋਂ ਬਾਅਦ 'ਪਾਟਲੱਕ' ਡਿਨਰ ਦਾ ਪ੍ਰਬੰਧ ਕੀਤਾ ਗਿਆ ਜਿਸ ਵਿਚ ਮੰਚ ਦੇ ਮੈਂਬਰਾਂ ਤੋਂ ਬਿਨਾਂ ਉਹਨਾਂ ਦੇ ਪਰਿਵਾਰਾਂ ਦੇ ਮੈਂਬਰ ਵੀ ਸ਼ਾਮਲ ਹੋਏ। **(ਸੁਖਵੰਤ ਹੁੰਦਲ)**


**ANKUR**

Subscibe to **Ankur**

***Ankur*** *is a quarterly magazine* about art, literature, culture, social and political issues of concern to the Indo-Canadain Community. Annual subscription : **$12.00**

**Ankur**, P.O.Box 67681, Stn 'O' Vancouver, B.C. V5W 3V2

# ANKUR



# ਵਤਨ

ਵਤਨ

ਆਪ ਪੜ੍ਹੋ ਅਤੇ ਦੂਜਿਆਂ ਨੂੰ ਪੜ੍ਹਾਓ।

*ਵਤਨ ਪੰਜਾਬੀ ਬੋਲੀ, ਸਾਹਿਤ ਅਤੇ ਸਭਿਆਚਾਰ ਨੂੰ ਗੰਭੀਰਤਾ ਨਾਲ ਪੇਸ਼ ਕਰਦਾ ਹੈ।

* ਵਤਨ ਦੀ ਪ੍ਰਫੁਲਤਾ ਕੈਨੇਡਾ ਵਿਚ ਪੰਜਾਬੀ ਬੋਲੀ, ਸਾਹਿਤ ਅਤੇ ਸਭਿਆਚਾਰ ਦੀ ਪ੍ਰਫੁਲਤਾ ਹੈ।

*ਅੱਜ ਹੀ ਵਤਨ ਦੇ ਆਪ ਪਾਠਕ ਬਣੋ ਅਤੇ ਆਪਣੇ ਦੋਸਤਾਂ ਮਿੱਤਰਾਂ ਨੂੰ ਇਸਦੇ ਪਾਠਕ ਬਣਾਓ।



ਪੰਜਾਬੀ ਆਰਟਿਸਟ ਐਸੋਸੀਏਸ਼ਨ ਰਿਚਮੰਡ ਦੀ ਬੱਚਿਆਂ ਦੀ ਟੀਮ ਦੇ ਕਲਾਕਾਰ: (ਖੱਬਿਓਂ ਸੱਜੇ) ਰਵੀ ਬਿਨਿੰਗ, ਲਕੀ ਸਹੋਤਾ, ਦੀਪਕ ਬਿਨਿੰਗ ਤੇ ਰਾਜਨ ਸਹੋਤਾ। ਇਸ ਟੀਮ ਨੇ ਪਿਛਲੇ ਕੁਝ ਸਾਲਾਂ ਦੌਰਾਨ ਅਨੇਕਾਂ ਪ੍ਰੋਗਰਾਮ ਪੇਸ਼ ਕਰਕੇ ਆਪਣੇ ਸਭਿਆਚਾਰ ਦੀ ਪੇਸ਼ਕਾਰੀ ਕੀਤੀ ਹੈ ਅਤੇ ਕੈਨੇਡੀਅਨ ਕਮਿਊਨਿਟੀ ਵਿਚ ਸਾਡਾ ਮਾਣ ਵਧਾਇਆ ਹੈ।

To


WATAN
P.O. Box 67681
Stn. 'O'
Vancouver, B.C.
V5W 3V2

S.10 Vol. 3 No. 2
Fall, 1991
Oct./Nov./Dec.

2nd Class Mail
Reg. No. 8753


Watan (The Country) is a literary and cultural quarterly of Punjabi - the mother tongue of East Punjab (India) and West Punjab(Pakistan) - published by Watan publications. Watan covers wide range of issues through creative and academic writings. These include art, literature, culture, theatre, social and political issues mainly of concern to the Indo-Canadian Community. The contributors include well-known Punjabi writers throughout the world.

ਵਤਨ

ਤਿੰਨ ਡਾਲਰ